# ਵਰਿਆਮ

ਪੱਚੀਵਾਂ ਸਾਲ　　　　ਸਤੰਬਰ ੨੦੦੦



"ਸੱਚੇ ਦਿਲ ਨਾਲ ਕਿਸੇ ਦਾ ਆਦਰ ਕੀਤਿਆਂ, ਕਦੇ ਵੀ ਅਨਾਦਰ ਨਹੀਂ ਹੋ ਸਕਦਾ। ਆਦਰ ਹੀ ਆਦਰ ਦੀ ਮਾਂ ਹੈ। ਆਦਰ ਕਰੋ ਤੇ ਆਦਰ ਲਓ।"

—ਸਤਿਗੁਰੂ ਪ੍ਰਤਾਪ ਸਿੰਘ ਜੀ

Sri Satguru Jagjit Singh Ji eLibrary　　NamdhariElibrary@gmail.com

https://archive.org/details/namdhari

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

# AMARJIT MOTOR GARAGE

G.T. Road, Opp. Jalandhar Octroi Post,
PHAGWARA

Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

**ਸਤੰਬਰ ੨੦੦੦**

**ਜਿਲਦ-੨੫**

**ਅੰਕ ੧੧**

**ਸੰਪਾਦਕ**

**ਜਗਦੀਸ਼ ਸਿੰਘ 'ਵਰਿਆਮ'**



ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
ਸਾਹਮਣੇ ਸੈਂਟਰਲ ਟਾਊਨ
ਜਲੰਧਰ- ੧੪੪੦੦੧

Office Address :
Monthly WARIAM
(Punjabi)
Ladowali Road.
Opp. Central Town,
Jalandhar-144001

ਫੋਨ-ਦਫਤਰ : ੨੨੨੫੪੩
ਘਰ : ੫੬੨੮੯

Ph.: 222543 (O)
56289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |

ਵਿਦੇਸ਼ ਹਵਾਈ ਡਾਕ (ਇਕ ਸਾਲ) ੨੦ ਪੌਂਡ, ੩੦ ਡਾਲਰ

ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਜਗਦੀਸ਼ ਸਿੰਘ ਵਰਿਆਮ ਦੀ ਅਚਾਨਕ ਇੰਗਲੈਂਡ ਯਾਤਰਾ

ਬੀਤੀ 26 ਜੁਲਾਈ ਨੂੰ ਸੰਤ ਗੁਰਚੈਨ ਸਿੰਘ ਜੀ ਫਲੋਰਾ ਨੈਰੋਬੀ ਨਿਵਾਸੀ (ਸ. ਜਗਦੀਸ਼ ਸਿੰਘ ਵਰਿਆਮ ਜੀ ਦੇ ਕੁੜਮ ਸਾਹਿਬ), ਜੋ ਕਿ ਆਪਣੇ ਪਰਿਵਾਰ ਨੂੰ ਇੰਗਲੈਂਡ ਤੋਂ ਮਿਲ ਕੇ ਜਰਮਨ ਸੈਰ-ਸਪਾਟੇ ਲਈ ਗਏ ਹੋਏ ਸਨ, ਅਚਾਨਕ ਬਿਮਾਰ ਹੋਣ ਕਾਰਨ ਉਥੇ ਹੀ ਸਵਰਗਵਾਸ ਹੋ ਗਏ।

ਸੰਪਾਦਕ ਵਰਿਆਮ ਨੇ ਉਨ੍ਹਾਂ ਦੀ ਦੁਖਦਾਈ ਖ਼ਬਰ ਸੁਣਦਿਆਂ ਹੀ ਇੰਗਲੈਂਡ ਦਾ ਵੀਜ਼ਾ ਪ੍ਰਾਪਤ ਕਰਕੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕੀਤੀ, ਪਰ ਵੀਜ਼ਾ ਨਾ ਮਿਲਿਆ। ਫਿਰ ਵੀ ਕੋਸ਼ਿਸ਼ ਜਾਰੀ ਰੱਖ ਕੇ ਵੀਜ਼ਾ ਲੁਆ ਲਿਆ ਤੇ ਅੰਤਿਮ ਅਰਦਾਸ (੮ ਅਗਸਤ ੨੦੦੦ ਨੂੰ) ਵਿਚ ਜ਼ਰੂਰ ਸ਼ਾਮਲ ਹੋ ਗਏ। ਇਸੇ ਸੰਬੰਧ ਵਿਚ ਅੱਜ ਕਲ੍ਹ ਉਹ ਇੰਗਲੈਂਡ ਗਏ ਹੋਏ ਹਨ।

## ਤਤਕਰਾ


ਸੰਪਾਦਕੀ- *ਜਗਦੀਸ਼ ਸਿੰਘ* ---------- ੨
ਡਿੱਠਾ ਕੋਈ ਨਾ ਗੁਰੂ ਪ੍ਰਤਾਪ ਵਰਗਾ- *ਸੱਜਣ ਸਿੰਘ ਹੁੰਝਣ* ---------- ੫
ਲਖ ਸੀਗਾਰ ਬਣਾਇਆ- *ਤਾਰਾ ਸਿੰਘ ਅਨਜਾਣ* ---------- ੬
ਜਨਮ, ਮਰਨ ਅਤੇ ਜੀਵਣ ਮੁਕਤਿ- *ਗੁਰਬਚਨ ਸਿੰਘ ਨਾਮਧਾਰੀ* - ੮
ਗ਼ਦਰ ਪਾਰਟੀ ਤੇ ਕੂਕਾ ਲਹਿਰ- *ਭਗਤ ਸਿੰਘ ਬਿਲਗਾ* ---------- ੧੧
ਬਚਿਤ੍ਰ ਨਾਟਕ-ਇਕ ਅਪੂਰਵ ਕ੍ਰਿਤੀ - *ਬੇਅੰਤ ਕੌਰ* ---------- ੧੨
ਮਯਾਂਮਾਰ (ਬਰ੍ਹਮਾ) ਦੀ ਯਾਤਰਾ ਅਤੇ ਇਤਿਹਾਸਕ ਖੋਜ
*ਤਾਰਾ ਸਿੰਘ ਅਨਜਾਣ* ---------- ੧੭
ਦੋ ਕਵਿਤਾਵਾਂ- *ਡਾ. ਨਰੇਸ਼, ਅਜੈਬ ਸਿੰਘ* ---------- ੨੫
ਦੋ ਗ਼ਜ਼ਲਾਂ- *ਮਹਾਂਵੀਰ ਸਿੰਘ ਦਰਦੀ* ---------- ੨੬
ਅੱਜ ਦੇ ਲੋਕ (ਕਵਿਤਾ)- *ਨੀਲਮ ਸੰਜੀਵ* ---------- ੨੬
ਸੁੱਖ ਦੀ ਘੜੀ (ਕਹਾਣੀ)- *ਮਾ. ਬਲਦੇਵ ਸਿੰਘ ਢੀਂਡਸਾ* ---------- ੨੭
ਜੁੱਗ ਪਲਟਾਊ ਸ਼ਬਦ 'ਸਿੰਘ ਅਤੇ 'ਕੌਰ'- *ਡਾ. ਨਿਰਮਲ ਸਿੰਘ* - ੩੪
ਵਿਚਾਰੇ ਮੱਛਰ (ਵਿਅੰਗ)- *ਲਖਵਿੰਦਰ ਬਾਜਵਾ* ---------- ੩੭
ਪ੍ਰਤੀਕਿਰਿਆ ---------- ੪੫




Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਸਤਿਗੁਰੂ ਪ੍ਰਤਾਪ ਸਿੰਘ ਜੀ

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਧਿਆਨ ਆਉਂਦਿਆਂ ਹੀ ਇਕ ਐਸੀ ਦੈਵੀ ਸ਼ਖ਼ਸੀਅਤ ਮੂਰਤੀਮਾਨ ਹੁੰਦੀ ਹੈ, ਜੋ ਵੱਖ-ਵੱਖ ਵਿਰੋਧੀ ਫਿਰਕਿਆਂ, ਧਰਮਾਂ, ਪਾਰਟੀਆਂ ਅਤੇ ਜਥੇਬੰਦੀਆਂ ਦੇ ਮਿਲਾਪ ਕਰਾਉਣ, ਤ੍ਰੇੜਾਂ ਮੇਟਣ ਵਿਚ ਮੋਹਰੀ ਹੋਏ, ਜੋ ਈਰਖਾ ਅਤੇ ਨਫ਼ਰਤ ਦੀ ਅੱਗ ਨੂੰ ਪ੍ਰੇਮ ਪਿਆਰ ਨਾਲ ਠੰਡੀ ਕਰਦੀ ਹੋਵੇ। ਇਹ ਮਹਾਨ ਸ਼ਖ਼ਸੀਅਤ ਇਨ੍ਹਾਂ ਪਰਸਪਰ ਵਿਰੋਧੀ ਸ਼ਕਤੀਆਂ ਦੇ ਮਿਲਣ ਲਈ ਕੇਂਦਰੀ ਬਿੰਦੂ ਬਣੀ ਰਹੀ। ਸਿੱਖ-ਸਿੱਖ ਦਾ ਪਾੜਾ ਮੇਟਣ, ਹਿੰਦੂ ਸਿੱਖ ਦੀ ਵਿੱਥ ਘਟਾਉਣ, ਹਿੰਦੂ, ਸਿੱਖ, ਮੁਸਲਮਾਨ ਨੂੰ ਇਕ ਸਟੇਜ 'ਤੇ ਬਿਠਾਉਣ। ਕਾਂਗਰਸ, ਜਨਸੰਘ, ਅਕਾਲੀ ਅਤੇ ਕਮਿਊਨਿਸਟ ਪਾਰਟੀਆਂ ਨੂੰ ਇਕ ਦੇਸ਼ ਭਗਤੀ ਦੇ ਧਾਗੇ ਵਿਚ ਪਰੋਣ ਵਿਚ ਸਫਲ ਹੋਈ ਹੋਵੇ।

ਕਹਿਣ ਨੂੰ ਤਾਂ ਆਪ ਨਾਮਧਾਰੀਆਂ ਦੇ ਸਤਿਗੁਰੂ ਸਨ ਪਰ ਆਪ ਦੇ ਕਾਰਜ ਕਰਮ ਦਾ ਪਸਾਰ ਅਨੇਕਾਂ ਦਿਸ਼ਾਂ ਵੱਲ ਸੀ ਅਤੇ ਆਪ ਦੇ ਅਮਲੀ ਕਦਮਾਂ ਸਦਕਾ ਕੁਲ ਲੋਕਾਈ ਨੂੰ ਲਾਭ ਪੁੱਜਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ ਗੁਲਾਮੀ ਦੀ ਕਾਲੀ ਰਾਤ ਵਿਚ ਬੰਦੀ ਖਾਨੇ ਜਿਹੀ ਹਾਲਤ ਵਿਚ ਹੋਇਆ, ਪਰ ਉਨ੍ਹਾਂ ਦੀ ਅਗਵਾਈ ਵਿਚ ਆਜ਼ਾਦੀ ਦਾ ਸੂਰਜ ਵੀ ਉਦੇ ਹੋਇਆ। ਕੇਵਲ ਆਪਣਾ ਘਰ ਹੀ ਆਜ਼ਾਦ ਨਹੀਂ ਹੋਇਆ। ਸਗੋਂ ਸਮੁੱਚਾ ਦੇਸ਼ ਸਦੀਆਂ ਦੀ ਗੁਲਾਮੀ ਤੋਂ ਮੁਕਤ ਹੋਇਆ। ਜੇ ਇਹ ਕਿਹਾ ਜਾਵੇ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਆਸੀ, ਸਮਾਜੀ, ਆਰਥਕ ਅਤੇ ਹੋਰ ਹਰ ਪ੍ਰਕਾਰ ਦੀ ਗ਼ੁਲਾਮੀ ਤੋਂ ਮੁਕਤੀ ਦਵਾਈ ਤਾਂ ਇਹ ਅਤਿ ਕਥਨੀ ਨਹੀਂ ਹੋਵੇਗੀ। ਆਪਣੇ ੭੦ ਸਾਲ ਦੇ ਜੀਵਨ ਕਾਲ ਵਿਚ ਉਨ੍ਹਾਂ ਸਮਾਜ ਵਿਚ ਇਨਕਲਾਬੀ ਤਬੀਦੀਲੀ ਲਿਆ ਦਿੱਤੀ।

ਸੰਨ ੧੮੯੦ ਨੂੰ ਜਦੋਂ ਉਨ੍ਹਾਂ ਦਾ ਜਨਮ ਹੋਇਆ ਤਾਂ ਜ਼ਿਲ੍ਹਾ ਲੁਧਿਆਣਾ ਵਿਚ ਭੈਣੀ ਸਾਹਿਬ ਵਿਚ ਉਨ੍ਹਾਂ ਦਾ ਘਰ (ਗੁਰਦੁਆਰਾ) ਇਕ ਜੇਲ੍ਹ ਵਰਗੀ ਹਾਲਤ ਵਿਚ ਸੀ। ਅਜੇ ੧੮ ਸਾਲ ਪਹਿਲਾਂ ਤਾਂ ਇਸ ਪਿੰਡ ਵਿਚ ਕਹਿਰ ਝੁਲਿਆ ਸੀ। ਆਪ ਦੇ ਤਾਇਆ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ ਸੀ। ਮਾਲੇਰਕੋਟਲਾ ਵਿਚ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ। ਭੈਣੀ ਸਾਹਿਬ ਦੇ ਗੁਰਦੁਆਰੇ ਦੇ ਬੂਹੇ ਅੱਗੇ ਨਿਰਦਈ ਪੁਲਿਸ ਦੀ ਵਿਸ਼ੇਸ਼ ਚੌਂਕੀ ਨਾਮਧਾਰੀਆਂ ਨੂੰ ਤੰਗ ਕਰਨ ਵਾਸਤੇ ਸਥਾਪਤ ਕੀਤੀ ਗਈ ਸੀ। ਅੰਗਰੇਜ਼ ਸਰਕਾਰ ਨੇ ਕੂਕਾ ਅੰਦੋਲਨ ਦਾ ਤਲਾ ਮੂਲ ਪੁੱਟਣ ਵਾਸਤੇ ਕੁਲ ਕੂਕਾ ਪੰਥ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਇਨ੍ਹਾਂ ਦੇ ਮਿਲਣ ਜੁਲਣ, ਪਾਠ ਪੂਜਾ ਕੀਰਤਨ ਮੇਲੇ ਕਰਨ 'ਤੇ ਪਾਬੰਦੀ ਲਾ ਦਿੱਤੀ ਸੀ। ਜਲਾਵਤਨੀਆਂ, ਕੈਦਾਂ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦਾ ਦੌਰ ਦੌਰਾ ਸੀ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਵਾਸਤੇ ਬਹੁਤ ਮੁਸ਼ਕਲ ਨਾਲ ਹੀ ਆਗਿਆ ਮਿਲਦੀ ਸੀ। ਸਰਕਾਰੀ ਸੂਹੀਆ ਤੇ ਬਾਕਾਇਦਾ ਪੁਲਿਸ ਹਰਲ-ਹਰਲ ਕਰਦੀ ਫਿਰਦੀ ਸੀ। ਉਸ ਵੇਲੇ ਸਤਿਗੁਰੂ ਰਾਮ ਸਿੰਘ ਦੇ ਛੋਟੇ ਵੀਰ ਅਤੇ ਉਤਰਾਧਿਕਾਰੀ ਗੁਰੂ ਹਰੀ ਸਿੰਘ ਤੇ ਹੋਰ ਮਹਾਂਪੁਰਖਾਂ ਨੇ ਵਰ ਦੇ ਕੇ ਕਿਹਾ ਕਿ ਇਹ ਬੰਦ ਖਲਾਸ ਕਰਾਉਣ ਵਾਲਾ ਵੱਡੇ ਪ੍ਰਤਾਪ ਵਾਲਾ ਹੋਵੇਗਾ—ਪ੍ਰਤਾਪ ਸਿੰਘ।

ਆਪ ਦੀ ਜਨਮਦਾਤੀ ਮਾਤਾ ਜੀਉਣ ਕੌਰ ਵਿਸ਼ਾਲ ਹਿਰਦੇ ਵਾਲੀ, ਉਧਾਰ ਮਹਾਦਾਨੀ ਹੋਣ ਕਰ ਕੇ ਜਗਤ ਮਾਤਾ ਕਰਕੇ ਪ੍ਰਸਿੱਧ ਹੋਈ। ਸੋਲਾਂ ਸਾਲ ਦੀ ਉਮਰ ਵਿਚ ਹੀ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੋਢਿਆਂ ਉੱਤੇ ਨਾਮਧਾਰੀ ਪੰਥ ਦੀ ਜ਼ਿੰਮੇਵਾਰੀ ਦਾ ਭਾਰ ਪਿਆ ਤਾਂ ਉਸ ਵੇਲੇ ਤੱਕ ਆਪ ਨਾਮ ਬਾਣੀ ਦੇ ਨਿਪੁੰਨ ਅਭਿਆਸੀ, ਚੰਗੇ ਰਿਸ਼ਟ-ਪੁਸ਼ਟ, ਸਰੂ ਵਰਗੇ ਕੱਦ ਅਤੇ ਖੁੱਲ੍ਹੇ ਡੁੱਲ੍ਹੇ ਸਰੀਰ ਵਾਲੇ, ਘੋੜ ਸਵਾਰੀ, ਤੈਰਾਕੀ ਅਤੇ ਕੁਸ਼ਤੀ ਦੇ ਮਾਹਰ, ਪੰਜਾਬੀ ਹਿੰਦੀ ਦੇ ਵਿਦਵਾਨ, ਸਿੱਖ ਇਤਿਹਾਸ ਦੇ ਜਾਣਕਾਰ, ਗੁਰਬਾਣੀ ਦੇ ਅਖੰਡ ਪਾਠੀ, ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੇ ਪਰਵੀਨ ਕਲਾਕਾਰ ਬਣ ਚੁੱਕੇ ਸਨ ਅਤੇ ਅੰਗਰੇਜ਼ੀ ਸਰਕਾਰ ਵਲੋਂ ਲਾਈਆਂ ਪਾਬੰਦੀਆਂ ਵੀ ਕੁਝ ਨਰਮ ਹੋ ਗਈਆਂ ਸਨ। ਬਾਅਦ ਵਿਚ ਪੁਲਿਸ ਦੀ ਵਿਸ਼ੇਸ਼ ਚੌਂਕੀ ਵੀ ਸਰਕਾਰ ਨੂੰ ਚੁਕਣੀ ਪਈ, ਪਰ ਪੰਜਾਹ ਸਾਲ ਤੱਕ ਇਹ ਚੌਂਕੀ ਕਾਇਮ ਰਹੀ ਸੀ। ਆਜ਼ਾਦੀ ਦੇ ਇਤਿਹਾਸ ਵਿਚ ਨਾਮਧਾਰੀਆਂ ਦੇ ਯੋਗਦਾਨ ਦੀ ਪੱਕੀ ਗਵਾਹੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੫੩ ਸਾਲ ਨਾਮਧਾਰੀ ਪੰਥ ਜਿਹੀ ਇਨਕਲਾਬੀ ਜਮਾਤ



Sri Satguru Jagjit Singh Ji eLibrary NamdhariElibrary@gmail.com

ਦੀ ਅਗਵਾਈ ਕੀਤੀ। ਮੁਢ ਤੋਂ ਉਸਾਰੀ ਕਰਕੇ ਨਾਮਧਾਰੀ ਪੰਥ ਨੂੰ ਇਕ ਸਜੀਵ ਸ਼ਕਤੀ ਵਜੋਂ ਮੁੜ ਕਾਇਮ ਕੀਤਾ। ਇਸ ਨੂੰ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਪੱਖ ਤੋਂ ਵਿਕਸਤ ਕਰ ਕੇ ਇਕ ਨਮੂਨੇ ਦਾ ਸਚਿਆਰਾ ਸਮਾਜ ਬਣਾਇਆ। ਇਸ ਸਮਾਜ ਰਾਹੀਂ ਦੇਸ਼ ਦੀ ਆਜ਼ਾਦੀ ਅਤੇ ਮੁੜ ਉਸਾਰੀ ਵਿਚ ਫ਼ਖਰਯੋਗ ਹਿੱਸਾ ਪਾਇਆ।

ਇਕ ਧਾਰਮਿਕ ਆਗੂ ਹੁੰਦਿਆਂ ਹੋਇਆਂ ਆਪ ਨੇ ਆਪਣੇ ਸਿੱਖਾਂ ਵਿਚ ਕਰੜੀ ਰਹਿਤ ਮਰਿਆਦਾ ਅਤੇ ਅਨੁਸ਼ਾਸਨ ਚਾਲੂ ਕੀਤਾ। ਨਾਮ ਸਿਮਰਨ ਦੀਆਂ ਵਰਨੀਆਂ ਅਤੇ ਹਵਨ ਯੱਗ ਅਤੇ ਧਾਰਮਿਕ ਪ੍ਰਯੋਗ ਦਾ ਪ੍ਰਵਾਹ ਚਲਾਇਆ। ਲੱਖਾਂ ਦੀ ਤਾਦਾਦ ਵਿਚ ਆਦਿ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਦੇ ਪਾਠ ਕਰਵਾਏ। ਲੱਖਾਂ ਲੋਕਾਂ ਨੂੰ ਮਾਸ ਖਾਣ ਅਤੇ ਸ਼ਰਾਬ ਪੀਣ ਤੋਂ ਛੁਟਕਾਰਾ ਦਿਵਾਇਆ ਅਤੇ ਉੱਚੇ ਸੁੱਚੇ ਚਰਿੱਤਰ ਦੇ ਧਾਰਨੀ ਬਣਾਇਆ। ਪਰ ਆਪ ਦਾ ਯੋਗਦਾਨ ਹੋਰ ਖੇਤਰਾਂ ਵਿਚ ਵੀ ਉੱਘਾ ਹੈ।

ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਦਿਆਂ ਹੀ ਆਪ ਨੇ ਮਹਿਸੂਸ ਕੀਤਾ ਕਿ ਵਿਆਹ ਸ਼ਾਦੀਆਂ ਦੀਆਂ ਰਸਮਾਂ ਅਤੇ ਵਿਖਾਵੇ ਸਮਾਜ ਦੀਆਂ ਬਹੁਤ ਸਾਰੀਆਂ ਕੁਰੀਤੀਆਂ ਅਤੇ ਪਾਪਾਂ ਦੀ ਜੜ੍ਹ ਹਨ। ਇਸ ਵਾਸਤੇ ਆਪ ਨੇ ਸਫਲਤਾ ਪੂਰਬਕ ਇਸ ਵਰਤਾਰੇ ਵਿਰੁੱਧ ਮੁਹਿੰਮ ਚਲਾਈ, ਵਿਆਹਾਂ ਨੂੰ ਘਰੀਂ ਕਰਨ, ਬਰਾਤਾਂ ਲਿਜਾਣ, ਦਾਜ ਲੈਣ ਦੇਣ 'ਤੇ ਸਖਤ ਪਾਬੰਦੀ ਲਾਈ ਅਤੇ ਆਨੰਦ ਕਾਰਜ ਮੇਲਿਆਂ ਵਿਚ ਸਮੂਹਿਕ ਅਤੇ ਅਤਿ ਸਾਦੇ ਰੂਪ ਵਿਚ ਕਰਨ ਦੇ ਹੁਕਮ ਦਿੱਤੇ।

ਇਸ ਤਰ੍ਹਾਂ ਉਨ੍ਹਾਂ ਸਤਿਗੁਰੂ ਰਾਮ ਸਿੰਘ ਵਲੋਂ ਚਲਾਈ ਰਸਮ ਨੂੰ ਅਮਲੀ ਜਾਮਾ ਪਹਿਨਾਕੇ ਇਨਕਲਾਬੀ ਕਾਰਜ ਕੀਤਾ। ਇਥੇ ਹੀ ਬੱਸ ਨਹੀਂ, ਆਪ ਜੀ ਦੀ ਗਵਾਹੀ ਸਦਕਾ ਆਨੰਦ ਕਾਰਜ ਐਕਟ ਵਾਇਸਰਾਏ ਦੀ ਕੌਂਸਲ ਵਿਚੋਂ ਪਾਸ ਹੋਇਆ।

ਸੰਗੀਤ ਵਿਚ ਆਪ ਭਾਰਤ ਦੀ ਪੁਰਾਣੀ ਧਰੁਪਦ ਧਮਾਰ ਸ਼ੈਲੀ ਦੇ ਗਿਆਤਾ ਅਤੇ ਪ੍ਰਸੰਸਕ ਸਨ। ਗੁਰਮਤਿ ਸੰਗੀਤ ਵਿਚ ਰਬਾਬੀ ਪ੍ਰੰਪਰਾ ਨੂੰ ਸੁਰੱਖਿਅਤ ਵੀ ਕੀਤਾ ਅਤੇ ਪ੍ਰਫੁਲਤ ਵੀ। ਆਪ ਜੀ ਦੀ ਹਾਜ਼ਰੀ ਭਰਨ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਾਕਤ ਅਲੀ ਸਲਾਮਤ ਅਲੀ ਵਰਗੇ ਕਲਾਕਾਰ ਬਚਪਨ ਤੋਂ ਆਉਂਦੇ ਰਹੇ ਅਤੇ ਅੱਜ ਵੀ ਦੇਸ਼ ਦੇ ਚੋਟੀ ਦੇ ਕਲਾਕਾਰ ਆਪ ਨੂੰ ਅਕੀਦਤ ਪੇਸ਼ ਕਰਦੇ ਹਨ। ਆਪ ਨੇ ਗੁਰਮਤਿ ਸੰਗੀਤ ਦੀਆਂ ਕਾਨਫਰੰਸਾਂ ਕਰ ਕੇ ਰਾਗੀਆਂ ਨੂੰ ਭਰਵੇਂ ਇਨਾਮ ਦਿੱਤੇ।

ਗਊ ਰੱਖਿਆ ਅਤੇ ਗਊ ਪਾਲਣ ਨੂੰ ਆਪ ਕਿਰਸਾਨੀ ਪ੍ਰਧਾਨ ਦੇਸ਼ ਦੀ ਰੀੜ੍ਹ ਦੀ ਹੱਡੀ ਮੰਨਦੇ ਸਨ। ਆਪ ਵਲੋਂ ਸਥਾਪਤ ਗੁਰੂ ਹਰੀ ਸਿੰਘ ਫ਼ਾਰਮ ਦੀਆਂ ਗਊਆਂ ਦੁੱਧ ਘਿਓ ਦੇ ਉਤਪਾਦਨ ਵਿਚ ਭਾਰਤ ਭਰ 'ਚੋਂ ਪ੍ਰਥਮ ਆਉਂਦੀਆਂ ਰਹੀਆਂ। ਹਰਿਆਣਾ ਅਤੇ ਸਾਹੀਵਾਲ ਨਸਲ ਨੂੰ ਆਪ ਨੇ ਵਿਸ਼ੇਸ਼ ਤੌਰ 'ਤੇ ਪ੍ਰਫੁੱਲਤ ਕੀਤਾ। ਚੰਗੀ ਨਸਲ ਦੇ ਸਾਹਨ, ਚੰਗੀ ਨਸਲ ਦੇ ਘੋੜੇ ਵੀ ਆਪਣੇ ਫਾਰਮ ਵਿਚ ਤਿਆਰ ਕੀਤੇ। ਇਹ ਘੋੜੇ ਸਰਬ ਭਾਰਤੀ ਰੇਸਾਂ, ਅਨੇਕਾਂ ਪਸ਼ੂ ਪ੍ਰਦਰਸ਼ਨੀਆਂ ਵਿਚ ਇਨਾਮ ਜਿੱਤਦੇ ਰਹੇ। ਇਸ ਤਰ੍ਹਾਂ ਗਊ ਰੱਖਿਆ ਅਤੇ ਪਸ਼ੂ ਪਾਲਣ ਕੇਵਲ ਨਾਅਰਿਆਂ ਰਾਹੀਂ ਨਹੀਂ, ਸਗੋਂ ਅਮਲੀ ਕਰਮਾਂ ਰਾਹੀਂ ਕੀਤਾ।

ਕਿਰਸਾਨੀ ਵਿਚ ਉਨ੍ਹਾਂ ਦੀ ਦਿਲਚਸਪੀ ਬਹੁਤ ਸੀ। ਉਹ ਗਰੀਬ ਨਿਵਾਜ ਵੀ ਮਿਸਾਲੀ ਸਨ। ਮਹਾਰਾਜਾ ਨਾਭਾ ਹੀਰਾ ਸਿੰਘ ਦੇ ਘਰ ਟਿੱਕਾ ਰਿਪੁਦਮਨ ਸਿੰਘ ਦਾ ਜਨਮ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਹੋਇਆ ਸੀ। ਇਸ ਕਰਕੇ ਮਹਾਰਾਜਾ ਨੇ ਇਕ ਤਕੜੀ ਬੀੜ ਮਠਾਰੜੂ ਇਕ ਰੋਇਲਜ਼ ਰਾਇਸ ਕਾਰ ਅਤੇ ਨਕਦੀ ਸਤਿਗੁਰੂ ਜੀ ਨੂੰ ਭੇਟ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਜ਼ਮੀਨ ਵਿਚੋਂ ਲੋੜਵੰਦ ਗਰੀਬ ਸਿੱਖਾਂ ਨੂੰ ਮੁਫਤ ਜ਼ਮੀਨ ਦੇ ਕੇ ਉਨ੍ਹਾਂ ਨੂੰ ਉਚਿਆਇਆ। ਇਸੇ ਤਰ੍ਹਾਂ ਜ਼ਿਲ੍ਹਾ ਸਿਰਸਾ ਵਿਚ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਨਾਮਧਾਰੀਆਂ ਨੂੰ ਪ੍ਰੇਰ ਕੇ ਕਈ ਪਿੰਡਾਂ ਦੀ ਜ਼ਮੀਨ ਖਰੀਦੀ। ਉਸ ਵਿਚੋਂ ਵੀ ਲੋੜਵੰਦ ਸਿੱਖਾਂ ਨੂੰ ਜ਼ਮੀਨ ਮੁਫਤ ਦਿੱਤੀ। ਸਾਰੇ ਸਿੱਖ ਇਤਿਹਾਸ ਜਾਂ ਧਾਰਮਿਕ ਇਤਿਹਾਸ ਵਿਚ ਇਹ ਇਕੋ-ਇਕ ਕਾਰਨਾਮਾ ਹੈ ਕਿ ਕਿਸੇ ਗੁਰੂ ਨੇ ਜ਼ਮੀਨ ਆਪਣੇ ਸੇਵਕਾਂ ਨੂੰ ਦਿੱਤੀ ਹੋਵੇ। ਇਹ ਸਾਰੇ ਇਲਾਕੇ ਇਸ ਵੇਲੇ ਅੰਨ-ਧਨ ਦੇ ਭੰਡਾਰ ਹਨ।

ਜਦੋਂ ਕਾਂਗਰਸ ਨੇ ਮਹਾਤਮਾ ਗਾਂਧੀ ਜੀ ਦੀ ਅਗਵਾਈ ਵਿਚ ਕੂਕਿਆਂ ਵਲੋਂ ਅਰੰਭੇ ਨਾਮਿਲਵਰਤਨ ਅਤੇ ਸੁਦੇਸ਼ੀ ਨੂੰ ਆਜ਼ਾਦੀ ਅੰਦੋਲਨ ਵਿਚ ਅਪਣਾ ਲਿਆ ਤਾਂ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਭਾਰੀ ਗਿਣਤੀ ਵਿਚ ਨਾਮਧਾਰੀ ਇਸ ਅੰਦੋਲਨ ਵਿਚ ਸ਼ਾਮਲ ਹੋਏ। ਸੰਨ ੧੯੨੯ ਨੂੰ ਲਾਹੌਰ ਰਾਵੀ ਦੇ ਕੰਢੇ 'ਤੇ ਕਾਂਗਰਸ ਦਾ ਇਤਿਹਾਸਕ ਸੈਸ਼ਨ ਹੋਇਆ। ਪੰਡਿਤ ਨਹਿਰੂ ਜੀ ਦੀ ਪ੍ਰਧਾਨਗੀ ਵਿਚ ਇਥੇ ਭਾਰਤ ਲਈ


Sri Satguru Jagjit Singh Ji eLibrary NamdhariElibrary@gmail.com

ਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ। ਇਸ ਸਮਾਗਮ ਨੂੰ ਫੇਲ੍ਹ ਕਰਨ ਵਾਸਤੇ ਵੀ ਯਤਨ ਹੋਏ ਪਰ ਨਾਮਧਾਰੀਆਂ ਨੇ ਸੈਂਕੜੇ ਘੋੜ ਸਵਾਰਾਂ ਨਾਲ ਸ਼ਾਨਦਾਰ ਜਲੂਸ ਕੱਢਕੇ ਸਾਰੇ ਸਮਾਗਮ ਵਾਸਤੇ ਲੰਗਰ ਦਾ ਪ੍ਰਬੰਧ ਕਰਕੇ ਇਸ ਨੂੰ ਸਫਲ ਕਰਾਇਆ। ਸਤਿਗੁਰੂ ਜੀ ਦੇ ਛੋਟੇ ਭਰਾਤਾ ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਅਤੇ ਹੋਰ ਨਾਮਧਾਰੀ ਆਗੂ ਪੰਜਾਬ ਕਾਂਗਰਸ ਦੇ ਸਰਗਰਮ ਨੇਤਾਵਾਂ ਵਜੋਂ ਉਭਰੇ। ਸਟੇਟ ਪੀਪਲਜ਼ ਕਾਨਫਰੰਸ ਲੁਧਿਆਣਾ ਦੀ ਕਾਮਯਾਬੀ ਵਾਸਤੇ ਭਰਵਾਂ ਸਹਿਯੋਗ ਪਾਇਆ। ਪੰਡਿਤ ਨਹਿਰੂ, ਡਾ. ਰਾਜਿੰਦਰ ਪ੍ਰਸਾਦਿ, ਡਾ. ਪਤਾਭੀ ਸੀਤਾ ਰਮਈਆ, ਸ੍ਰੀ ਕੇ.ਐਮ. ਮੁਨਸ਼ੀ, ਸ੍ਰੀ ਭੈਣੀ ਸਾਹਿਬ ਦੀ ਯਾਤਰਾ ਨੂੰ ਆਏ। ਬਹੁਤ ਸਾਰੇ ਇਨਕਲਾਬੀਆਂ, ਦੇਸ਼ ਭਗਤਾਂ, ਗਦਰੀ ਬਾਬਿਆਂ ਵਾਸਤੇ ਭੈਣੀ ਸਾਹਿਬ ਦੇ ਦਰ ਖੁੱਲ੍ਹੇ ਸਨ। ਪਹਿਲੇ ਸੰਸਾਰ ਯੁੱਧ ਸਮੇਂ ਸਰਕਾਰ ਨੇ ਫੌਜੀ ਭਰਤੀ ਦੇ ਹੱਕ ਵਿਚ ਬਿਆਨ ਦੇਣ ਦੇ ਬਦਲੇ ਭਾਰੀ ਜ਼ਮੀਨਾਂ ਦੇਣ ਦੀ ਪੇਸ਼ਕਸ਼ ਕੀਤੀ ਪਰ ਆਪ ਨੇ ਆਪਣੇ ਪਿਤਾ ਸਤਿਗੁਰੂ ਹਰੀ ਸਿੰਘ ਜੀ ਦੇ ਪੈਰ ਚਿੰਨ੍ਹਾਂ ਤੇ ਚਲਦਿਆਂ ਇਹ ਪੇਸ਼ਕਸ਼ ਠੁਕਰਾ ਦਿੱਤੀ। ਸ਼ਿਮਲਾ ਕਾਨਫਰੰਸ ਵਿਚ ਆਪ ਨੇ ਕੌਮੀ ਆਗੂਆਂ ਨੂੰ ਬੇਗਰਜ਼ ਸਹਿਯੋਗ ਦੀ ਪੇਸ਼ਕਸ਼ ਕੀਤੀ। ਪੰਡਿਤ ਨਹਿਰੂ ਅਤੇ ਹੋਰ ਰਾਜਸੀ ਆਗੂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਯੋਗਦਾਨ ਦੀ ਕਦਰ ਕਰਦੇ ਰਹੇ ਅਤੇ ਇਨ੍ਹਾਂ ਦੀ ਰਾਇ ਨੂੰ ਬਹੁਤ ਸਨਮਾਨ ਦਿੰਦੇ ਸਨ।

ਅੰਗਰੇਜ਼ ਦੀ ਪਾਲਸੀ ਸੀ ਕਿ ਭਾਰਤੀਆਂ ਦੇ ਵੱਖ-ਵੱਖ ਵਰਗ ਹਮੇਸ਼ਾ ਆਪੋ ਵਿਚ ਪਾਟੇ ਰਹਿਣ ਅਤੇ ਕੁਝ ਲੰਮੀ ਗੁਲਾਮੀ ਕਰਕੇ ਫੁਟ ਭਾਰਤੀ ਸੁਭਾਅ ਦਾ ਅੰਗ ਵੀ ਬਣ ਚੁੱਕੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਣਥੱਕ ਯਤਨ ਕਰਕੇ ਕਦੇ ਹਿੰਦੂ ਸਿੱਖ ਮਿਲਾਪ ਕਾਨਫਰੰਸ, ਕਦੇ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਕਰਕੇ, ਕਦੇ ਜ਼ਾਤੀ ਪਹੁੰਚ ਕਰ ਕੇ ਅਮਨ ਏਕਤਾ ਦੀ ਫਿਜ਼ਾ ਪੈਦਾ ਕਰ ਦਿੱਤੀ। ਸੱਚੀ ਗੱਲ ਇਹ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਅਮਨ ਏਕਤਾ ਦੀ ਨਿਸ਼ਾਨੀ ਬਣ ਗਏ ਸਨ ਅਤੇ ਇਹ ਲੋਕ-ਗੀਤ ਲੋਕਾਂ ਦੀ ਜ਼ਬਾਨ 'ਤੇ ਸੀ—

"ਸਭਨਾਂ ਦਾ ਸਾਂਝਾ ਸਤਿਗੁਰੂ ਸਭਨਾਂ ਦਾ ਯਾਰ ਜੀ"

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਦੇ ਅਨੇਕਾਂ ਪਹਿਲੂ ਹਨ। ਇਹ ਅਕੱਥ ਕਥਾ ਹੈ। ਆਪ ਜੀ ਦਾ ਆਨੰਦਕਾਰਜ ੧੩ ਪੋਹ ੧੭੯੧ ਬਿਕ੍ਰਮੀ ਨੂੰ ਮਾਤਾ ਭੁਪਿੰਦਰ ਕੌਰ ਜੀ ਨਾਲ ਹੋਇਆ। ਆਪ ਜੀ ਦੇ ਦੋ ਸਪੁੱਤਰ ਹਨ। ਵੱਡੇ ਸਤਿਗੁਰੂ ਜਗਜੀਤ ਸਿੰਘ ਜੀ ਹਨ, ਜੋ ਨਾਮਧਾਰੀ ਪੰਥ ਦੇ ਵਰਤਮਾਨ ਸਤਿਗੁਰੂ ਜੀ ਹਨ ਅਤੇ ਛੋਟੇ ਮਹਾਰਾਜ ਬੀਰ ਸਿੰਘ ਜੀ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਜੀ ਦੀ ਕੀਰਤੀ ਨੂੰ ਹੋਰ ਵੀ ਚਾਰ ਚੰਨ ਲਾਏ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਦੇ ਅਨੇਕਾਂ ਪਹਿਲੂ ਹਨ, ਜੋ ਅਛੂਤੇ ਹੀ ਰਹਿ ਗਏ ਹਨ। ਉਨ੍ਹਾਂ ਨੇ ਸੰਸਾਰ ਸ਼ਾਂਤੀ ਵਾਸਤੇ ਹਰ ਉਸ ਸੰਸਥਾ ਨੂੰ ਸਹਿਯੋਗ ਦਿੱਤਾ, ਜੋ ਇਸ ਵਾਸਤੇ ਯਤਨਸ਼ੀਲ ਸਨ।

ਸੰਨ ੧੯੪੭ ਦੇ ਘੱਲੂਘਾਰੇ ਵਿਚ ਉਨ੍ਹਾਂ ਦੇ ਕਿਸੇ ਪੈਰੋਕਾਰ ਨੇ ਇਨਸਾਨੀ ਖੂਨ ਨਾਲ ਹੱਥ ਨਾ ਰੰਗੇ। ਬੇਘਰਿਆਂ ਨੂੰ ਵਸਾਉਣ ਵਾਸਤੇ ਉਨ੍ਹਾਂ ਅਣਥੱਕ ਯੋਗਦਾਨ ਪਾਇਆ। ਪਾਕਿਸਤਾਨ ਬਨਣ ਵੇਲੇ ਦੇ ਘੱਲੂਘਾਰੇ ਤੋਂ ਉਨ੍ਹਾਂ ਅਗਾਊਂ ਖ਼ਬਰਦਾਰ ਕਰ ਦਿੱਤਾ ਸੀ। ਅੱਜ ਪੰਜਾਬ ਨੂੰ ਉਨ੍ਹਾਂ ਦੀ ਯਾਦ ਹੋਰ ਵੀ ਸ਼ਿੱਦਤ ਨਾਲ ਆ ਰਹੀ ਹੈ।

ਉਹ ਅਕਸਰ ਕਹਿੰਦੇ ਸਨ ਕਿ ਆਦਮੀ ਦਾ ਪਰਮਾਰਥ ਤਦ ਹੀ ਸ਼ੁਧ ਹੋ ਸਕਦਾ ਹੈ, ਜੇ ਵਿਹਾਰ ਸ਼ੁਧ ਹੋਵੇ। ਇਨਸਾਨ ਨੂੰ ਚੰਗੇਰਾ ਵਿਅਕਤੀ ਬਣਾਉਣ ਲਈ, ਸੱਚਾ-ਸੁੱਚਾ ਸਾਤਵਿਕ ਸਮਾਜ ਸਿਰਜਣ ਵਾਸਤੇ ਉਨ੍ਹਾਂ ਜੋ ਅਗਵਾਈ ਕੀਤੀ, ਉਹ ਸਦਾ ਯਾਦ ਰਹੇਗੀ। ਆਪ ਦੇ ਪਦ ਚਿੰਨ੍ਹਾਂ 'ਤੇ ਚਲ ਕੇ ਅੱਜ ਸੰਸਾਰ 'ਚੋਂ ਦੁੱਖ ਦਲਿੱਦਰ ਦੂਰ ਹੋ ਸਕਦਾ ਹੈ।

*—ਜਗਦੀਸ਼ ਸਿੰਘ*


## ਪਾਠਕਾਂ ਦੇ ਧਿਆਨਯੋਗ

ਜਿਨ੍ਹਾਂ ਪਾਠਕਾਂ ਦਾ ਚੰਦਾ ਖ਼ਤਮ ਹੋ ਗਿਆ ਹੈ ਅਤੇ 'ਵਰਿਆਮ' ਲਗਾਤਾਰ ਪਹੁੰਚ ਰਿਹਾ ਹੈ, ਜਾਂ ਜਿਨ੍ਹਾਂ ਪਾਠਕਾਂ ਦਾ ਚੰਦਾ ਖ਼ਤਮ ਹੋਣ ਵਾਲਾ ਹੈ, ਪਾਠਕ ਖੁਦ ਜਾਣਦੇ ਹਨ। ਉਹ ਆਪਣੀ ਬਕਾਇਆ ਰਕਮ ਜਾਂ ਸਲਾਨਾ ਚੰਦਾ ਮਨੀਆਰਡਰ ਰਾਹੀਂ ਜਲਦੀ ਭੇਜਣ ਦੀ ਕ੍ਰਿਪਾਲਤਾ ਕਰਨ। ਤਾਂ ਕਿ ਉਨ੍ਹਾਂ ਨੂੰ ਅੱਗੇ ਤੋਂ 'ਵਰਿਆਮ' ਜਾਰੀ ਰੱਖਿਆ ਜਾ ਸਕੇ।

*ਮੈਨੇਜਰ,*
*ਮਾਸਿਕ ਵਰਿਆਮ*
*ਲਾਡੋਵਾਲੀ ਰੋਡ, ਜਲੰਧਰ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਡਿੱਠਾ ਕੋਈ ਨਾ ਗੁਰੂ ਪਰਤਾਪ ਵਰਗਾ

—ਸੱਜਣ ਸਿੰਘ "ਹੂੰਜਣ" (ਸਿਆੜ)

ਅਟੱਲ ਪਰਤਾਪੀ ਵੱਡੇ ਪਰਤਾਪ ਵਾਲੇ ਸ੍ਰੀ ਸਤਿਗੁਰੂ ਮੇਰੇ ਪਰਤਾਪ ਸਿੰਘ ਜੀ।
ਬ੍ਰਹਮ ਗਿਆਨੀ ਤੇ ਉਚੇ ਜਾਪ ਵਾਲੇ ਸ੍ਰੀ ਸਤਿਗੁਰੂ ਮੇਰੇ ਪਰਤਾਪ ਸਿੰਘ ਜੀ।
ਪੂਰਨ ਰਾਗ ਤੇ ਸੁਹਣੇ ਅਲਾਪ ਵਾਲੇ ਸ੍ਰੀ ਸਤਿਗੁਰੂ ਮੇਰੇ ਪਰਤਾਪ ਸਿੰਘ ਜੀ।
ਅਖੀਂ ਦੇਖੇ ਮੈਂ ਚੋਜ ਨੇ ਆਪ ਵਾਲੇ ਸ੍ਰੀ ਸਤਿਗੁਰੂ ਮੇਰੇ ਪਰਤਾਪ ਸਿੰਘ ਜੀ।

ਉਹਦੇ ਗੁਣਾਂ ਦੀ ਗਿਣਤੀ ਕੀ ਕਰੇ ਕੋਈ ਸਾਰੇ ਗੁਣਾਂ ਦੇ ਵਿਚ ਭਰਪੂਰ ਸੀ ਉਹ।
ਮਸਤੀ ਵੰਡਣੀ ਮਸਤ ਬਣਾ ਦੇਣਾ ਉਹਦੇ ਨੇਤਰਾਂ ਵਿਚ ਸਰੂਰ ਸੀ ਉਹ
ਜਿਧਰ ਨਦਰ ਕੀਤੀ ਨੂਰੋ ਨੂਰ ਕੀਤੇ ਆਇਆ ਨੂਰ ਵੰਡਣ ਰੱਬੀ ਨੂਰ ਸੀ ਉਹ।
ਸੱਜਣ ਸਦਾ ਹੀ ਅੰਗ ਸੰਗ ਰਹੇ ਜਿਹੜਾ ਮੇਰੇ ਸਿਰ ਦਾ ਸਾਹਿਬ ਹਜ਼ੂਰ ਸੀ ਉਹ।

ਸੁਨਣ ਵਾਲੇ ਦੇ ਦਿਲਾਂ ਵਿਚ ਜਾਣ ਉੱਕਰੇ ਉਹਦੇ ਵਚਨਾਂ ਦੇ ਵਿਚ ਤਾਸੀਰ ਸੀ ਉਹ।
ਜੇ ਕੋਈ ਸਹਿਜ ਸੁਭਾਉ ਵੀ ਵਚਨ ਕੀਤੇ ਪੂਰੇ ਹੋ ਕੇ ਰਹੇ ਅਖੀਰ ਸੀ ਉਹ।
ਪੁਛ ਉਹਨਾਂ ਨੂੰ ਜਿਹਨਾਂ ਨੇ ਦੀਦ ਕੀਤੇ ਸਾਰੇ ਕਹਿੰਦੇ ਨੇ ਪੀਰਾਂ ਦਾ ਪੀਰ ਸੀ ਉਹ।
ਸੱਜਣ ਮੇਰੇ ਜਹੇ ਲੱਖਾਂ ਅਪਰਾਧੀਆਂ ਦੀ ਹਥੀਂ ਆਪ ਲਿਖ ਦਿੰਦਾ ਤਕਦੀਰ ਸੀ ਉਹ।

ਉਹਦੇ ਪਹਿਰੇ ਵਿਚ ਸਿੱਖੀ ਜੋ ਵਧੀ ਫੁੱਲੀ ਨਹੀ ਜੱਗ ਤੇ ਹੋਰ ਮਿਸਾਲਾਂ ਦੇਖੀ।
ਅੱਖੀਂ ਦੇਖੇ ਨੇ ਪਿੰਡਾਂ ਦੇ ਪਿੰਡ ਕੂਕੇ, ਵੱਜਦੀ ਢੋਲਕੀ ਛੈਣੇ ਖੜਤਾਲ ਦੇਖੀ।
ਦੌਰੇ ਪਿੰਡਾਂ ਵਿਚ ਦੇਖੇ ਮੈਂ ਘੋੜਿਆਂ ਤੇ, ਸੰਗਤ ਫਿਰਦੀ ਬੇਅੰਤ ਮੈਂ ਨਾਲ ਦੇਖੀ।
ਡਿਠਾ ਕੋਈ ਨਾ ਗੁਰੂ ਪਰਤਾਪ ਵਰਗਾ 'ਸੱਜਣ ਸਿੰਘਾ' ਮੈਂ ਦੁਨੀਆਂ ਸਭ ਭਾਲ ਦੇਖੀ।

ਕਲਮ ਸੱਜਣ ਦੀ ਲਿਖੇ ਕੀ ਸਿਫਤ ਉਸਦੀ ਸਿਫਤਾਂ ਉਹਦੀਆਂ ਲਿਖਦੇ ਵਿਦਵਾਨ ਤੁਰ ਗਏ।
ਉਹਨੂੰ ਖੋਜਦੇ, ਲਭਦੇ ਭੇਦ ਉਸਦੇ ਖੋਜੀ ਕਈ ਆਲਮ ਬੁੱਧੀਵਾਨ ਤੁਰ ਗਏ।
ਉਹਦੇ ਅਗੇ ਚਤੁਰਾਈ ਨਾ ਮੂਲ ਚੱਲੀ ਚਾਤਰ ਬਣਦੇ ਕਈ ਚਤਰ ਸੁਜਾਨ ਤੁਰ ਗਏ।
ਕਈ ਪੋਥੀਆਂ ਥੋਥੀਆਂ ਗਰੰਥ ਪੜ੍ਹਕੇ, ਬਣਕੇ ਗੁਣੀ ਗਿਆਨੀ ਗੁਣਵਾਨ ਤੁਰ ਗਏ।

ਸ੍ਰੀ ਸਤਿਗੁਰੂ, ਗੁਰੂ ਪਰਤਾਪ ਸਿੰਘ ਜੀ ਲੀਲ੍ਹਾ ਹੈ ਸੀ ਅਪਰ ਅਪਾਰ ਤੇਰੀ।
ਜਦੋਂ ਤੱਕ ਹੈ ਸੂਰਜ ਤੇ ਚੰਨ ਧਰਤੀ ਉਪਮਾ ਕਰੇਗਾ ਸਾਰਾ ਸੰਸਾਰ ਤੇਰੀ।
ਅੱਜ ਗੱਦੀ ਤੇ ਸੋਭਾ ਜੋ ਪਾ ਰਹੇ ਨੇ ਸਾਨੂੰ ਦਿਸਦੀ ਐ ਜੋਤ ਸਾਕਾਰ ਤੇਰੀ।
ਆਪਣੇ 'ਸੱਜਣ' ਨੂੰ ਬਖਸ਼ੋ ਇਹ ਗਿਆਨ ਦਾਤਾ ਲਿਖ ਸਕਾਂ ਮੈਂ ਸਿਫਤ ਦਾਤਾਰ ਤੇਰੀ।

—ਪਿੰਡ ਤੇ ਡਾਕ. ਸਿਆੜ
ਜ਼ਿਲ੍ਹਾ ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

# ਲਖ ਸੀਗਾਰ ਬਣਾਇਆ

—ਤਾਰਾ ਸਿੰਘ ਅਨਜਾਣ

ਸਾਵਣ ਦੇ ਮਹੀਨੇ ਵਿਚ ਵਣ, ਤ੍ਰਿਣ, ਬਨਸਪਤੀ ਨਾਤ੍ਹੀ ਧੋਤੀ ਹੁੰਦੀ ਹੈ। ਪ੍ਰਿਥਵੀ ਰੱਜੀ ਰੱਜੀ ਹੁੰਦੀ ਹੈ। ਅਕਾਸ਼ ਧੂੜ-ਮਿੱਟੀ, ਗਰਦੋ-ਗੁਬਾਰ ਤੋਂ ਸਾਫ਼ ਸਾਫ਼ ਹੁੰਦਾ ਹੈ। ਦੂਰ ਤੱਕ ਬੱਦਲ ਸੂਰਜ ਨੂੰ ਲੁਕਾਈ ਬੈਠੇ, ਦਿਨੇ ਵੀ ਰਾਤ ਦਾ ਭੁਲੇਖਾ ਪਾਉਂਦੇ ਨਜ਼ਰ ਆਉਂਦੇ ਹਨ। ਜਦੋਂ ਉਹ ਛਹਿਬਰ ਲਾਉਂਦੇ ਹਨ ਜਲ-ਥਲ ਇਕ ਕਰ ਦਿੰਦੇ ਹਨ। ਸਾਰੇ ਜੀਵ-ਜੰਤੂ ਮੀਂਹ ਦਾ ਅਨੰਦ ਮਾਣਦੇ ਹਨ। ਚਾਤ੍ਰਿਕ ਵੀ ਤ੍ਰਿਪਤ ਹੁੰਦਾ ਹੈ। ਮਨੁੱਖ ਵੀ ਖਿੜ ਜਾਂਦਾ ਹੈ।

ਇਹੀ ਮੌਸਮ ਭਾਦਰੋਂ ਵਿਚ ਵੀ ਆਪਣਾ ਰੰਗ-ਢੰਗ ਵਿਖਾਉਂਦਾ ਹੈ। ਜੀਵਾਂ ਦਾ ਸਰਦਾਰ ਮਨੁੱਖ ਇਸ ਮੌਸਮ ਵਿਚ ਹੋਰ ਵੱਧ ਖੁਸ਼ ਹੁੰਦਾ ਹੈ। ਉਸ ਦੇ ਖੇਤ ਰੱਜੇ ਰੱਜੇ ਹਨ, ਘਰ ਖਾਣ ਲਈ ਵੰਨ-ਸੁਵੰਨੇ ਪਦਾਰਥ ਹਨ। ਉਸ ਨੂੰ ਸੁਖ ਦੇਣ ਵਾਲੀ ਅਰਧਾਂਗਨੀ ਇਸ ਖਿੜੇ ਮੌਸਮ ਵਿਚ ਆਪਣੇ ਹਾਰ ਸ਼ਿੰਗਾਰ ਅਤੇ ਹਾਵ-ਭਾਵ ਰਾਹੀਂ ਉਸਨੂੰ ਰਿਝਾਉਂਦੀ ਹੈ। ਇਸਤਰੀ ਨੇ ਆਪਣੇ ਪ੍ਰੀਤਮ ਪਿਆਰੇ ਨੂੰ ਖੁਸ਼ ਕਰਨ ਵਾਸਤੇ ਹਾਰ ਸ਼ਿੰਗਾਰ ਕਰਨਾ ਹੁੰਦਾ ਹੈ। ਪਰ ਕਈ ਇਸ ਨੂੰ ਆਪਣੀ ਸੁੰਦਰਤਾ ਤੇ ਆਕਰਸ਼ਣ ਵਧਾਉਣ ਲਈ ਕਰਦੀਆਂ ਹਨ। ਕੰਤ ਬਿਨਾਂ ਉਹ ਸਭ ਕੁਝ ਕਿਸ ਲਈ? ਸਤਿਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਲਿਖਿਆ ਹੈ—

**ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥**
**ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥**
**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥**
**ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ॥**

ਸੋਲ੍ਹਾਂ ਕਲਾ ਸੰਪੂਰਨ ਭਗਵਾਨ ਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਵਸ ਭਾਦਰੋਂ ਵਦੀ ਅੱਠਵੀਂ ਨੂੰ ਆਉਂਦਾ ਹੈ। ਆਪ ਜੀ ਨੂੰ ਰਿਝਾਉਣ ਲਈ ਗੋਪੀਆਂ ਹਾਰ ਸ਼ਿੰਗਾਰ ਲਾਉਂਦੀਆਂ ਸਨ। ਭਾਦਰੋਂ ਦਾ ਮਹੀਨਾ ਉਨ੍ਹਾਂ ਨੂੰ ਸੁਹਾਉਣਾ ਲੱਗਦਾ ਸੀ। ਪਰ ਇਸ ਮਹੀਨੇ ਜਦ ਭਗਵਾਨ ਕ੍ਰਿਸ਼ਨ ਗੋਪੀਆਂ ਨੂੰ ਸਣੇ ਰਾਧਾ, ਛੱਡ ਜਾਂਦੇ ਹਨ ਤਾਂ ਉਨ੍ਹਾਂ ਦੇ ਹਿਰਦੇ ਵਿਚ ਰੁੱਗ ਭਰਿਆ ਜਾਂਦਾ ਹੈ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਇਸ ਮਹੀਨੇ ਦਾ ਦ੍ਰਿਸ਼ ਚਿੱਤਰ ਖਿੱਚਦੇ ਤੇ ਗੋਪੀਆਂ ਦੀ ਦਸ਼ਾ ਕ੍ਰਿਸ਼ਨਾਵਤਾਰ ਵਿੱਚ ਇੰਜ ਲਿਖਦੇ ਹਨ—

**ਭਾਦਵ ਮਾਹਿ ਚੜ੍ਹਿਯੋ ਬਿਨੁ ਨਾਹੁ,**
**ਦਸੋ ਦਿਸ ਮਾਹਿ ਘਟਾ ਘਹਰਾਈ।**
**ਦਯੋਸ ਦਿਸਾ ਨਹਿ ਜਾਨ ਪਰੈ,**
**ਤਮ ਬਿੱਜੁ ਛਟਾ ਰਵਿ ਕੀ ਛਬ ਪਾਈ।**
**ਮੂਸਲਧਾਰ ਛੁਟੇ ਨਭਿ ਤੇ,**
**ਅਵ ਨੀ ਸਗਰੀ ਜਲ ਪੂਰਨਿ ਛਾਈ।**
**ਐਸੇ ਸਮੇ ਤਜਿ ਗਯੋ ਹਮ ਕੋ,**
**ਟਸਕਯੋ ਨਾ ਹੀਯੇ ਕਸਕਯੋ ਨ ਕਸਾਈ।**

ਭਾਦਰੋਂ ਦਾ ਮਹੀਨਾ ਆਇਆ ਹੈ, ਪਰ ਪ੍ਰੀਤਮ ਪਿਆਰਾ ਕੰਤ ਕੋਲ ਨਹੀਂ, ਮਹੀਨੇ ਦਾ ਵਾਤਾਵਰਨ ਐਸਾ ਹੈ ਕਿ ਦਸਾਂ ਦਿਸ਼ਾਵਾਂ ਵਿਚ ਘਨਘੋਰ ਘਟਾ ਛਾਈ ਹੋਈ ਹੈ। ਦਿਨ ਵੇਲੇ ਵੀ ਇੰਜ ਲਗਦਾ ਹੈ ਜਿਵੇਂ ਕਿ ਦਿਨ ਨਹੀਂ, ਰਾਤ ਪਈ ਹੋਈ ਹੈ। ਹਾਂ, ਕਿਤੇ ਕਿਤੇ ਉਦੋਂ ਜਦ ਬਿਜਲੀ ਲਿਸ਼ਕਦੀ ਹੈ, ਚਕਾਚੌਂਧ ਤੇਜ ਪ੍ਰਤਾਪੀ ਸੂਰਜ ਚੜ੍ਹਨ ਦਾ ਨਜ਼ਾਰਾ ਬੰਨ੍ਹ ਦੇਂਦੀ ਹੈ। ਜਿਵੇਂ ਤੇਜਵਾਨ ਸੂਰਜ ਵੱਲ ਨਹੀਂ ਵੇਖਿਆ ਜਾ ਸਕਦਾ, ਏਸੇ ਤਰ੍ਹਾਂ ਲਿਸ਼ਕਦੀ ਬਿਜਲੀ ਵੱਲ ਵੇਖਣਾ ਅੱਖਾਂ ਚੁੰਧਿਆ ਦੇਂਦਾ ਹੈ। ਅਸਮਾਨ ਤੋਂ ਮੁਹਲੇਧਾਰ ਮੀਂਹ ਪੈ ਰਿਹਾ ਹੈ। ਸਾਰੀ ਧਰਤੀ ਉੱਤੇ ਜਲ ਹੀ ਜਲ ਨਜ਼ਰ ਆ ਰਿਹਾ ਹੈ। ਐਸੇ ਸਮੇਂ, ਜਦੋਂ ਮੌਸਮ ਦਾ ਨਵੇਕਲਾ ਜਿਹਾ ਰੰਗ ਹੈ, ਸਿਆਮ ਦਾ ਕੋਲ ਹੋਣਾ ਸੁਖਦਾਇਕ ਲਗਦਾ ਹੈ। ਪਰ ਉਹ ਸਾਨੂੰ ਤਜ ਗਿਆ ਹੈ। ਉਹ ਬੜਾ ਕਠੋਰ ਚਿੱਤ ਹੈ, ਸਾਨੂੰ ਛੱਡ ਕੇ ਜਾਂਦਿਆਂ ਨਾ ਉਸਦੇ ਹਿਰਦੇ ਵਿਚ ਬਿਹਾ ਪੀੜ ਪ੍ਰਤੀਤ ਹੋਈ ਹੈ ਨਾ ਉਸ ਅੰਦਰ ਸਾਡੇ ਲਈ ਖਿੱਚ ਪੈਦਾ ਹੋਈ ਹੈ। ਏਸੇ ਕਰਕੇ ਉਸ ਕਾਨ੍ਹ ਨੂੰ ਸਤਿਗੁਰੂ ਜੀ ਦੇ ਸ਼ਬਦਾਂ ਵਿਚ ਗੋਪੀਆਂ ਬੇਦਰਦ, ਕਸਾਈ ਕਹਿੰਦੀਆਂ ਹਨ।

ਉਂਜ ਇਹ ਮਹੀਨਾ ਵੀ ਬੇਪ੍ਰਤੀਤਾ ਹੈ। ਇਸ ਮਹੀਨੇ ਕਾਲੇ ਬੱਦਲ ਛਾਏ ਰਹਿੰਦੇ ਹਨ। ਮੀਂਹ ਵੀ ਪੈਂਦਾ ਹੈ ਪਰ ਵੱਟ ਛੱਡ ਜਾਂਦਾ ਹੈ। ਅਸੀਂ ਆਪਣੀਆਂ ਅੱਖਾਂ ਨਾਲ ਵੇਖ ਸਕਦੇ ਹਾਂ ਖੇਤ ਦੀ ਵੱਟ ਦੇ ਵਿਚ ਇਕ ਪਾਸੇ ਮੀਂਹ ਪੈ ਰਿਹਾ ਹੈ ਦੂਜੇ ਪਾਸੇ ਖੇਤ ਵਿਚ ਮੀਂਹ ਨਹੀਂ ਹੈ। ਸਤਿਗੁਰੂ ਨਾਨਕ ਦੇਵ ਜੀ ਇਸ ਮਹੀਨੇ ਬਾਰੇ ਆਪਣੀ ਬਾਣੀ ਵਿਚ ਲਿਖਦੇ ਹਨ—

**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥**

ਭਾਦਉ ਭਰਮ ਭੁਲੇਖਾ ਪਾਉਂਦਾ ਹੈ। ਮੌਸਮ ਵਿਚ ਡੱਡੂ, ਮੋਰ, ਬੰਬੀਹਾ, ਆਪਣੇ ਆਪਣੇ ਰੰਗ ਵਿਚ ਮਸਤ ਹਨ। ਸੱਪ ਤੇ ਮੱਛਰ, ਡੰਗ ਮਾਰਦੇ ਹਨ। ਛੱਪੜ, ਟੋਭੇ, ਸਰੋਵਰ ਨੱਕੋ-ਨੱਕ ਭਰੇ ਹੋਏ ਹਨ। ਦਰਿਆ ਖ਼ਤਰੇ ਦੇ ਨਿਸ਼ਾਨ ਤੋਂ ਉਤਾਂਹ ਵਗਦੇ ਹਨ। ਪਰ ਇਹ ਸੁਖਦਾਈ ਨਹੀਂ ਹੈ। ਕਿਉਂਕਿ ਅਸੀਂ ਜਗਤ ਵਿਚ ਦਿਸਦੀਆਂ ਪ੍ਰਕਿਰਤੀ ਦੀਆਂ ਨਿਆਮਤਾਂ ਅਤੇ



Sri Satguru Jagjit Singh Ji eLibrary NamdhariElibrary@gmail.com

ਮੁਸ਼ਕਲਾਂ ਦੇ ਅਨੁਸਾਰ ਹੀ ਆਪਣੇ ਆਪ ਨੂੰ ਦੁਖੀ ਸੁਖੀ ਕਰਦੇ ਹਾਂ। ਹਾਂ! ਮੁਸ਼ਕਲਾਂ ਨੂੰ ਹੱਲ ਕਰਦੇ ਹਾਂ। ਆਪਣੇ ਆਪ ਨੂੰ ਸੋਹਣਾ-ਸੁਣੱਖਾ ਬਣਾਉਣ ਲਈ, ਬਣਾਉਟੀ ਸ਼ਿੰਗਾਰ ਕਰਦੇ ਹਾਂ। ਇਹ ਭੁੱਲ ਜਾਂਦੇ ਹਾਂ ਕਿ ਕਾਦਰ ਦੀ ਥਾਂ ਉਸ ਦੀ ਕੁਦਰਤ ਨੂੰ ਪਿਆਰ ਕਰਨਾ ਦੂਜੀ ਥਾਂ ਦਾ ਪਿਆਰ ਹੈ। ਇਹ ਪਿਆਰ ਕਰਨ ਲਈ ਭਰਮ ਹੀ ਸਾਧਨ ਬਣਦਾ ਹੈ।

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥**

(ਮਹਲਾ ੫)

ਸਤਿਗੁਰੂ ਅਰਜਨ ਦੇਵ ਜੀ ਮਾਝ ਰਾਗ ਵਿਚ ਲਿਖੇ ਬਾਰਾਮਾਹ ਵਿਚ ਜਦ ਭਾਦਰੋਂ ਬਾਰੇ ਲਿਖਦੇ ਹਨ ਤਾਂ ਮਨੁੱਖ ਨੂੰ ਸਮਝਾਉਂਦੇ ਹਨ ਕਿ ਉਹ ਭਰਮ ਭੁਲੇਖਾ ਛੱਡ ਕੇ ਜ਼ਿੰਦਗੀ ਦੇ ਸੱਚ-ਝੂਠ ਨੂੰ ਸਮਝੇ। ਜਦੋਂ ਧਨੁ ਜੋਬਨੁ ਅਰੁ ਫੁਲੜਾ ਚਾਰ ਦਿਹਾੜੇ ਰਹਿਣੇ ਹਨ ਤਾਂ ਇਹਨਾਂ ਦਾ ਮਾਣ ਕੈਸਾ? ਇੱਕ ਨੂੰ ਛੱਡ ਕੇ ਦੂਜੇ ਨਾਲ ਪਿਆਰ ਪਾਉਣਾ ਤੇ ਹਾਰ-ਸ਼ਿੰਗਾਰ ਕੈਸਾ ? ਕਿਉਂਕਿ ਭਾਵੇਂ ਲੱਖਾਂ ਹਾਰ ਸ਼ਿੰਗਾਰ ਕਰ ਲਏ ਜਾਣ ਉਹ ਕਿਤੇ ਕੰਮ ਨਹੀਂ ਆਉਣੇ,

**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥**

ਭਗਤ ਕਬੀਰ ਜੀ ਦਾ ਕਹਿਣਾ ਹੈ ਕਿ ਮਨੁੱਖ ਆਪਣੇ ਸਿਰ ਉੱਤੇ ਸਵਾਰ ਸਵਾਰ ਕੇ ਸ਼ਿੰਗਾਰ ਸ਼ਿੰਗਾਰ ਕੇ ਪੱਗ ਬੰਨ੍ਹਦਾ ਹੈ। ਉਹ ਭੁੱਲ ਜਾਂਦਾ ਹੈ ਕਿ—

**ਜਿਹਿ ਸਿਰ ਰਚਿ ਰਚਿ ਬਾਧਤ ਪਾਗ॥**
**ਸੋ ਸਿਰੁ ਚੁੰਚ ਸਵਾਰਹਿ ਕਾਗ॥**

ਅਤੇ ਅੱਖੀਆਂ ਜਿਨ੍ਹਾਂ ਵਿਚ ਪ੍ਰਭੂ ਦੀ ਧਰੀ ਹੋਈ ਜੋਤ ਹੈ, ਉਹ ਹਰ ਇੱਕ ਵਿਚ ਵਸਦੇ ਹਰੀ ਨੂੰ ਵੇਖਣ ਦੀ ਥਾਂ ਉੱਤੇ ਸੁਰਮ-ਸਲਾਈ ਪਾਕੇ, ਕਜਲਾ ਲਾਕੇ, ਦੂਜਿਆਂ ਦੇ ਆਕਰਸ਼ਣ ਦਾ ਕਾਰਨ ਬਣਨਾ ਚਾਹੁੰਦੀਆਂ ਹਨ। ਅੱਖੀਆਂ, ਜਿਨ੍ਹਾਂ ਵਿਚ ਰੇਤ ਕਣ ਆਦਿ ਪਿਆਂ ਰੜਕ ਪੈਦਾ ਹੋ ਜਾਂਦੀ ਹੈ, ਉਨ੍ਹਾਂ ਅੱਖੀਆਂ ਦੀ ਵੀ ਮਨੁੱਖੀ ਦੇਹੀ ਬਿਨਸਣ ਬਾਅਦ ਕਦਰ ਨਹੀਂ ਰਹਿਣੀ। ਸ਼ੇਖ ਫ਼ਰੀਦ ਜੀ ਨੇ ਲਿਖਿਆ ਹੈ—

**ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥**
**ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥**

ਮਨੁੱਖੀ ਸਰੀਰ ਦੇ ਪ੍ਰਾਣ ਤਿਆਗਣ ਬਾਅਦ ਕਿਸੇ ਆਪਣੇ ਸਾਕ ਸੰਬੰਧੀ, ਰਿਸ਼ਤੇਦਾਰ ਨੇ ਦੇਹ ਨਾਲ ਸੰਬੰਧ ਨਹੀਂ ਰੱਖਣਾ। ਉਹਨਾਂ ਸਭਨਾਂ ਨੇ ਮ੍ਰਿਤਕ ਨੂੰ, ਮਨੁੱਖ ਨਹੀਂ ਪ੍ਰੇਤ ਸਮਝਣਾ ਹੈ—

**ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥**

(ਮਹਲਾ ੫)

ਇਹਨਾਂ ਪ੍ਰੇਤ ਕਹਿਣ ਵਾਲਿਆਂ ਵਿਚ ਉਸ ਨੇ ਵੀ ਹੋਣਾ ਹੈ ਜਿਹੜੀ ਘਰਵਾਲੀ ਹੋਣ ਕਰਕੇ, ਨਾਲ ਲੱਗੀ ਰਹਿੰਦੀ ਸੀ, ਬਹੁਤ ਪਿਆਰੀ ਸੀ—

**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ**
**ਸਦਾ ਰਹਤ ਸੰਗ ਲਾਗੀ॥**
**ਜਬ ਹੀ ਹੰਸ ਤਜੀ ਇਹ ਕਾਂਇਆ, ਪ੍ਰੇਤ ਪ੍ਰੇਤ ਕਰਿ ਭਾਗੀ॥**

(ਮਹਲਾ ੯)

ਇਕ ਪਾਸੇ ਘਰ ਪਰਿਵਾਰ ਵਾਲਿਆਂ ਨੇ ਐਨੀ ਕੁ ਹੀ ਸਾਂਝ ਰੱਖਣੀ ਹੈ ਕਿ ਮਿੱਟੀ ਬਿਲੇ ਲਾਉਣ ਦੀ ਤਿਆਰੀ ਕਰ ਦੇਣੀ ਹੈ ਦੂਜੇ ਪਾਸੇ ਜਮਾਂ ਦੀ ਮਾਰ ਨੇ ਜੀਵ ਦਾ ਐਨਾ ਭੈੜਾ ਹਾਲ ਕਰ ਦੇਣਾ ਹੈ ਕਿ ਇਸ ਦਾ ਰੰਗ ਨੀਲਾ ਕਾਲਾ ਹੋ ਜਾਣਾ ਹੈ। ਮਿੱਤਰ ਪਿਆਰੇ ਅਖਵਾਉਂਦੇ ਲੋਕਾਂ ਤਾਂ ਛੱਡ ਦੇਣਾ ਹੈ, ਪਰ ਜਮਾਂ ਨੇ ਨਹੀਂ ਛੱਡਣਾ—

**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥**
**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥**
**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥**

(ਮਹਲਾ ੫)

ਜੀਵ ਨੂੰ ਦਰਗਾ ਵਿਚ ਹਾਜ਼ਰ ਕੀਤਾ ਜਾਣਾ ਹੈ। ਉਥੇ ਇਸ ਦਾ ਲੇਖਾ-ਜੋਖਾ ਹੋਣਾ ਹੈ। ਜਿਹੜੇ ਵੀ ਸੰਸਾਰ ਉੱਤੇ ਚੰਗੇ ਮੰਦੇ ਕਰਮ ਕੀਤੇ, ਸਤਿਗੁਰੂ ਅਰਜਨ ਦੇਵ ਜੀ ਅਨੁਸਾਰ ਉਹਨਾਂ ਕਰਮਾਂ ਅਨੁਸਾਰ ਹੀ ਨਬੇੜਾ ਹੋਣਾ ਹੈ। ਮਨੁੱਖ ਨੂੰ ਸਮਝ ਆਉਣੀ ਚਾਹੀਦੀ ਹੈ ਕਿ ਪ੍ਰਭੂ ਦੇ ਚਰਨੀਂ ਪਿਆਂ ਹੀ ਪਾਰ ਉਤਾਰਾ ਹੋਣਾ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਭਾਦਰੋਂ ਦੇ ਮਹੀਨੇ ਦਾ ਜ਼ਿਕਰ ਕਰਦਿਆਂ ਨਰਕਾਂ ਤੋਂ ਬਚਣ ਦਾ ਇੱਕੋ ਇੱਕ ਰਾਹ ਦਸਿਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਉਹ ਰਾਹ ਹੈ, ਆਪਣੇ ਗੁਰੂ ਨੂੰ ਪੁੱਛ ਕੇ ਪ੍ਰਭੂ ਨੂੰ ਮਿਲਣਾ। ਸਤਿਗੁਰੂ ਗੋਬਿੰਦ ਸਿੰਘ ਅਨੁਸਾਰ ਭਾਦਰੋਂ ਦਾ ਸੁਹਾਵਣਾ ਮੌਸਮ ਹੋਣ ਦੇ ਬਾਵਜੂਦ ਸਖੀਆਂ ਦਾ ਸਵਰਗ ਭਗਵਾਨ ਕ੍ਰਿਸ਼ਨ ਜੀ ਦੇ ਮੇਲ ਵਿਚ ਹੈ। ਉਸ ਤੋਂ ਵਿਛੜਨ ਵਿਚ ਨਰਗ ਭੋਗਣਾ ਹੈ। ਸਤਿਗੁਰੂ ਅਰਜਨ ਦੇਵ ਜੀ ਅਨੁਸਾਰ—

**ਸੇ ਭਾਦੁਇ ਨਰਕਿ ਨ ਪਾਈਅਹਿ**
**ਗੁਰੁ ਰਖਣ ਵਾਲਾ ਹੇਤੁ॥**

ਸੋ ਆਪ ਦਾ ਮਨੁੱਖ ਮਾਤਰ ਲਈ ਉਪਦੇਸ਼ ਹੈ ਕਿ ਆਸਰਾ ਉਸੇ ਸਤਿਗੁਰੂ ਦਾ ਲਈਏ। ਉਹ ਹਾਰ ਸ਼ਿੰਗਾਰ ਕਰੀਏ ਜਿਸ ਨਾਲ ਉਸਨੂੰ ਰਿਝਾ ਸਕੀਏ ਨਹੀਂ ਤਾਂ ਭਾਵੇਂ ਲੱਖਾਂ ਹੀ ਸ਼ਿੰਗਾਰ ਕਰੀਏ ਕਿਸੇ ਕੰਮ ਨਹੀਂ। ❐



Sri Satguru Jagjit Singh Ji eLibrary NamdhariElibrary@gmail.com

# ਜਨਮ, ਮਰਨ ਅਤੇ ਜੀਵਣ ਮੁਕਤਿ

—ਗੁਰੁਬਚਨ ਸਿੰਘ ਨਾਮਧਾਰੀ

ਕਪਿਲਵਸਤੂ ਦੇ ਰਾਜਕੁਮਾਰ ਸਿਧਾਰਥ ਨੇ, ਪਹਿਲੀ ਵਾਰ ਇਕ ਮੌਤ ਦੇਖੀ। ਮਾਨਸ-ਪਟਲ ਤੇ ਪ੍ਰਸ਼ਨਾਂ ਦਾ ਇਕ ਝੱਝਾਵਤ ਉੱਠ ਖਲੋਤਾ। ਵਿਅਕਤੀ ਕਿਉਂ ਜਨਮ ਲੈਂਦਾ ਹੈ? ਕਿਉਂ ਮਰ ਜਾਂਦਾ ਹੈ? ਕਿਥੋਂ ਆਉਂਦਾ ਹੈ ਅਤੇ ਮਰ ਕੇ ਕਿੱਥੇ ਚਲਾ ਜਾਂਦਾ ਹੈ? ਇਸੇ ਇਕ ਪ੍ਰਸ਼ਨ ਨੇ ਯੁਵਕ ਸਿਧਾਰਥ ਨੂੰ 'ਗਿਆਨ' ਦੀ ਖੋਜ ਲਈ ਮਹਿਲਾਂ ਦਾ ਤਿਆਗ ਕਰ ਜੰਗਲਾਂ ਦੀ ਖ਼ਾਕ ਛਾਨਣ ਨੂੰ ਮਜ਼ਬੂਰ ਕਰ ਦਿੱਤਾ।

ਮਨੁੱਖ ਦੇ ਜਨਮ ਤੋਂ ਪਹਿਲਾਂ ਅਤੇ ਮੌਤ ਤੋਂ ਬਾਦ ਦਾ ਜੀਵਨ ਅਗਿਆਤ ਹੈ, ਅਨੰਤ ਹੈ। ਇਸ ਅਗਿਆਤ ਦੀ ਜਗਿਆਸਾ ਹੀ ਭਾਰਤੀ ਅਧਿਆਤਮ ਦਾ ਆਧਾਰ ਬਣੀ। ਇਹੋ ਯੱਛ-ਪ੍ਰਸ਼ਨ ਹਜ਼ਾਰਾਂ ਸਾਲ ਤੋਂ ਰਿਸ਼ੀਆਂ-ਮੁਨੀਆਂ ਦੀ ਖੋਜ ਦਾ ਵਿਸ਼ਾ ਬਣਿਆ। ਤਕਰੀਬਨ ਸਵਾ ਪੰਜ ਸੌ ਸਾਲ ਪਹਿਲਾਂ ਸਮੇਂ ਦੇ ਬੁੱਧੀਜੀਵੀਆਂ ਅੱਗੇ, ਤੱਤ ਗਿਆਨੀਆਂ ਸਾਹਮਣੇ, ਗੁਰੂ ਨਾਨਕ ਨੇ ਪ੍ਰਸ਼ਨ ਰਖਿਆ-

**ਦੇਹੀ ਮਾਟੀ ਬੋਲੈ ਪਉਣੁ॥**
**ਬੁਝੁ ਰੇ ਗਿਆਨੀ ਮੂਆ ਹੈ ਕਉਣੁ॥**

(ਮਹਲਾ ੧, ਪੰਨਾ ੧੫੨)

ਹਜ਼ਾਰਾਂ ਸਾਲਾਂ ਤੱਕ ਇਸ ਮੌਤ ਤੇ ਗਹਿਰੀ ਖੋਜ ਚਲਦੀ ਰਹੀ ਔਰ ਅੰਤ ਜੋ ਨਿਸ਼ਕਰਸ਼ ਮਹਾਪੁਰਸ਼ਾਂ ਨੇ ਦਿੱਤਾ, ਉਹ ਬੜਾ ਹੀ ਹੈਰਾਨਕੁੰਨ ਸੀ ਕਿ "ਪ੍ਰਾਣੀ ਮਰਦਾ ਹੀ ਨਹੀਂ।" ਦੇਹ ਦੇ ਤੱਤ ਆਪਣੇ ਆਪਣੇ ਤੱਤਾਂ ਵਿਚ ਲੀਨ ਹੋ ਜਾਂਦੇ ਹਨ। ਸੂਖਮ ਸਰੀਰ (ਆਤਮਾ) ਆਪਣੇ ਕਰਮਾਂ ਅਨੁਸਾਰ, ਮੁਕਤ ਹੋ ਜਾਂਦਾ ਹੈ, ਜਾਂ ਕੋਈ ਹੋਰ ਦੇਹ ਧਾਰਨ ਕਰ ਲੈਂਦਾ ਹੈ। ਪਸ਼ੂ ਬਣੇਗਾ, ਪੰਖੀ-ਬਣੇਗਾ, ਕੀਟ-ਪਤੰਗਾ ਬਣੇਗਾ, ਜਾਂ ਫਿਰ ਕਰਮ ਅਨੁਸਾਰ ਮਨੁੱਖਾ ਦੇਹ ਧਾਰਨ ਕਰੇਗਾ। ਦੇਹ ਪਰਿਵਰਤਤ ਹੁੰਦੀ ਰਹੇਗੀ। ਸਥੂਲ ਸਰੀਰ ਤਬਦੀਲ ਹੁੰਦਾ ਰਹੇਗਾ। ਸੂਖਮ ਪ੍ਰਾਣ ਦੀ ਜੀਵਨ ਗਤੀ ਅਬਾਧ ਚਲਦੀ ਰਹੇਗੀ। ਪਾਣੀ ਕਦੇ ਬਰਫ਼ ਬਣੇਗਾ, ਕਦੇ ਵਾਸ਼ਪ (ਬੱਦਲ) ਬਣੇਗਾ। ਤੱਤ ਰੂਪ ਵਿਚ ਸਦਾ ਜੀਵਤ ਰਹੇਗਾ, ਜੀਵਨ-ਰੇਖਾ ਗਤੀਸ਼ੀਲ ਰਹੇਗੀ। ਸਰੀਰ ਭਾਵੇਂ ਕਿਤਨਾ ਮਜ਼ਬੂਤ ਹੋਵੇ, ਭਾਵੇਂ ਕਿਤਨਾ ਸੁੰਦਰ ਹੋਵੇ, ਇਕ ਦਿਨ ਜ਼ਰੂਰ ਬਿਨਸੇਗਾ। ਰਾਜੇ-ਮਹਾਰਾਜੇ, ਰਿਸ਼ੀ ਮੁਨੀ, ਪੀਰ-ਪੈਗੰਬਰ ਕੋਈ ਕੁਦਰਤ ਦੇ ਇਸ ਨਿਯਮ ਵਿਚ ਅਪਵਾਦ ਨਹੀਂ। ਮਹਾਪੁਰਖ ਸ਼ਕਤੀ ਹੁੰਦਿਆਂ ਭੀ ਕਦੇ ਕੁਦਰਤੀ ਨਿਯਮਾਂ ਦੀ ਉਲੰਘਣਾ ਨਹੀਂ ਕਰਦੇ, ਕਿਉਂਕਿ—

"ਜੇ ਜੁਗ ਚਾਰੇ ਆਰਜਾ, ਹੋਰ ਦਸੂਣੀ ਹੋਇ"

(ਜਪੁਜੀ)

ਚਾਲੀ ਜੁਗ ਦੀ ਉਮਰ ਭੀ ਹੋ ਜਾਵੇ, ਤਾਂ ਵੀ ਅਰਥਹੀਨ ਹੈ, ਕਿਉਂਕਿ ਦੇਹ ਦਾ ਜੀਉਣਾ ਜਾਂ ਮਰਨਾ ਅਰਥਹੀਨ ਹੈ ਅਤੇ ਆਤਮਾ ਕਦੇ ਮਰਦੀ ਹੀ ਨਹੀਂ।

ਇਸੇ ਮਨੋਭਾਵ ਨੂੰ ਸ਼ੇਖ ਫ਼ਰੀਦ ਵਿਅਕਤ ਕਰਦੇ ਹਨ—

**"ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥**
**ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ॥**

(ਪੰਨਾ ੧੩੮੦)

ਦੇਹ ਦਾ ਜਨਮ-ਮਰਨ ਹੁੰਦਾ ਰਹੇਗਾ, ਵਜੂਦ ਤਬਦੀਲ ਹੁੰਦਾ ਰਹੇਗਾ, ਆਕਾਰ ਪਰਿਵਰਤਤ ਹੁੰਦਾ ਰਹੇਗਾ। ਪ੍ਰਾਣੀ ਦਾ ਜੀਵਨ ਚੱਕਰ ਚਲਦਾ ਰਹੇਗਾ।

ਪੰਜ ਹਜ਼ਾਰ ਸਾਲ ਪਹਿਲਾਂ ਭਗਵਾਨ ਕ੍ਰਿਸ਼ਨ ਨੇ ਗੀਤਾ ਵਿਚ ਇਸੇ ਸੱਤ ਨੂੰ ਉਜਾਗਰ ਕੀਤਾ—

**ਦੇਹਿਨੋ ਅਸਮਿਨ ਯਥਾ ਦੇਹੇ, ਕੌਮਾਰੰ ਯੌਵਨੰ ਜਗ**
**ਤਥਾ ਦੇਹਾਂਤਰ ਪ੍ਰਾਪਤੀ ਧੀਰਾਸ ਤਤ੍ਰ ਨ ਮੁਹਿਅਤੇ॥**

(ਸ੍ਰੀਮਦ ਭਗਵਤ ਗੀਤਾ ਅਧਿਆਇ ੨:੧੩)

**ਅਰਥਾਤ**—ਜਿਸ ਤਰ੍ਹਾਂ ਮਨੁੱਖੀ ਸਰੀਰ, ਬਚਪਨ, ਜਵਾਨੀ ਅਤੇ ਬੁਢਾਪਾ, ਤਿੰਨ ਅਵਸਥਾਵਾਂ 'ਚੋਂ ਗੁਜ਼ਰਦਾ ਹੈ, ਉਸੇ ਦੀ ਚੌਥੀ ਅਵਸਥਾ ਦੇਹਾਂਤਰ (ਦੇਹ ਦਾ ਅੰਤਰ) ਹੈ— ਗਿਆਨੀ ਜਨ ਇਸ ਤੋਂ ਕਦੇ ਵਿਚਲਤ ਨਹੀਂ ਹੁੰਦੇ।

ਬਾਲੀ ਦੀ ਮੌਤ ਤੋਂ ਬਾਦ, ਪਤਨੀ ਤਾਰਾ ਵਿਰਲਾਪ ਕਰ ਰਹੀ ਹੈ। ਭਗਵਾਨ ਸ੍ਰੀ ਰਾਮ ਨੇ ਕਿਹਾ—

**"ਪ੍ਰਕਟ ਤਨੁ ਤਵ ਆਗੇ ਸੋਇਆ**
**ਜੀਵ ਨਿਤ ਕੇਹਿ ਲਗਿ ਤੁਮ ਰੋਆ**
**ਛਿਤ-ਜਲ ਪਾਵਕ ਗਗਨ ਸਮੀਰਾ**
**ਪੰਚ ਰਚਿਤ ਇਹੀ ਅਧਮ ਸ਼ਰੀਰਾ"**

(ਤੁਲਸੀ-ਸ੍ਰੀਰਾਮ ਚਰਿਤ ਮਾਨਸ)



Sri Satguru Jagjit Singh Ji eLibrary NamdhariElibrary@gmail.com

"ਹੇ ਭੰਤੇ! ਤੂੰ ਕਿਉਂ ਵਿਰਲਾਪ ਕਰਤੀ ਹੈ? ਯਦੀ ਤੇਰਾ ਪਿਆਰ ਇਸ ਦੇਹ ਸੇ ਥਾ ਤੋ ਵੋ ਦੇਹ ਤੋ ਅਭੀ ਵੀ ਤੇਰੇ ਸਾਮਨੇ ਹੈ। ਔਰ ਯਦੀ ਤੇਰਾ ਸਨੇਹੁ ਆਤਮਾ ਸੇ ਥਾ ਤੋ ਵੋ ਅਜਰ ਹੈ, ਅਮਰ ਹੈ, ਨਿਤਯ ਹੈ। ਫਿਰ ਤੇਰੇ ਵਿਲਾਪ ਕਾ ਕੋਈ ਕਾਰਨ ਨਹੀਂ ਹੈ। ਮਿੱਟੀ, ਪਾਨੀ ਹਵਾ, ਅਗਨ ਔਰ ਆਕਾਸ਼ (ਜੀਵਾਤਮਾ) ਕੇ ਮੇਲ ਸੇ ਬਣੇ ਸ਼ਰੀਰ ਕੇ ਲੀਏ ਰੋਨੇ ਕਾ ਕੋਈ ਅਰਥ ਨਹੀਂ।"

ਮੌਤ ਦਾ ਪਰਯਾਈ ਵਾਚਕ ਸ਼ਬਦ "ਪੂਰਾ ਹੋਵਾ" ਪੰਜਾਬੀ ਸਭਿਆਚਾਰ ਦੀ ਵੱਡਮੁੱਲੀ ਦੇਣ ਹੈ। ਬਾਲ ਦਾ ਜਨਮ ਹੋਇਆ, ਜਵਾਨ ਹੋਇਆ, ਧਨ-ਦੌਲਤ, ਸ਼ੋਹਰਤ ਕਮਾਈ, ਦੇਸ਼ ਵਿਦੇਸ਼ ਵਿਚ ਪ੍ਰਤੀਸ਼ਠਤ ਹੋਇਆ.....ਪਰ ਅਧੂਰਾ ਰਿਹਾ। ਅੱਜ ਮੌਤ ਨੇ ਪੂਰਾ ਕਰ ਦਿੱਤਾ-ਜੀਵਨ ਚੱਕਰ ਸੰਪੂਰਨ ਹੋਇਆ—

**"ਸੂਰਜ ਕਿਰਣਿ ਮਿਲੇ, ਜਲ ਕਾ ਜਲੁ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥**

(ਮਹਲਾ ੫, ਪੰਨਾ ੮੪੬)

ਮੌਤ, ਭੈਭੀਤ ਹੋਣ ਦਾ ਨਹੀਂ, ਜਾਨਣ ਦਾ ਵਿਸ਼ਾ ਹੈ। ਵਿਗਿਆਨ ਲੰਬੀ ਉਮਰ ਦਾ ਉਪਾਅ ਢੂੰਡਦੇ ਰਹੇ, ਭਾਰਤੀ ਮਨੀਸ਼ੀ ਮੌਤ ਦਾ ਚਾਅ ਪਾਲਦੇ ਰਹੇ—

**"ਕਬੀਰ ਮੁਹਿ ਮਰਨੇ ਕਾ ਚਾਉ ਹੈ"**

(ਪੰਨਾ ੧੩੬੭)

ਕਹਿੰਦੇ ਹਨ, ਪਹਿਲੀ ਵਾਰ ਘੱਗਰ (ਨਦੀ) ਪਹਾੜਾਂ 'ਚੋਂ ਰਾਹ ਬਣਾਉਂਦੀ ਤੁਰੀ। ਵਲ ਖਾਂਦੀ, ਇਠਲਾਂਦੀ-ਮੈਦਾਨੀ ਇਲਾਕੇ ਲੰਘ ਜਦੋਂ ਗੰਗਾ ਨਗਰ ਤੋਂ ਅੱਗੇ ਰੇਗਿਸਤਾਨ ਦੇ ਰੂਬਰੂ ਹੋਈ, ਤਾਂ ਘਬਰਾਕੇ ਰੋਣ ਲੱਗੀ। ਅੱਗੇ ਇਕ ਇਕ ਕਦਮ ਤੇ ਮੌਤ ਦਾ ਖ਼ਤਰਾ ਸੀ। ਆਕਾਸ਼ ਤੇ ਤਪਦਾ ਹੋਇਆ ਜੇਠ ਦਾ ਸੂਰਜ, ਥੱਲੇ ਭਖਦਾ ਹੋਇਆ ਰੇਤੀਲਾ ਰੇਗਿਸਤਾਨ। ਬਹੁਤ ਤੇਜ਼ੀ ਨਾਲ ਘੱਗਰ ਦਾ ਪਾਣੀ ਵਾਸ਼ਪ ਬਣ ਆਕਾਸ਼ ਵਿਚ ਉੱਡਣ ਲੱਗਾ। ਕੁਝ ਰੇਤ ਚੂਸਣ ਲੱਗੀ। ਬੇਬਸ ਘੱਗਰ ਨੂੰ ਰੋਂਦਿਆ ਵੇਖ, ਕੋਲੋਂ ਦੀ ਲੰਘਦੀ ਹਵਾ ਨੂੰ ਤਰਸ ਆ ਗਿਆ। ਕੋਲ ਜਾ ਕੇ ਘੱਗਰ ਦੇ ਕੰਨ ਵਿਚ ਫੁਸਫੁਸਾਇਆ, "ਤੂੰ ਕਿਉਂ ਰੋਂਦੀ ਹੈਂ? ਤੂੰ ਅਮਰ ਹੈ, ਕਦੇ ਮਰ ਹੀ ਨਹੀਂ ਸਕਦੀ। ਵਜੂਦ ਬਦਲੇਗਾ, ਸਰੂਪ ਬਦਲੇਗਾ, ਪਰ ਤੇਰੀ ਜੀਵਨ ਯਾਤਰਾ ਬਾਦਸਤੂਰ ਚਲਦੀ ਰਹੇਗੀ। ਪਹਿਲਾਂ ਤੂੰ ਬਰਫ਼ ਬਣ ਪਰਬਤ ਸਿਖਰਾਂ ਤੇ ਬੈਠੀ ਰਹੀ, ਕਾਲਾਂਤਰ ਵਿਚ ਪਾਣੀ ਬਣ ਨਵੀਂ ਯਾਤਰਾ ਤੇ ਤੁਰੀ.....ਹੁਣ ਧਰਤੀ ਦੀ ਪਿਆਸ ਬੁਝਾ। ਧਰਤੀ ਦੇ ਅੰਦਰ ਵੀ ਤੇਰਾ ਪ੍ਰਵਾਹ ਚਲਦਾ ਰਹੇਗਾ। ਜਾਂ ਹੁਣ ਮੇਰੀ ਸਵਾਰੀ ਕਰ ਲੈ। ਹੌਲੀ ਹੋ ਜਾ, ਜਲਵਾਸ਼ਪ ਬਣ ਮੇਰੇ ਤੇ ਸਵਾਰ ਹੋ, ਆਕਾਸ਼ ਦੀ ਯਾਤਰਾ ਕਰ। ਜਿਥੇ ਪ੍ਰਭੂ ਦੀ ਇੱਛਾ ਹੋਏਗੀ, ਉਥੇ ਵਰਖਾ ਬਣ ਧਰਤੀ ਨਾਲ ਜਾ ਮਿਲੀਂ—ਤੇਰਾ ਜੀਵਨ ਹਰ ਹਾਲ ਗਤੀਸ਼ੀਲ ਰਹੇਗੀ। ਤੇਰਾ ਰੋਣਾ-ਧੋਣਾ ਨਿਰਾਧਾਰ ਹੈ—

"ਮਾਟੀ-ਮਾਟੀ ਹੋਈ ਏਕ, ਰੋਵਣਹਾਰੇ ਕੀ ਕਵਨ ਟੇਕ

(ਮਹਲਾ ੫, ਪੰਨਾ ੮੮੫)

ਮਹਾਪੁਰਸ਼ਾਂ ਨੇ, ਤੱਤ ਗਿਆਨੀਆਂ ਨੇ ਪ੍ਰਕ੍ਰਿਤੀ ਦਾ ਇਹ ਰਹੱਸ ਜਾਣ ਲਿਆ। ਸੂਰਜ ਤੋਂ ਨਿਕਲੀ ਹੋਈ ਕਿਰਨ ਨੇ ਮਰਨ ਤੋਂ ਬਾਦ ਜਿਸ ਸੂਰਜ ਵਿਚ ਲੀਨ ਹੋਣਾ ਹੈ—ਜੀਂਵਦੇ ਜੀ ਉਸ ਖਿਣ ਨੂੰ, ਉਸ ਅਲੌਕਿਕ ਨਜ਼ਾਰੇ ਨੂੰ ਦੇਖਣ ਦੀ ਤਾਂਘ ਨੇ ਉਨ੍ਹਾਂ ਨੂੰ ਜੀਵਨ ਮੁਕਤਿ ਬਣਾ ਦਿੱਤਾ।

ਗੋਰਖਨਾਥ ਨੇ ਆਪਣੇ ਸੇਵਕਾਂ ਨੂੰ ਉਪਦੇਸ਼ ਦਿੱਤਾ—

**"ਮਰੋ ਹੇ ਜੋਗੀ, ਮਰੋ! ਮਰੋ ਮਰਨ ਹੈ ਮੀਠਾ॥**
**ਐਸੀ ਮਰਨੀ ਮਰੋ, ਜਿਸ ਮਰਨੀ ਮਰ ਗੋਰਖ ਡੀਠਾ॥"**

(ਗੋਰਖ ਬਾਣੀ)

ਮਰਨ ਤੋਂ ਬਾਦ, ਚਿੱਤ ਦੀਆਂ ਬ੍ਰਿਤੀਆਂ ਨੂੰ ਜੋ ਵਿਰਾਮ ਲੱਗਦਾ ਹੈ, ਜੋ ਗਹਿਰੀ ਸ਼ਾਂਤੀ ਘਿਰਦੀ ਹੈ, ਜੋ ਨਿਸ਼ਕਾਮਤਾ, ਨਿਰਹੰਕਾਰਤਾ ਮ੍ਰਿਤਕ ਦੀ ਲਾਸ਼ ਤੇ ਆਉਂਦੀ ਹੈ, ਜੀਂਵਦੇ ਹੋਏ, 'ਮੈਂ' ਨੂੰ ਮਾਰ ਕੇ ਉਸੇ ਪਰਮ ਸ਼ਾਂਤੀ ਦਾ ਚਾਅ, ਜੀਵਨ-ਮੁਕਤੀ ਦਾ ਵਸੀਲਾ ਬਣਿਆ।

ਸਾਰੀ ਕਾਮਨਾ ਦੇਹ ਨਾਲ ਜੁੜੀ ਹੈ। ਸਾਰਾ ਮੋਹ, ਸਾਰੀ ਆਸਕਤੀ ਮਨ ਤੋਂ ਜਨਮ ਲੈਂਦੀ ਹੈ। ਮਨੁੱਖ ਦੀ ਅਸ਼ਾਂਤੀ ਦਾ ਇਕ-ਮਾਤਰ ਕਾਰਨ, ਚਿੱਤ ਦੀਆਂ ਬਿਰਤੀਆਂ ਹਨ। ਇਕ ਵਾਰ ਰਾਜਾ ਜਨਕ ਨੇ ਅਸ਼ਟਾਵਕ੍ਰ ਜੀ ਤੋਂ ਪੁਛਿਆ, "ਮਨੁੱਖ ਕਿਵੇਂ ਸੁਖੀ ਹੋ ਸਕਦਾ ਹੈ? ਮਨੁੱਖ ਦੀ ਮੁਕਤੀ ਦਾ ਕੀ ਉਪਾਅ ਹੈ?" ਤਾਂ ਅਸ਼ਟਾਵਕ੍ਰ ਜੀ ਨੇ ਕਿਹਾ—

**"ਯਦੀ ਦੇਹ ਪ੍ਰਿਥਕ ਕ੍ਰਿਤਵਾ ਚਿੱਤ ਵਿਸ੍ਰਾਮੰ ਤਿਸਠਸੀ**
**ਅਧੁਨੈਵ ਸੁਖੀ, ਸ਼ਾਂਤਹ ਜੀਵਨ ਮੁਕਤੋ ਭਵਿਸਯਸੀ।"**

(ਅਸ਼ਟਾਵਕ੍ਰ ਗੀਤਾ)

**ਅਰਥਾਤ**—"ਹੇ ਰਾਜਨ! ਯਦੀ ਪ੍ਰਾਣੀ ਦੇਹ ਕੋ ਅਪਨੇ ਸੇ ਅਲਗ ਕਰਕੇ, ਚਿੱਤ ਕੀ ਬ੍ਰਿਤੀਯੋਂ ਕੋ ਵਿਸ੍ਰਾਮ ਦੇ ਦੇ ਤੋ ਉਸੀ ਛਣ ਪ੍ਰਾਣੀ ਸੁਖੀ, ਸ਼ਾਂਤ ਔਰ ਜੀਵਨ ਮੁਕਤ ਹੋ ਜਾਏਗਾ।"

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ, ਗੋਇੰਦਵਾਲ



Sri Satguru Jagjit Singh Ji eLibrary NamdhariElibrary@gmail.com

ਬੈਠੇ ਸਨ। ਇਕ ਜਗਿਆਸੂ ਸਿੱਖ ਨੇ ਪੁੱਛਿਆ, "ਪਾਤਸ਼ਾਹ! ਇਸ ਭਵਜਲ ਨੂੰ ਤਰਨ ਦੀ ਕਿਹੜੀ ਵਿਧੀ ਹੈ?" ਤਾਂ ਮੁਸਕੁਰਾ ਕੇ ਪਾਤਸ਼ਾਹ ਨੇ ਫੁਰਮਾਇਆ—

**"ਜੀਵਤ ਮਰੀਏ, ਭਵਜਲ ਤਰੀਏ।"**

ਸਵਾਮੀ ਰਾਮ ਤੀਰਥ ਆਪਣੇ ਲਈ ਕਦੀ "ਮੈਂ" ਦਾ ਸੰਬੋਧਨ ਨਹੀਂ ਕਰਦੇ ਹਨ। ਕਿਸੇ ਗ਼ੈਰ ਵਿਅਕਤੀ ਹਰ ਸੰਬੋਧਨ ਕਰਦੇ ਸਨ। ਇਕ ਵਾਰ ਕਿਸੇ ਸੋਚ ਵਿਚਾਰ ਵਿਚ ਡੁੱਬੇ ਕਿਤੇ ਜਾ ਰਹੇ ਸਨ। ਪੈਰ ਉੱਚੇ-ਨੀਵੇਂ ਥਾਂ ਤੇ ਪੈਣ ਕਰਕੇ ਡਿੱਗ ਪਏ। ਘਰ ਆ ਕੇ ਆਪਣੇ ਮਿੱਤਰ ਨਾਲ ਹੱਸ-ਹੱਸ ਕੇ ਘਟਨਾ ਦਾ ਜ਼ਿਕਰ ਕਰਨ ਲੱਗੇ—"ਭਈ, ਆਜ ਬੜਾ ਮਜ਼ਾ ਆਇਆ। ਸਵਾਮੀ ਰਾਮ ਰਾਸਤੇ ਮੇ ਗਿਰ ਪੜਾ।" ਮਿੱਤਰ ਨੇ ਕਿਹਾ, "ਐਸਾ ਕਿਉਂ ਨਹੀਂ ਕਹਤੇ ਕਿ ਤੁਮ ਗਿਰ ਪੜੇ।" ਤਾਂ ਸਵਾਮੀ ਰਾਮਤੀਰਥ ਨੇ ਕਿਹਾ, "ਮੈਂ ਕੈਸੇ ਗਿਰ ਸਕਤਾ ਹੂੰ। ਮੈਂ ਤੋਂ ਦੇਖ ਰਹਾ ਥਾ। ਯੇਹ ਸਵਾਮੀ ਰਾਮ, ਯੇਹ ਦੇਹ ਗਿਰੀ ਔਰ ਮੈਂ ਸ਼ਾਂਤੀ ਭਾਵ ਸੇ ਦੇਖ ਰਹਾ ਥਾ।" ਸਾਰਾ ਦੁੱਖ ਦੇਹ ਨੂੰ ਹੈ। ਸੁਖ ਦੀ ਸਾਰੀ ਕਾਮਨਾ ਵੀ ਇਸ ਦੇਹ ਜਾਂ ਦੇਹ ਨਾਲ ਜੁੜੇ ਕੁਟੰਬ ਵਾਸਤੇ ਹੈ। ਮਨਸੂਰ ਨੂੰ ਸੂਲੀ ਤੇ ਟੰਗ ਦਿੱਤਾ ਗਿਆ। ਥੱਲੋਂ ਨੁਕੀਲਾ ਸੂਲ ਗੁਦਾ ਦਵਾਰ ਨੂੰ ਚੀਰਦਾ ਹੋਇਆ ਅੰਦਰ ਦੀਆਂ ਆਂਤਾਂ ਵਿਚੋਂ ਲੰਘ ਰਿਹਾ ਸੀ। ਸਾਹਮਣੇ ਮਨਸੂਰ ਦੇ ਕੁਝ ਪ੍ਰੇਮੀ ਅਨੁਯਾਈ ਬੈਠੇ ਸਨ। ਇਕ ਸੇਵਕ ਕੋਲੋਂ ਦੇਖਿਆ ਨਾ ਗਿਆ। ਭੁੱਬਾਂ ਮਾਰਕੇ ਰੋ ਪਿਆ ਤੇ ਕਿਹਾ, "ਗੁਰੂਦੇਵ ਬਹੁਤ ਕਸ਼ਟ ਹੋ ਰਿਹਾ ਹੈ ਨਾ।" ਮਨਸੂਰ ਦੇ ਚਿਹਰੇ ਤੇ ਓਹੀ ਪੁਰਾਨੀ ਚਿਰ ਪਰਿਚਤ ਮੁਸਕਰਾਹਟ ਦੌੜ ਗਈ। ਜਵਾਬ ਦਿੱਤਾ, "ਸਾਰਾ ਜੀਵਨ ਦੇਹ ਕੋ ਅਪਨੇ ਸੇ ਅਲਗ ਕਰਨੇ ਕਾ ਪ੍ਰਯੋਗ ਕਰਤਾ ਰਹਾ ਆਜ ਇਸ ਪ੍ਰੀਛਣ ਦੇ ਬਾਦ ਕਹਿ ਸਕਤਾ ਹੂੰ ਕਿ ਮੂਝੇ ਇਸ ਸੂਲ ਸੇ ਕੋਈ ਕਸ਼ਟ ਨਹੀਂ ਹੋ ਰਹਾ। ....ਮੈਨੇ ਪੂਰਨ ਰੂਪ ਸੇ ਅਪਨੇ ਆਪ ਕੋ ਇਸ ਸਰੀਰ ਸੇ ਅਲਗ ਕਰ ਲੀਆ ਹੈ। ਅੱਛਾ ਏਕ ਨਾਰੀਅਲ ਗਰੀ ਵਾਲਾ ਲੇਕਰ ਆਓ।" ਸੇਵਕ ਨੇ ਲਿਆਂਦਾ। ਇਕ ਹਥੌੜੀ ਨਾਲ ਹੌਲੀ ਹੌਲੀ ਠੋਕ ਕੇ ਗੁੱਟ ਸਬੂਤਾ ਬਾਹਰ ਕੱਢ ਲਿਆ ਤੇ ਕਿਹਾ—"ਦੇਖੋ ਇਸ ਗਰੀ ਕੋ ਧੀਰੇ ਧੀਰੇ ਪਿਆਰ ਸੇ ਠੋਕ ਕਰ ਓਪਰੀ ਸਤਹ ਸੇ ਅਲਗ ਕਰ ਲੀਆ ਫਿਰ ਚਾਹੇ ਓਪਰੀ ਹਿੱਸੇ ਕੋ ਤੋੜ ਡਾਲੋ—ਅੰਦਰ ਕੇ ਗੁੱਟ ਕੋ, ਅੰਦਰ ਕੀ ਗਿਰੀ ਕੋ ਕੋਈ ਚੋਟ ਨਹੀਂ ਪਹੁੰਚਤੀ। ਸੰਤ ਕੀ ਬਾਣੀ, ਗੁਰੂ ਕਾ ਉਪਦੇਸ਼ ਇਸ ਹਥੌੜੀ ਜੈਸਾ ਕਾਰਜ ਕਰਤਾ ਹੈ। ਪ੍ਰਾਣੀ ਕੋ ਬਾਰ-ਬਾਰ ਮੌਤ ਯਾਦ ਦਿਲਾਣਾ, ਜੀਵਨ ਕੀ ਨਿਸਾਰਤਾ ਕਾ ਬਖਾਣ, ਜੀਵਾਤਮਾ ਕੋ ਦੇਹ ਸੇ ਪਰੇ ਆਪਣੇ ਮੂਲ ਰੂਪ ਕਾ ਪਰਿਚੈ ਕਰਵਾਣਾ ਹੈ।"

ਜੀਵਾਤਮਾ ਨੂੰ ਐਸੀ ਹੀ ਚੋਟ ਤੀਸਰੇ ਪਾਤਸ਼ਾਹ ਲਾਉਂਦੇ ਹਨ—

**ਮਨ ਤੂੰ ਜੋਤਿ ਸਰੂਪ ਹੈ, ਆਪਣਾ ਮੂਲੁ ਪਛਾਣੁ॥**

(ਪੰਨਾ ੪੪੧)

ਇਹੋ ਮੁਕਤੀ ਦਾ ਮਾਰਗ ਹੈ। ਬੁੱਧ ਦਾ ਨਿਰਵਾਣ, ਮਹਾਵੀਰ ਦਾ ਕੈਵਲਯ ਅਤੇ ਪਤੰਜਲੀ ਦੇ ਯੋਗ ਦਾ ਅਰਥ ਵੀ ਇਹੋ ਹੈ। ਜਿਸਨੇ ਇਸ ਸੱਤ ਨੂੰ ਜਾਣ ਲਿਆ, ਉਹ ਜਨਮ-ਮਰਨ ਦੋਹਾਂ ਤੋਂ ਪਰੇ ਹੋ ਗਏ। ਉਨ੍ਹਾਂ ਦੀ ਨਜ਼ਰ ਵਿਚ ਦੇਹ ਦਾ ਜਨਮ ਜਾਂ ਮੌਤ ਅਰਥਹੀਨ ਹੋ ਗਈ। ਪੰਜਵੇਂ ਪਾਤਸ਼ਾਹ ਇਸੇ ਭਾਵ ਨੂੰ ਸ਼ਬਦ ਦਿੰਦੇ ਹਨ—

**"ਜਨਮ ਮਰਣ ਦੁਹਹੂ ਮਹਿ ਨਾਹੀ**
**ਜਨ ਪਰਉਪਕਾਰੀ ਆਏ॥"**

(ਪੰਨਾ ੭੪੮-੪੯)

ਅਤੇ ਇਸ ਅਵਸਥਾ ਦੀ ਪ੍ਰਾਪਤੀ ਲਈ ਭਗਤ ਕਬੀਰ ਜੀ ਅਭਿਆਸ ਕਰਨ ਲਈ ਸੂਤ੍ਰ ਦਿੰਦੇ ਹਨ—

**"ਜੀਵਤ ਮਰੈ ਮਰੈ ਫੁਨਿ ਜੀਵੈ,**
**ਐਸੇ ਸੁੰਨਿ ਸਮਾਇਆ॥**
**ਅੰਜਨ ਮਾਹਿ ਨਿਰੰਜਨਿ ਰਹੀਐ,**
**ਬਹੁੜਿ ਨ ਭਵਜਲ ਪਾਇਆ॥"**

(ਰਾਗ ਗਉੜੀ, ਪੰਨਾ ੩੩੨)


੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**

**IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner: S. Puran Singh Saggu
S. Narinder Singh Saggu

Old Railway Road, Jalandhar.

*Phone: 58795, 59056*





Sri Satguru Jagjit Singh Ji eLibrary NamdhariElibrary@gmail.com

# ਗ਼ਦਰ ਪਾਰਟੀ ਤੇ ਕੂਕਾ ਲਹਿਰ

*—ਭਗਤ ਸਿੰਘ ਬਿਲਗਾ*

ਗ਼ਦਰ ਪਾਰਟੀ ਨੇ ਨਾਮਧਾਰੀ ਕੂਕਾ ਲਹਿਰ ਨੂੰ ਆਪਣੀ ਇਨਕਲਾਬੀ ਵਿਰਾਸਤ ਸਮਝਿਆ ਹੈ। ਬਾਬਾ ਕੇਸਰ ਸਿੰਘ ਜੀ ਠਠਗੜ੍ਹ ਅੰਮ੍ਰਿਤਸਰ ਵਾਈਸ ਪ੍ਰੈਜ਼ੀਡੈਂਟ ਗ਼ਦਰ ਪਾਰਟੀ ਬਦੇਸ਼ ਜਾਣ ਤੋਂ ਪਹਿਲਾਂ ਕੂਕਾ ਲਹਿਰ ਨਾਲ ਸੰਬੰਧ ਰੱਖਦੇ ਸਨ ਤੇ ਉਨ੍ਹਾਂ ਦੀ ਨੇੜਤਾ ਨਾਲ ਬਾਬਾ ਸੋਹਣ ਸਿੰਘ ਜੀ ਭਕਨਾ ਤੇ ਬਾਬਾ ਜਵਾਲਾ ਸਿੰਘ ਜੀ ਵੀ ਨਾਮਧਾਰੀ ਲਹਿਰ ਦੇ ਪ੍ਰਸ਼ੰਸਕ ਬਣ ਗਏ ਸਨ। ਉਨ੍ਹਾਂ ਦੀ ਰਹਿਤ ਬਹਿਤ ਤੇ ਪੁਸ਼ਾਕ 'ਤੇ ਵੀ ਕੂਕਾ ਤਰਜ਼ ਦੀ ਜ਼ਿੰਦਗੀ ਦਾ ਅਸਰ ਸੀ। ਗ਼ਦਰੀ ਕਵੀਆਂ ਨੇ ਗ਼ਦਰ ਦੀ ਗੂੰਜ ਵਿਚ ਕੂਕਿਆਂ ਨੂੰ ਬੜੇ ਸਤਿਕਾਰ ਨਾਲ ਦੇਸ਼ ਦੀ ਅਜ਼ਾਦੀ ਦੇ ਹੀਰੋ ਕਰਕੇ ਯਾਦ ਕੀਤਾ ਹੈ। ਆਪਣੀਆਂ ਲਿਖਤਾਂ ਵਿੱਚ ਜਗ੍ਹਾ ਜਗ੍ਹਾ ਕੂਕਾ ਦੇਸ਼ ਭਗਤਾਂ ਨੂੰ ਸਲਾਹਿਆ ਹੈ।

ਗ਼ਦਰ ਦੀ ਗੂੰਜ ਭਾਗ ਇੱਕ ਨੰਬਰ ੨੧ ਵਿੱਚ ਗ਼ਦਰੀ ਲਿਖਦੇ ਹਨ—

**ਕੀਤਾ ਕੂਕਿਆਂ ਕੱਠ ਪੰਜਾਬ ਅੰਦਰ**
**ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ**
**ਬੰਦੋਬਸਤ ਸਾਰਾ ਉਹਨਾਂ ਠੀਕ ਕੀਤਾ**
**ਗ਼ਦਰ ਕਰਨ ਦੇ ਠੀਕ ਸਮਾਨ ਹੋ ਗਏ**
**ਰਾਮ ਸਿੰਘ ਭਾਈ ਜਲਾਵਤਨ ਕੀਤੇ**
**ਨਾਲ ਹੋਰ ਵੀ ਕਈ ਕੁਰਬਾਨ ਹੋ ਗਏ**
**ਬੱਚੇ ਔਰਤਾਂ ਕਈ ਹਜ਼ਾਰ ਕੂਕੇ**
**ਖਾਤਰ ਦੇਸ਼ ਦੇ ਲਹੂ ਲੁਹਾਣ ਹੋ ਗਏ।**

ਕੂਕਾ ਸੰਪਰਦਾਇ ਭੈਣੀ ਸਾਹਿਬ ਨੇ ਵੀ ਗ਼ਦਰੀ ਸੂਰਬੀਰਾਂ ਨੂੰ ਹਮੇਸ਼ਾਂ ਆਪਣਾ ਇੱਕ ਅੰਗ ਸਮਝਿਆ ਤੇ ਦੇਸ਼ ਭਗਤ ਯਾਦਗਾਰ ਗ਼ਦਰੀ ਸ਼ਹੀਦਾਂ ਦੀ ਯਾਦਗਾਰ ਦਾ ਨੀਂਹ ਪੱਥਰ ਰੱਖਣ ਵੇਲੇ ਮੌਜੂਦਾ ਗੁਰੂ ਜੀ ਜਲੰਧਰ ਆਏ ਤੇ ਮਾਲੀ ਸਹਾਇਤਾ ਵੀ ਦਿੱਤੀ। ਅੱਜ ਵੀ ਆਪ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਹੋ ਰਹੇ ਇਕੱਠਾਂ ਵਿੱਚ ਖ਼ੁਦ ਪੁੱਜ ਕੇ ਅਸ਼ੀਰਵਾਦ ਦਿੰਦੇ ਹਨ।

ਬਾਵਜੂਦ ਅੰਗਰੇਜ਼ੀ ਜ਼ੁਲਮ ਤਸ਼ੱਦਦ ਦੇ ਨਾਮਧਾਰੀ ਸੰਪਰਦਾਇ ਕਾਇਮ ਹੈ ਤੇ ਉਸਨੇ ਦੇਸ਼ ਭਗਤੀ ਦੇ ਉਦੇਸ਼ ਨੂੰ ਕਾਇਮ ਰੱਖਿਆ ਹੈ ਤੇ ਕੌਮੀ ਲਹਿਰ ਦੀ ਉਸਾਰੀ ਵਿੱਚ ਯੋਗ ਹਿੱਸਾ ਪਾਇਆ ਤੇ ਕੁਰਬਾਨੀਆਂ ਕੀਤੀਆਂ ਹਨ।

ਮੈਨੂੰ ਯਾਦ ਹੈ ਕਿ ਮੇਰੇ ਪਿੰਡ ਬਿਲਗੇ, ਜੰਗਾ ਸਿੰਘ ਮੌਲਾ ਨਾਮੀ ਕੂਕਾ ਹੁੰਦਾ ਸੀ। ਸ਼ਾਦੀ ਨਹੀਂ ਕਰਾਈ। ਇਕ ਗਊ ਰੱਖਦਾ, ਖ਼ੁਦ ਉਸਦੀ ਸੇਵਾ ਕਰਦਾ ਤੇ ਗਊ ਦਾ ਪਵਿੱਤਰ ਦੁੱਧ ਘੀ ਇਸਤੇਮਾਲ ਕਰਦਾ। ੧੯੩੬ ਵਿੱਚ ਜਦ ਸਭ ਪੰਜਾਬ ਦੀਆਂ ਪੁਲੀਟੀਕਲ ਪਾਰਟੀਆਂ ਕਾਂਗਰਸ ਵਿੱਚ ਸ਼ਾਮਲ ਹੋ ਗਈਆਂ ਤਾਂ ਪਹਿਲਾ ਸਵਾਲ ਸਾਹਮਣੇ ਆਇਆ ਕਿ ਕਾਂਗਰਸ ਨੂੰ ਪਿੰਡਾਂ ਤੱਕ ਲਿਜਾਇਆ ਜਾਏ। ਸਿਆਸੀ ਵਰਕਰਾਂ ਦੀ ਮਾਲੀ ਹਾਲਤ ਖਸਤਾ ਸੀ। ਜੰਗਾ ਸਿੰਘ ਜੀ ਨੇ ਬਿਲਗੇ ਦੇ ਵਰਕਰਾਂ ਨੂੰ ਐਲਾਨ ਕਰ ਦਿੱਤਾ ਸੀ ਕਿ ਮੈਨੂੰ ਦੋ ਦਿਨ ਪਹਿਲਾਂ ਦੱਸ ਦਿਆ ਕਰੋ, ਮੈਂ ਕਾਂਗਰਸ ਦੀ ਭਰਤੀ ਲਈ ਤੁਹਾਡੇ ਨਾਲ ਜਾਇਆ ਕਰਾਂਗਾ ਤੇ ਕਦੇ ਵੀ ਭੁੱਖਿਆ ਨਹੀਂ ਰਹਿਣ ਦਿਆਂਗਾ। ਇਨ੍ਹਾਂ ਦੋ ਦਿਨਾਂ ਵਿੱਚ ਉਸਨੇ ਖੱਦਰ ਦੀ ਆਪਣੀ ਕੂਕੀ ਵਰਦੀ ਧੋ-ਧੋ ਚਿੱਟੇ ਦੁੱਧ ਵਰਗੀ ਕਰ ਲੈਣੀ ਤੇ ਸਰਵ ਲੋਹ ਦਾ ਗੜਵਾ ਮਾਂਜ-ਮਾਂਜ ਕੇ ਸੂਰਜ ਵਾਂਗੂ ਲਿਸ਼ਕਾ ਲੈਣਾ। ਗਊ ਦੇ ਪੱਠੇ ਦੱਥੇ ਦਾ ਇੰਤਜ਼ਾਮ ਕਰ ਜੰਗਾ ਸਿੰਘ ਨੇ ਕੂਕਿਆਂ ਦੇ ਫੌਜੀ ਅਫਸਰਾਂ ਵਾਂਗ ਅੱਗੇ-ਅੱਗੇ ਛਾਲਾਂ ਮਾਰਦੇ ਪੈਲਾਂ ਪਾਉਂਦਿਆਂ ਤੁਰਨਾ। ਇਕ ਪਿੰਡੋਂ ਦੂਜੇ ਪਿੰਡ ਪ੍ਰਚਾਰ ਕਰਕੇ ਭਰਤੀ ਕਰਦਿਆਂ ਜਦ ਦੁਪਹਿਰ ਹੋ ਜਾਣੀ ਤਾਂ ਜੰਗਾ ਸਿੰਘ ਨੇ ਕਦੇ ਮੁੱਠਡਾ ਕਲਾਂ ਭਾਈ ਸ਼ੀਹਾਂ ਸਿੰਘ ਵੱਲ ਜਾਂ ਮੋਰੋਂ ਦੇ ਕੂਕਿਆਂ ਦੇ ਘਰਾਂ ਵੱਲ ਤੋਰ ਲੈਣਾ। ਕੂਕਿਆਂ ਦੀ ਮਹਿਮਾਨ ਨਿਵਾਜ਼ੀ ਕਮਾਲ ਦੀ ਸੀ। ਉਹਨਾਂ ਨੂੰ ਦੇਸ਼ ਭਗਤਾਂ ਦੇ ਆਉਣ 'ਤੇ ਚਾਅ ਚੜ੍ਹ ਜਾਣਾ। ਸ਼ੁੱਧ ਦੇਸੀ ਘਿਓ ਨਾਲ ਤਿਆਰ ਕੀਤੇ ਪ੍ਰਸ਼ਾਦੇ ਤੇ ਗਲਾਸ-ਗਲਾਸ ਗਊ ਦਾ ਦੁੱਧ ਪੀ ਕੇ ਕੌਮੀ ਵਰਕਰਾਂ ਦੇ ਥਕੇਵੇਂ ਲਹਿ ਜਾਣੇ।

ਮੁਲਕ ਦੀ ਅਜ਼ਾਦੀ ਤੇ ਦੇਸ਼ਭਗਤੀ ਕੂਕਿਆਂ ਦੇ ਖ਼ੂਨ ਵਿਚ ਰਚੀ ਹੋਈ ਸੀ। ਸ਼ਹੀਦ ਭਗਤ ਸਿੰਘ ਨੇ ਕਿਰਤੀ ਰਸਾਲੇ ਵਿੱਚ, ਜਦ ਆਪ ਉਹ ਕਿਰਤੀ ਰਸਾਲੇ ਦੇ ਸਬ ਐਡੀਟਰ ਸਨ, ਕੂਕਾ ਲਹਿਰ ਦੀ ਮੁਲਕ ਨੂੰ ਦੇਣ ਬਾਰੇ ਮਜ਼ਮੂਨ ਲਿਖੇ। ਅੱਜ ਵੀ ਭਾਰਤ ਤੇ ਪਾਕਿਸਤਾਨ ਦੇ ਤਾਰੀਖ ਦੇ ਲਿਖਾਰੀ ਕੂਕਾ ਲਹਿਰ ਦਾ ਜ਼ਿਕਰ ਮਾਣ ਨਾਲ ਕਰਦੇ ਹਨ।

(ਭਗਤ ਸਿੰਘ ਬਿਲਗਾ ਦੀ ਨਵੀਂ ਕਿਤਾਬ 'ਮੇਰਾ ਵਤਨ' ਵਿਚੋਂ)



Sri Satguru Jagjit Singh Ji eLibrary NamdhariElibrary@gmail.com

# ਬਚਿਤ੍ਰ ਨਾਟਕ—ਇਕ ਅਪੂਰਵ ਕ੍ਰਿਤੀ

—ਪ੍ਰਿੰਸੀਪਲ ਬੇਅੰਤ ਕੌਰ

## ਭੁਜੰਗ ਪ੍ਰਯਾਤ ਛੰਦ॥

**ਬਿਨਾ ਸਰਨ ਤਾਕੀ ਨ ਅਉਰੈ ਉਪਾਯੰ॥**
**ਕਹਾ ਦੇਵ ਦਈਤੰ ਕਹਾ ਰੰਕ ਰਾਯੰ॥**
**ਕਹਾ ਪਾਤਸਾਹੰ ਕਹਾ ਉਮਰਾਯੰ॥**
**ਬਿਨਾ ਸਰਨ ਤਾਕੀ ਨ ਕੋਟੈ ਉਪਾਯੰ॥੭੬॥**

**ਸ਼ਬਦਾਰਥ**—ਉਮਰਾਯੰ-ਹਾਕਮ ਲੋਕ। ਦਈਤੰ-ਦੈਂਤ। ਰਾਯੰ-ਰਾਜਾ।

**ਭਾਵਾਰਥ**—ਉਸ ਮਹਾਕਾਲ ਦੀ ਸ਼ਰਨ ਤੋਂ ਬਿਨਾਂ ਬਚਾਓ ਦਾ ਕੋਈ ਹੋਰ ਸਾਧਨ ਨਹੀਂ। ਚਾਹੇ ਕੋਈ ਦੇਵਤਾ ਹੈ ਜਾਂ ਦੈਂਤ ਹੈ। ਭਾਵੇਂ ਕੋਈ ਗਰੀਬ ਹੈ ਭਾਵੇਂ ਰਾਜਾ, ਭਾਵੇਂ ਕੋਈ ਬਾਦਸ਼ਾਹ ਹੀ ਕਿਉਂ ਨਾ ਹੋਵੇ, ਜਾਂ ਅਹਿਲਕਾਰ ਹੀ ਕਿਉਂ ਨਾ ਹੋਵੇ। ਉਹ ਕਰੋੜਾਂ ਉਪਾਅ ਕਿਉਂ ਨਾ ਕਰ ਲੈਣ, ਮਹਾਕਾਲ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਬਚਾਓ ਦਾ ਸਾਧਨ ਨਹੀਂ।

**ਜਿਤੇ ਜੀਵ ਜੰਤੰ ਸੁ ਦੁਨੀਅੰ ਉਪਾਯੰ॥**
**ਸਭੈ ਅੰਤਿ ਕਾਲੰ ਬਲੀ ਕਾਲ ਘਾਯੰ॥**
**ਬਿਨਾ ਸਰਨ ਤਾਕੀ ਨਹੀ ਔਰ ਓਟੰ॥**
**ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ॥੭੭॥**

**ਸ਼ਬਦਾਰਥ**—ਦੁਨੀਅੰ-ਦੁਨੀਆ ਵਿੱਚ। ਅੰਤ ਕਾਲੰ-ਆਖਰੀ ਸਮੇਂ ਵਿੱਚ। ਬਲੀ ਕਾਲ-ਬਲਸ਼ਾਲੀ ਕਾਲ ਰੂਪ। ਘਾਯੰ-ਮਾਰ ਦਿੱਤੇ।

**ਭਾਵਾਰਥ**—ਉਸ ਅਕਾਲ ਪੁਰਖ ਨੇ ਜਿੰਨੇ ਵੀ ਜ਼ੀਵ ਇਸ ਦੁਨੀਆਂ ਵਿੱਚ ਪੈਦਾ ਕੀਤੇ ਹਨ, ਉਹਨਾਂ ਸਾਰਿਆਂ ਨੂੰ ਬਲਵਾਨ ਕਾਲ ਨੇ ਮਾਰ ਮੁਕਾਇਆ ਹੈ। ਉਸ ਕਾਲ ਪੁਰਖ ਦੇ ਆਸਰੇ ਤੋਂ ਬਿਨਾਂ ਹੋਰ ਕੋਈ ਆਸਰਾ ਨਹੀਂ, ਬੇਸ਼ਕ ਉਹ ਕਿੰਨੇ ਵੀ ਜੰਤਰ ਲਿਖ ਲਵੇ ਜਾਂ ਕਰੋੜਾਂ ਹੀ ਮੰਤਰਾਂ ਦਾ ਜਾਪ ਕਰ ਲਵੇ।

## ਨਰਾਜ ਛੰਦ॥

**ਜਿਤੇਕਿ ਰਾਜ ਰੰਕਯੰ॥ ਹਨੇ ਸੁ ਕਾਲ ਬੰਕਯੰ॥**
**ਜਿਤੇਕ ਲੋਕ ਪਾਲਯੰ॥ ਨਿਦਾਨ ਕਾਲ ਦਾਲਯੰ॥੭੮॥**

**ਸ਼ਬਦਾਰਥ**—ਜਿਤੇਕਿ-ਜਿੰਨੇ ਵੀ। ਬੰਕਯੰ-ਸੁੰਦਰ। ਨਿਦਾਨ-ਅੰਤ ਨੂੰ। ਦਾਲਯੰ-ਦਲ ਸੁੱਟੇ।

**ਭਾਵਾਰਥ**—ਜਿੰਨੇ ਵੀ ਰਾਜੇ ਤੇ ਗਰੀਬ ਹੋਏ ਹਨ, ਉਹਨਾਂ ਸਾਰਿਆਂ ਨੂੰ ਸੁੰਦਰ ਕਾਲ ਨੇ ਮਾਰ ਮੁਕਾਇਆ, ਜਿੰਨੇ ਵੀ ਲੋਕਾਂ ਦੀ ਪਾਲਣਾ ਕਰਨ ਵਾਲੇ ਹੋਏ ਹਨ, ਉਹਨਾਂ ਸਾਰਿਆਂ ਨੂੰ ਅੰਤ ਵਿਚ ਬਲਸ਼ਾਲੀ ਕਾਲ ਨੇ ਦਲ ਸੁੱਟਿਆ, ਮਲੀਆ-ਮੇਟ ਕਰ ਦਿੱਤਾ।

**ਕ੍ਰਿਪਾਣ ਪਾਣ ਜੇ ਜਪੈ॥ ਅਨੰਤ ਥਾਟ ਤੇ ਥਪੈ॥**
**ਜਿਤੇਕ ਕਾਲ ਧਿਆਇ ਹੈ॥ ਜਗੱਤਿ ਜੀਤ ਜਾਇ ਹੈ॥੭੯॥**

**ਸ਼ਬਦਾਰਥ**—ਪਾਣ-ਹੱਥ। ਥਾਟ-ਵਿਉਂਤ। ਜਿਤੇਕ-ਜਿੰਨੇ ਵੀ।

**ਭਾਵਾਰਥ**—ਆਪਣੇ ਹੱਥ ਵਿੱਚ ਕ੍ਰਿਪਾਨ ਧਾਰਨ ਵਾਲਾ ਜੋ ਵੀ ਮਨੁੱਖ ਉਸਦਾ ਜਾਪ ਕਰਦਾ ਹੈ, ਅਤੇ ਬੇਅੰਤ ਵਿਉਂਤਾਂ ਰਾਹੀਂ ਉਸਦੀ ਪੂਜਾ ਕਰਦਾ ਹੈ, ਜੋ ਜੋ ਵੀ ਉਸ ਕਾਲ ਪੁਰਖ ਦਾ ਸਿਮਰਨ ਕਰਦਾ ਹੈ ਉਹ ਸਾਰੇ ਸੰਸਾਰ ਉੱਤੇ ਜਿੱਤ ਪ੍ਰਾਪਤ ਕਰ ਲਏਗਾ।

**ਬਚਿਤ੍ਰ ਚਾਰ ਚਿਤ੍ਰਯੰ॥ ਪਰਮਯੰ ਪਵਿਤ੍ਰਯੰ॥**
**ਅਲੋਕ ਰੂਪ ਰਾਜਿਯੰ॥ ਸੁਣੇ ਸੁ ਪਾਪ ਭਾਜਯੰ॥੮੦॥**

**ਸ਼ਬਦਾਰਥ**—ਬਚਿਤ੍ਰ-ਅਸਚਰਜ। ਪਰਮਯੰ-ਬਹੁਤ ਅਧਿਕ। ਅਲੋਕ-ਜਿਹੋ ਜਿਹਾ ਦੁਨੀਆਂ ਵਿੱਚ ਕੋਈ ਹੋਰ ਨਾ ਹੋਵੇ।

**ਭਾਵਾਰਥ**—ਉਸ ਕਾਲ ਪੁਰਖ ਦੇ ਸੁੰਦਰ ਅਸਚਰਜ ਰੂਪ ਹਨ, ਜੋ ਬਹੁਤ ਹੀ ਅਧਿਕ ਪਵਿਤਰ ਹਨ। ਉਹ ਬਹੁਤ ਹੀ ਅਦੁੱਤੀ ਰੂਪਾਂ ਵਿਚ ਸੋਭ ਰਿਹਾ ਹੈ, ਉਸਦਾ ਨਾਮ ਸੁਣਕੇ ਸਾਰੇ ਪਾਪ ਖੰਭ ਲਾ ਕੇ ਉੱਡ ਜਾਂਦੇ ਹਨ।

**ਬਿਸਾਲ ਲਾਲ ਲੋਚਨੰ॥ ਬਿਅੰਤ ਪਾਪ ਮੋਚਨੰ॥**
**ਚਮਕ ਚੰਦ੍ਰ ਚਾਰਯੰ॥ ਅਘੀ ਅਨੇਕ ਤਾਰਯੰ॥੮੧॥**

**ਸ਼ਬਦਾਰਥ**—ਲੋਚਨੰ-ਨੇਤ੍ਰ, ਅੱਖਾਂ। ਮੋਚਨੰ-ਲਾਹੁਣ ਵਾਲੇ। ਚਾਰੀਅੰ-ਸੁੰਦਰ। ਅਘੀ-ਪਾਪੀ।

**ਭਾਵਾਰਥ**—ਉਸ ਮਹਾਕਾਲ ਦੇ ਨੇਤ੍ਰ ਬੜੇ ਵੱਡੇ ਵੱਡੇ ਅਤੇ ਲਾਲ ਹਨ, ਉਹ ਅਨੰਤ ਪਾਪਾਂ ਦਾ ਨਾਸ ਕਰਦੇ ਹਨ। ਉਹਨਾਂ ਦੀ ਚਮਕ ਚੰਦ੍ਰਮਾ ਦੀ ਚਮਕ ਨਾਲੋਂ ਵੀ ਸੁੰਦਰ ਹੈ,



Sri Satguru Jagjit Singh Ji eLibrary NamdhariElibrary@gmail.com

ਅਤੇ ਉਹ ਅਣਗਿਣਤ ਪਾਪੀਆਂ ਨੂੰ ਤਾਰ ਦਿੰਦਾ ਹੈ।

### ਰਸਾਵਲ ਛੰਦ॥

**ਜਿਤੇ ਲੋਕ ਪਾਲੰ॥ ਤਿਤੇ ਜੇਰ ਕਾਲੰ॥**

**ਜਿਤੇ ਸੂਰ ਚੰਦ੍ਰੰ॥ ਕਹਾ ਇੰਦ੍ਰ ਬਿੰਦ੍ਰੰ॥੯੨॥**

ਸ਼ਬਦਾਰਥ—ਜੇਰ-ਅਧੀਨ। ਬਿੰਦ੍ਰੰ-ਤੁੱਛ।

ਭਾਵਾਰਥ—ਜਿੰਨੇ ਵੀ ਲੋਕਾਂ ਨੂੰ ਪਾਲਨ ਵਾਲੇ ਹਨ, ਉਹ ਸਾਰੇ ਦੇ ਸਾਰੇ ਹੀ ਕਾਲ ਦੇ ਅਧੀਨ ਹਨ। ਕੀ ਸੂਰਜ, ਕੀ ਚੰਦ੍ਰਮਾ, ਕੀ ਇੰਦ੍ਰ ਵਰਗੇ ਰਾਜੇ ਇਹ ਸਾਰੇ ਹੀ ਕਾਲ ਦੇ ਅਧੀਨ ਹਨ।

### ਭੁਜੰਗ ਪ੍ਰਯਾਤ ਛੰਦ॥

**ਫਿਰੈ ਚੌਦਹੂੰ ਲੋਕਯੰ ਕਾਲ ਚੱਕ੍ਰੰ॥**

**ਸਭੈ ਨਾਥ ਨਾਥੇ ਭ੍ਰਮੰ ਭਉਹ ਬੱਕ੍ਰੰ॥**

**ਕਹਾ ਰਾਮ ਕ੍ਰਿਸਨੰ ਕਹਾ ਚੰਦ ਸੂਰੰ॥**

**ਸਭੈ ਹਾਥ ਬਾਧੇ ਖਰੇ ਕਾਲ ਹਜੂਰੰ॥੯੩॥**

ਸ਼ਬਦਾਰਥ—ਨਾਥ-ਮਾਲਿਕ। ਬੱਕ੍ਰੰ-ਟੇਢੀ।

ਭਾਵਾਰਥ—ਉਸ ਮਹਾ ਕਾਲ ਪ੍ਰਭੂ ਦਾ ਚੱਕਰ ਚੌਦਾਂ ਲੋਕਾਂ ਵਿਚ ਫਿਰ ਰਿਹਾ ਹੈ, ਉਸ ਵਿਚ ਵਿਚਰ ਰਹੇ ਸਾਰੇ ਪ੍ਰਾਣੀ ਭਾਵੇਂ ਉਹ ਕਿੰਨੇ ਵੀ ਵੱਡੇ ਸੁਆਮੀ ਕਿਉਂ ਨਾ ਹੋਣ, ਉਹ ਸਾਰੇ ਕਾਲ ਦੀਆਂ ਟੇਢੀਆਂ ਭਉਹਾਂ ਕਰਨ ਤੇ ਨੱਥ ਵਿਚ ਨੱਥੇ ਹੋਏ ਫਿਰਦੇ ਹਨ। ਕੀ ਰਾਮ ਚੰਦ੍ਰ ਜੀ, ਕੀ ਕ੍ਰਿਸ਼ਨ ਜੀ, ਕੀ ਚੰਦ੍ਰਮਾ ਅਤੇ ਕੀ ਸੂਰਜ, ਸਾਰੇ ਦੇ ਸਾਰੇ ਹੀ ਉਸ ਕਾਲ ਦੇ ਸਾਹਮਣੇ ਹੱਥ ਜੋੜ ਕੇ ਉਸ ਦੇ ਹਜ਼ੂਰ ਖੜੇ ਹਨ।

### ਸਵੈਯਾ॥

**ਕਾਲਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾ ਕੀ ਕਲਾ ਹੈ॥**

**ਕਾਲਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ॥**

**ਕਾਲ ਹੀ ਪਾਇ ਸੁਰਾ ਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ॥**

**ਔਰ ਸਕਾਲ ਸਭੈ ਬਸਿ ਕਾਲ ਕੈ ਏਕ ਹੀ ਕਾਲ ਅਕਾਲ ਸਦਾ ਹੈ॥੯੪॥**

ਸ਼ਬਦਾਰਥ—ਭਗਵਾਨ-ਵਿਸ਼ਨੂੰ। ਕਲਾ-ਸ਼ਕਤੀ। ਜੁਗੀਆ-ਜੋਗੀ ਦੱਤਾ ਤ੍ਰੇਯ। ਸੁਰਾ ਸੁਰ-ਸੁਰ ਅਤੇ ਅਸੁਰ। ਭੁਜੰਗ-ਨਾਗ ਸੱਪ। ਦਿਸਾ ਬਿਦਿਸਾ-ਚਾਰੋ ਦਿਸ਼ਾਵਾਂ ਅਤੇ ਉਹਨਾਂ ਦੇ ਕੋਣੇ। ਸਕਾਲ-ਕਾਲ ਅਧੀਨ। ਅਕਾਲ-ਸ੍ਰੀ ਅਕਾਲ ਪੁਰਖ।

ਭਾਵਾਰਥ—ਸ੍ਰੀ ਵਿਸ਼ਨੂੰ ਜੀ ਨੂੰ, ਜਿਨ੍ਹਾਂ ਦੀ ਕਲਾ ਸਾਰੇ ਸੰਸਾਰ ਵਿੱਚ ਵਰਤ ਰਹੀ ਹੈ, ਕਾਲ ਦੀ ਕ੍ਰਿਪਾ ਨਾਲ ਹੀ ਭਗਵਾਨ ਦੀ ਪਦਵੀ ਪ੍ਰਾਪਤ ਹੋਈ ਹੈ। ਕਾਲ ਦੀ ਕ੍ਰਿਪਾ ਨਾਲ ਹੀ ਬ੍ਰਹਮਾ ਜੀ, ਸ਼ਿਵ ਜੀ ਅਤੇ ਜੋਗੀ ਹੋਏ ਹਨ। ਕਾਲ ਦੇ ਬਣਾਏ ਹੋਏ ਦੇਵਤੇ, ਦੈਂਤ ਗੰਧ੍ਰਬ, ਸੱਪ, ਚਾਰੋ ਦਿਸ਼ਾਵਾਂ (ਪੂਰਵ, ਪੱਛਮ, ਉੱਤਰ, ਦੱਖਣ) ਅਤੇ ਬਿਦਿਸ਼ਾ (ਉਪਦਿਸਾ-ਪਰਬਤੀ ਕੋਣ, ਪੱਛਮੋਤ੍ਰੀ ਕੋਣ, ਪੂਰਬ ਦੱਖਣ ਦੀ ਕੋਣ, ਪੱਛਣ ਦੱਖਣ ਦੀ ਕੋਣ, ਉਤਾਹਾਂ ਤੇ ਹਿਠਾਹਾਂ) ਹਨ। ਹੋਰ ਵੀ ਜਿੰਨੇ ਜੀਵ ਜੰਤੂ ਹਨ, ਉਹ ਸਾਰੇ ਕਾਲ ਦੇ ਵੱਸ ਵਿੱਚ ਹਨ। ਬਸ ਇੱਕ ਅਕਾਲ ਪੁਰਖ ਆਪ ਹੀ ਹੈ ਜੋ ਸਦਾ ਕਾਲ ਤੋਂ ਰਹਿਤ ਹੈ।

### ਭੁਜੰਗ ਪ੍ਰਯਾਤ ਛੰਦ॥

**ਨਮੋ ਦੇਵ ਦੇਵੰ ਨਮੋ ਖੜਗਧਾਰੰ॥**

**ਸਦਾ ਏਕ ਰੂਪੰ ਸਦਾ ਨਿਰਬਿਕਾਰੰ॥**

**ਨਮੋ ਰਾਜਸੰ ਸਾਤਕੰ ਤਾਮਸੇਅੰ॥**

**ਨਮੋ ਨਿਰਬਿਕਾਰੰ ਨਮੋ ਨਿਰਜੁਰੇਅੰ॥੯੫॥**

ਸ਼ਬਦਾਰਥ—ਰਾਜਸੰ-ਰਜੋ ਗੁਣੀ। ਸਾਤਕੰ-ਸਤੋ ਗੁਣੀ। ਤਾਮਸੰ-ਤਮੋ ਗੁਣੀ। ਨਿਰਜੁਰੇਅੰ-ਰੋਗ ਰਹਿਤ।

ਭਾਵਾਰਥ—ਦੇਵਤਿਆਂ ਦਾ ਵੀ ਦੇਵਤੇ ਨੂੰ ਨਮਸਕਾਰ ਹੈ, ਤਲਵਾਰ ਧਾਰਨ ਕਰਨ ਵਾਲੇ ਨੂੰ ਮੇਰੀ ਨਮਸਕਾਰ। ਉਹ ਸਦਾ ਇਕ ਰੂਪ ਹੈ ਅਤੇ ਬਿਕਾਰਾਂ ਤੋਂ ਰਹਿਤ ਹੈ। ਰਜੋ ਗੁਣੀ, ਸਤੋ ਗੁਣੀ ਅਤੇ ਤਮੋ ਗੁਣੀ ਪ੍ਰਭੂ ਨੂੰ ਨਮਸਕਾਰ ਹੈ। ਵਿਕਾਰਾਂ ਤੋਂ ਰਹਿਤ ਅਤੇ ਰੋਗ ਤੋਂ ਰਹਿਤ ਕਾਲ ਪੁਰਖ ਦੇ ਚਰਨਾਂ ਉੱਤੇ ਮੇਰੀ ਨਮਸਕਾਰ ਹੈ।

### ਰਸਾਵਲ ਛੰਦ॥

**ਨਮੋ ਬਾਨ ਪਾਣੰ॥ ਨਮੋ ਨਿਰਭਯਾਣੰ॥**

**ਨਮੋ ਦੇਵ ਦੇਵੰ॥ ਭਵਾਨੰ ਭਵੇਅੰ॥੯੬॥**

ਸ਼ਬਦਾਰਥ—ਨਿਰਭਯਾਣੰ-ਨਿਰਭੈ। ਭਵਾਣੰ-ਜੋ ਹੈ। ਭਵੇਅੰ-ਜਿਸਦੀ ਹੋਂਦ ਸੰਭਵ ਹੈ।

ਭਾਵਾਰਥ—ਹੱਥ ਵਿਚ ਤੀਰ ਧਨੁਸ਼ ਫੜਨ ਵਾਲੇ ਪ੍ਰਭੂ ਨੂੰ ਜੋ ਨਿਰਭੈ ਹੈ, ਮੇਰੀ ਨਮਸਕਾਰ ਹੈ। ਦੇਵਤਿਆਂ ਦੇ ਵੱਡੇ ਦੇਵਤੇ ਨੂੰ ਮੇਰੀ ਨਮਸਕਾਰ ਹੈ। ਉਹ ਹਰ ਸਮੇਂ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਹੋਵੇਗਾ।

### ਭੁਜੰਗ ਪ੍ਰਯਾਤ ਛੰਦ॥

**ਨਮੋ ਖੱਗ ਖੰਡੰ ਕ੍ਰਿਪਾਣੰ ਕਟਾਰੰ॥**

**ਸਦਾ ਏਕ ਰੂਪੰ ਸਦਾ ਨਿਰ ਬਿਕਾਰੰ॥**

**ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ॥**

**ਜਿਨੈ ਚੌਦਹੂੰ ਲੋਕ ਜੋਤੰ ਬਿਥਾਰਿਯੰ॥੯੭॥**



Sri Satguru Jagjit Singh Ji eLibrary NamdhariElibrary@gmail.com

**ਸ਼ਬਦਾਰਥ**—ਖੰਡੰ-ਖੰਡਾ। ਧਾਰਯੰ-ਧਾਰਨ ਕੀਤਾ ਹੋਇਆ ਹੈ।

**ਭਾਵਾਰਥ**—ਖੜਗ, ਖੰਡਾ, ਕ੍ਰਿਪਾਨ, ਕਟਾਰ ਧਾਰਨ ਕਰਨ ਵਾਲੇ ਨੂੰ ਮੇਰੀ ਨਮਸਕਾਰ ਹੈ। ਉਹ ਸਦਾ ਇਕ ਰੂਪ ਹੈ ਅਤੇ ਵਿਕਾਰਾਂ ਤੋਂ ਰਹਿਤ ਹੈ। ਹੱਥ ਵਿਚ ਤੀਰ ਫੜਨ ਵਾਲੇ ਅਤੇ ਸਲੋਤਰ ਧਾਰਨ ਵਾਲ ਕਾਲ ਨੂੰ ਮੇਰੀ ਪ੍ਰਣਾਮ ਹੈ। ਉਸ ਮਹਾਕਾਲ ਪ੍ਰਭੂ ਦੀ ਜੋਤ ਚੌਦਾਂ ਲੋਕਾਂ ਵਿਚ ਪ੍ਰਕਾਸ਼ਮਾਨ ਹੋ ਰਹੀ ਹੈ।

**ਨਮਸਕਾਰਯੰ ਮੋਰ ਤੀਰੰ ਤੁਫੰਗੰ॥**

**ਨਮੋ ਖੱਗ ਅਦਗੰ ਅਭੇਅੰ ਅਭੰਗੰ॥**

**ਗਦਾਯੰ ਗ੍ਰਿਸਟੰ ਨਮੋ ਸੈਹਥੀਅੰ॥**

**ਜਿਨੈ ਤੁੱਲੀਅੰ ਬੀਰ ਬੀਯੋ ਨ ਬੀਅੰ॥੮੮॥**

**ਸ਼ਬਦਾਰਥ**—ਮੋਰ-ਮੇਰੀ। ਤੁਫੰਗੰ-ਬੰਦੂਕ। ਅਦਗੰ-ਦਾਗ ਤੋਂ ਰਹਿਤ। ਅਭੇਅੰ-ਵਿੰਨ੍ਹੀ ਨਾ ਜਾਣ ਵਾਲੀ। ਅਭੰਗੰ-ਨਾ ਟੁੱਟਣ ਵਾਲੀ। ਗਦਾਯੰ-ਗਦਾ। ਗ੍ਰਿਸਟੰ-ਭਾਰੀ। ਸੈਹਥੀਯੰ-ਬਰਛੀ। ਤੁਲੀਯੰ-ਬਰਾਬਰ। ਬੀਯੋ-ਹੋਰ। ਨ ਬੀਯੰ-ਕੋਈ ਦੂਜਾ ਹੋਰ ਨਹੀਂ।

**ਭਾਵਾਰਥ**—ਕਾਲ ਰੂਪੀ ਤੀਰ ਅਤੇ ਬੰਦੂਕ ਨੂੰ ਮੇਰੀ ਨਮਸਕਾਰ ਹੈ। ਨਾ ਵਿੰਨ੍ਹੀ ਜਾਣ ਵਾਲੀ ਚਮਕਦੀ ਤਲਵਾਰ ਨੂੰ ਮੇਰੀ ਨਮਸਕਾਰ। ਕਾਲ ਰੂਪੀ ਭਾਰੀ ਗਦਾ ਅਤੇ ਬਰਛੀ ਨੂੰ ਮੇਰੀ ਪ੍ਰਣਾਮ ਹੈ। ਉਸ ਮਹਾਕਾਲ ਦੇ ਬਰਾਬਰ ਨਾ ਕੋਈ ਸੂਰਮਾ ਹੋਇਆ ਹੈ ਅਤੇ ਨਾ ਹੀ ਕੋਈ ਦੂਸਰਾ ਹੋਵੇਗਾ।

## ਰਸਾਵਲ ਛੰਦ॥

**ਨਮੋ ਚੱਕ੍ਰ ਪਾਣੰ॥ ਅਭੂਤੰ ਭਯਾਣੰ॥**

**ਨਮੋ ਉਗ੍ਰ ਦਾੜੰ॥ ਮਹਾਂ ਗ੍ਰਿਸਟ ਗਾੜੰ॥੮੯॥**

**ਸ਼ਬਦਾਰਥ**—ਅਭੂਤੰ-ਅਸਚਰਜ। ਉਗ੍ਰਦਾੜੰ-ਤਿਖੀਆਂ ਦਾੜ੍ਹਾਂ। ਗਾੜੰ-ਬਹੁਤ ਮਜਬੂਤ।

**ਭਾਵਾਰਥ**—ਉਹ ਮਹਾਕਾਲ ਜਿਸਦੇ ਹੱਥ ਵਿਚ ਚੱਕਰ ਹੈ, ਉਸਨੂੰ ਮੇਰੀ ਨਮਸਕਾਰ ਅਸਚਰਜ ਅਤੇ ਭਿਆਨਕ ਰੂਪ ਵਾਲੇ ਨੂੰ ਮੇਰੀ ਪ੍ਰਣਾਮ ਹੈ। ਤੇਜ, ਤਿੱਖੀਆਂ, ਭਾਰੀ ਅਤੇ ਮਜਬੂਤ ਦਾੜ੍ਹਾਂ ਵਾਲੇ ਨੂੰ ਮੇਰੀ ਨਮਸਕਾਰ ਹੈ।

**ਨਮੋ ਤੀਰ ਤੋਪੰ॥ ਜਿਨੈ ਸਤ੍ਰ ਘੋਪੰ॥**

**ਨਮੋ ਧੋਪ ਪੱਟੰ॥ ਜਿਨੈ ਦੁਸਟ ਦੱਟੰ॥੯੦॥**

**ਸ਼ਬਦਾਰਥ**—ਘੋਪੰ-ਵਿਨ੍ਹਿਆਂ। ਧੋਪ-ਸਿਧੀ ਤਲਵਾਰ। ਪੱਟੰ-ਸਿੱਧੀ ਅਤੇ ਪਤਲੀ ਤਲਵਾਰ। ਦੱਟੰ-ਦਬਕਾਇਆ।

**ਭਾਵਾਰਥ**—ਤੀਰ ਅਤੇ ਤੋਪ ਵਾਲੇ ਮਹਾਕਾਲ ਨੂੰ ਮੇਰੀ ਨਮਸਕਾਰ, ਜਿਸਨੇ ਤੀਰਾਂ ਅਤੇ ਤੋਪਾਂ ਦੇ ਨਾਲ ਦੁਸ਼ਮਣਾਂ ਨੂੰ ਵਿੰਨ੍ਹ ਦਿੱਤਾ ਹੈ। ਮੇਰੀ ਨਮਸਕਾਰ ਹੈ ਉਸ ਸਿੱਧੀ ਅਤੇ ਪਤਲੀ ਤਲਵਾਰ ਰੂਪੀ ਕਾਲ ਨੂੰ ਜਿਸਨੇ ਦੁਸ਼ਟਾਂ ਨੂੰ ਦਬਕਾਇਆ ਹੈ।

**ਜਿਤੇ ਸਸਤ੍ਰ ਨਾਮੰ॥ ਨਮਸਕਾਰ ਤਾਮੰ॥**

**ਜਿਤੇ ਅਸਤ੍ਰ ਭੇਯੰ॥ ਨਸਮਕਾਰ ਤੇਯੰ॥੯੧॥**

**ਸ਼ਬਦਾਰਥ**—ਤਾਮੰ-ਤਿੰਨ੍ਹਾਂ ਸਾਰਿਆਂ ਨੂੰ। ਭੇਯੰ-ਹੋਏ ਹਨ।

**ਭਾਵਾਰਥ**—ਜਿੰਨੇ ਵੀ ਨਾਮ ਵਾਲੇ ਸ਼ਸਤ੍ਰ ਹਨ, ਉਹਨਾਂ ਸਾਰਿਆਂ ਨੂੰ ਮੈਂ ਕਾਲ ਰੂਪ ਹੋਣ ਕਰਕੇ ਨਮਸਕਾਰ ਕਰਦਾ ਹਾਂ। ਜਿੰਨੇ ਵੀ ਅਸਤ੍ਰਾਂ ਦੇ ਭੇਦ ਹਨ ਉਹਨਾਂ ਸਾਰਿਆਂ ਨੂੰ ਮੈਂ ਕਾਲ ਰੂਪ ਹੋਣ ਕਰਕੇ ਨਮਸਕਾਰ ਕਰਦਾ ਹਾਂ।

## ਸਵੈਯਾ

**ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋ॥**

**ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨ ਹਾਰ ਕਹੂੰ ਕੋਊ ਮੋਸੋ॥**

**ਸੇਵ ਕਰੀ ਤੁਮਰੀ ਤਿਨ ਕੇ ਸਭਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੇ॥**

**ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ॥੯੨॥**

**ਸ਼ਬਦਾਰਥ**—ਮੇਰੁ-ਸੁਮੇਰ ਪਰਬਤ। ਤ੍ਰਿਣ-ਤਿਨਕਾ, ਤੀਲਾ। ਜਾਹਿ-ਮੇਰੇ ਵਰਗੇ ਨੂੰ। ਛਿਮੋ-ਮੁਆਫ਼ ਕਰੋ। ਆਪਨ-ਖੁਦ ਹੀ। ਦ੍ਰਬ-ਦੌਲਤ। ਭਰੋਸੇ-ਭਰਿਆ ਹੋਇਆ। ਯਾ ਕਲ-ਇਸ ਕਲਯੁਗ ਵਿੱਚ।

**ਭਾਵਾਰਥ**—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੇਨਤੀ ਕਰਦੇ ਹਨ ਕਿ ਮੇਰੇ ਵਰਗੇ ਤ੍ਰਿਣ ਸਮਾਨ ਤੁੱਛ ਜੀਵ ਨੂੰ ਤੁਸੀਂ ਸੁਮੇਰ ਪਰਬਤ ਬਣਾ ਦਿਓ, ਆਪ ਜੀ ਵਰਗਾ ਗਰੀਬਾਂ ਨੂੰ ਨਿਵਾਜਣ ਵਾਲਾ ਕੋਈ ਹੋਰ ਦੂਸਰਾ ਨਹੀਂ। ਹੇ ਪ੍ਰਭੂ ਮੇਰੀਆਂ ਸਾਰੀਆਂ ਭੁੱਲਾਂ ਨੂੰ ਬਖ਼ਸ਼ ਦਿਓ, ਮੇਰੇ ਵਰਗਾ ਭੁੱਲਣਹਾਰ ਸੰਸਾਰ ਵਿਚ ਹੋਰ ਕੋਈ ਨਹੀਂ। ਜਿਨ੍ਹਾਂ ਨੇ ਤੇਰੀ ਸੇਵਾ ਕੀਤੀ ਉਹਨਾਂ ਦੇ ਘਰ ਧਨ ਦੌਲਤ ਨਾਲ ਭਰੇ ਹੋਏ ਵੇਖੇ ਗਏ ਹਨ। ਇਸ ਕਲਿਜੁਗ ਵਿੱਚ ਕਾਲ ਕ੍ਰਿਪਾਨ ਅਤੇ ਬਾਹੂਬਲ ਵਾਲੇ ਮਹਾ ਸਹਾਇਕ ਦਾ ਹੀ ਭਰੋਸਾ ਹੈ।

**ਸੁੰਭ ਨਿਸੁੰਭ ਸੇ ਕੋਟ ਨਿਸਾਚਰ ਜਾਹਿ ਛਿਨੇਕ ਬਿਖੈ ਹਨ ਡਾਰੇ॥**

**ਧੂਮਰਲੋਚਨ ਚੰਡ ਅਉ ਮੁੰਡ ਸੇ ਮਾਹਖ ਸੇ ਪਲ ਬੀਚ ਨਿਵਾਰੇ॥**

**ਚਾਮਰ ਸੇ ਰਣਚਿੱਛੁਰ ਸੇ ਰਕਤਿੱਛਣ ਸੇ ਝਟ ਦੈ ਝਝਕਾਰੇ॥**

**ਐਸੋ ਸੁ ਸਾਹਿਬੁ ਪਾਇ ਕਹਾ ਪਰਵਾਹ ਰਹੀ ਇਸ ਦਾਸ ਤਿਹਾਰੇ॥੯੩॥**

**ਸ਼ਬਦਾਰਥ**—ਨਿਸਾਚਰ-ਦੈਂਤ। ਨਿਵਾਰੇ-ਦੂਰ ਕੀਤੇ। ਰਣ-ਜੰਗ ਵਿੱਚ। ਚਿੱਛਰ-ਇਕ ਅੱਖ ਵਾਲੇ। ਰਕਤਿੱਛਣ-



Sri Satguru Jagjit Singh Ji eLibrary NamdhariElibrary@gmail.com

ਲਾਲ ਨੈਣਾਂ ਵਾਲਾ ਦੈਂਤ। ਝਝਕਾਰੇ-ਛੇਤੀ ਹੀ ਝਾੜ ਸੁੱਟੇ।

**ਭਾਵਾਰਥ**—ਉਸ ਮਹਾਕਾਲ ਪ੍ਰਭੂ ਨੇ ਸੁੰਭ ਨਿਸੁੰਭ ਆਦਿ ਦੈਂਤ ਛਿਨ ਵਿੱਚ ਨਾਸ ਕਰ ਦਿੱਤੇ, ਧੂਮਰਲੋਚਨ, ਚੰਡਮੁੰਡ ਅਤੇ ਮਹਿਖਾਸੁਰ ਜਿਹੇ ਦੈਂਤਾਂ ਨੂੰ ਇੱਕ ਪਲ ਵਿੱਚ ਨਾਸ ਕਰ ਦਿੱਤਾ, ਚਾਮਰ, ਚਿੱਛਰ ਰਕਤਛਨ ਆਦਿ ਦੈਂਤਾਂ ਵਰਗੇ ਜੰਗ ਵਿੱਚ ਝਟ ਪਟ ਮਾਰ ਮੁਕਾਏ। ਇਹੋ ਜਿਹੇ ਉੱਚੇ ਸੁਆਮੀ ਨੂੰ ਪ੍ਰਾਪਤ ਕਰਕੇ ਤੇਰੇ ਦਾਸ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ) ਕਿਸੇ ਦੀ ਕੀ ਪ੍ਰਵਾਹ ਰਹਿ ਗਈ ਹੈ।

**ਮੁੰਡਹੁ ਸੇ ਮਧੁਕੀਟਭ ਸੇ ਮੁਰ ਸੇ ਅਘ ਸੇ ਜਿਨਿ ਕੋਟਿ ਦਲੇ ਹੈ ॥**
**ਓਟ ਕਰੀ ਕਬਹੂੰ ਨ ਜਿਨੈ ਰਣ ਚੋਟ ਪਰੀ ਪਗ ਦ੍ਵੈ ਨ ਟਲੇ ਹੈ ॥**
**ਸਿੰਧ ਬਿਖੈ ਜੇ ਨ ਬੂਡੈ ਨਿਸਾਚਰ ਪਾਵਕ ਬਾਣ ਬਹੇ ਨ ਜਲੇ ਹੈ ॥**
**ਤੇ ਅਸ ਤੋਰ ਬਿਲੋਕ ਅਲੋਕ ਸੁ ਲਾਜ ਕੋ ਛਾਡਿਕੈ ਭਾਜਿ ਚਲੇ ਹੈ ॥੯੪ ॥**

**ਸ਼ਬਦਾਰਥ**—ਪਗ-ਪੈਰ। ਸਿੰਧ-ਸਮੁੰਦਰ। ਬੂਡੈ-ਡੂਬੇ। ਪਾਵਕ ਬਾਣ-ਅਗਨ ਬਾਣ। ਅਸਿ-ਤਲਵਾਰ। ਤੋਰ-ਤੇਰੀ। ਬਿਲੋਕ-ਵੇਖਕੇ। ਅਲੋਕ-ਅਸਚਰਜ।

**ਭਾਵਾਰਥ**—ਉਸ ਮਹਾਕਾਲ ਪ੍ਰਭੂ ਨੇ ਮੁੰਡ, ਮਧੁ, ਕੀਟਭ, ਮੁਰ ਅਤੇ ਅਘਾਸੁਰ ਵਰਗੇ ਕਰੋੜਾਂ ਦੈਂਤ ਮਾਰ ਦਿੱਤੇ ਹਨ। ਜਿਨ੍ਹਾਂ ਸੂਰਬੀਰਾਂ ਨੇ ਕਦੇ ਵੀ ਬਚਾਓ ਦਾ ਸਾਧਨ ਨਹੀਂ ਕੀਤਾ, ਅਤੇ ਜੰਗ ਦਾ ਨਗਾਰਾ ਵੱਜਣ ਤੇ ਦੋ ਕਦਮ ਵੀ ਪਿਛਾਂਹ ਨਹੀਂ ਹਟੇ, ਜਿਹੜੇ ਦੈਂਤ ਸਮੁੰਦਰ ਵਿੱਚ ਨਹੀਂ ਡੁੱਬੇ ਅਤੇ ਅਗਨ ਬਾਣਾਂ ਨਾਲ ਨਹੀਂ ਸੜੇ, ਉਹ ਤੇਰੀ ਅਸਚਰਜ ਖੜਗ ਨੂੰ ਵੇਖਕੇ ਸ਼ਰਮਸਾਰ ਹੋ ਕੇ ਭੱਜ ਗਏ ਹਨ।

**ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ ॥**
**ਬਾਰਦ ਨਾਦ ਅਕੰਪਨ ਸੇ ਜਗ ਜੰਗ ਜੁਰੇ ਜਿਨ ਸਿਉ ਜਮ ਹਾਰੇ ॥**
**ਕੁੰਭ ਅਕੁੰਭ ਸੇ ਜੀਤ ਸਭੈ ਜਗ ਸਾਤ ਹੂੰ ਸਿੰਧ ਹਥੀਆਰ ਪਖਾਰੇ ॥**
**ਜੇ ਜੇ ਹੁਤੇ ਅਕਟੇ ਬਿਕਟੇ ਸੁ ਕਟੇ ਕਰਿ ਕਾਲ ਕ੍ਰਿਪਾਨ ਕੇ ਮਾਰੇ ॥੯੫ ॥**

**ਸ਼ਬਦਾਰਥ**—ਘਟਕਾਨਹੁ-ਕੁੰਭਕਰਨ ਜਿਹੇ। ਸੱਤਾਂ ਹੀ ਸਾਗਰਾਂ 'ਚ। ਬਾਰਦ ਨਾਦ-ਮੇਘਨਾਥ। ਕੁੰਭ ਅਕੁੰਭ-ਕੁੰਭਕਰਨ ਦੇ ਪੁੱਤਰ। ਸਾਤ-ਸੱਤਾਂ ਹੀ ਸਾਗਰਾਂ 'ਚ। ਅਕਟੇ-ਨਾ ਕੱਟੇ ਜਾਣ ਵਾਲੇ। ਬਿਕਟੇ-ਔਖੇ ਵੱਡੇ ਜਾਣ ਵਾਲੇ।

**ਭਾਵਾਰਥ**—ਉਸ ਕਾਲ ਪ੍ਰਭੂ ਨੇ ਰਾਵਣ, ਮਹਾ ਰਾਵਣ, ਕੁੰਭਕਰਨ ਵਰਗੇ ਯੋਧੇ ਇੱਕ ਪਲ ਵਿੱਚ ਨਾਸ ਕਰ ਦਿੱਤੇ, ਮੇਘਨਾਥ ਅਤੇ ਅਕੰਪਨ ਵਰਗੇ ਸੂਰਮੇ, ਜਿਨ੍ਹਾਂ ਨਾਲ ਯੁੱਧ ਕਰਕੇ ਜਮ ਵੀ ਹਾਰ ਗਿਆ, ਕੁੰਭ ਅਤੇ ਅਕੁੰਭ ਵਰਗੇ ਬਹਾਦਰ, ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਜਿੱਤ ਕੇ ਆਪਣੇ ਸ਼ਸਤ੍ਰ ਸੱਤਾਂ ਸਮੁੰਦਰਾਂ ਵਿੱਚ ਜਾ ਕੇ ਧੋਤੇ, ਇਹੋ ਜਿਹੇ ਹੋਰ ਅਨੇਕਾਂ ਸੂਰਮੇ ਜਿਹੜੇ ਕਿਸੇ ਕੋਲੋਂ ਕੱਟੇ ਨਹੀਂ ਗਏ, ਅਤੇ ਔਖੇ ਕੱਟੇ ਜਾਣ ਵਾਲੇ, ਉਹ ਵੀ ਸ੍ਰੀ ਕਾਲ ਦੇ ਹੱਥ ਦੀ ਤਲਵਾਰ ਨਾਲ ਕੱਟੇ ਗਏ।

**ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ ਤੌ ਕਿਹ ਕੁੰਟ ਕਹੋ ਭਜਿ ਜਈਯੈ ॥**
**ਆਗੇ ਹੂੰ ਕਾਲ ਧਰੇ ਅਸ ਗਾਜਤ ਛਾਜਤ ਹੈ ਜਿੱਹ ਤੇ ਨਸਿ ਅਈਯੈ ॥**
**ਐਸੋ ਨ ਕੈ ਗਓ ਕੋਈ ਸੁ ਦਾਵ ਰੇ ਜਾਹਿ ਉਪਾਵ ਸੋ ਘਾਵ ਬਚਈਐ ॥**
**ਜਾ ਤੇ ਨ ਛੂਟੀਐ ਮੂੜ ਕਹੂੰ ਹਸਿ ਤਾਕੀ ਨ ਕਿਉ ਸਰਣਾਗਤਿ ਜਈਯੈ ॥੯੬ ॥**

**ਸ਼ਬਦਾਰਥ**—ਅਸਿ-ਤਲਵਾਰ। ਛਾਜਤ-ਫੱਬਦਾ ਹੈ। ਘਾਟ੍ਰ-ਵਾਰ, ਹਮਲਾ। ਸਰਣਾਗਤ-ਸ਼ਰਣ ਵਿੱਚ ਆਏ ਹੋਏ।

**ਭਾਵਾਰਥ**—ਜੇ ਕੋਈ ਮੌਤ ਦੇ ਮੂੰਹ ਤੋਂ ਬਚਣਾ ਚਾਹੁੰਦਾ ਹੋਵੇ ਤਾਂ ਉਹ ਕਿਹੜੀ ਦਿਸ਼ਾ ਵਿੱਚ ਜਾ ਕੇ ਬਚ ਸਕਦਾ ਹੈ, ਜਿਸ ਪਾਸੇ ਵੀ ਉਹ ਆਪਣੀ ਜਾਨ ਬਚਾਉਣ ਲਈ ਭੱਜ ਕੇ ਜਾਂਦਾ ਹੈ, ਉਸੇ ਪਾਸੇ ਹੀ ਕਾਲ ਆਪਣੇ ਹੱਥ ਵਿਚ ਤਲਵਾਰ ਫੜਕੇ ਗੱਜ ਰਿਹਾ ਹੈ! ਉਹ ਕਿਹੜੀ ਦਿਸ਼ਾ ਵਿਚ ਭੱਜ ਕੇ ਜਾ ਸਕਦਾ ਹੈ? ਇਸ ਤਰ੍ਹਾਂ ਦਾ ਯਤਨ ਅਤੇ ਦਾਓ ਪੇਚ ਕੋਈ ਵੀ ਨਹੀਂ ਕਰ ਸਕਿਆ ਜਿਸ ਨਾਲ ਕਾਲ ਦੀ ਚੋਟ ਤੋਂ ਆਪਣੇ ਆਪ ਨੂੰ ਬਚਾਅ ਸਕਿਆ ਹੋਵੇ। ਹੇ ਮੂਰਖ! ਜਿਸ ਤੋਂ ਕਦੇ ਵੀ ਨਹੀਂ ਛੁੱਟਿਆ ਜਾ ਸਕਦਾ ਉਸ ਦੀ ਸ਼ਰਣ ਵਿਚ ਕਿਉਂ ਨਾ ਹੱਸ ਕੇ ਆਪਣੇ ਆਪ ਹੀ ਚਲੇ ਜਾਈਏ।

**ਕ੍ਰਿਸਨ ਅਉ ਬਿਸਨ ਜਪੇ ਤੁਹਿ ਕੋਟਿਕ ਰਾਮ ਰਹੀਮ ਬਲੀ ਬਿਧਿ ਧਿਆਯੋ ॥**
**ਬ੍ਰਹਮ ਜਪਿਓ ਅਰੁ ਸੰਭ ਥਪਿਓ ਤਿਹ ਤੇ ਤੁਹਿ ਕੋ ਕਿਨਹੂੰ ਨ ਬਚਾਯੋ ॥**
**ਕੋਟ ਕਰੀ ਤਪਸਾ ਦਿਨ ਕੋਟਿਕ ਕਾਹੂ ਨ ਕੌਡੀ ਕੋ ਕਾਮ ਕਢਾਯੋ ॥**
**ਕਾਮ ਕਾ ਮੰਤ੍ਰ ਕਸੀਰੇ ਕੇ ਰਾਮ ਨ ਕਾਲ ਕੋ ਘਾਉ ਕਿਨਹੂੰ ਨ ਬਚਾਯੋ ॥੯੭ ॥**

**ਸ਼ਬਦਾਰਥ**—ਰਹੀਮ-ਦਇਆਵਾਨ। ਕੋਟ-ਕਰੋੜਾਂ। ਕੋਟਿਕ-ਕਰੋੜਾਂ ਕਸੀਰੇ-ਧੇਲੇ ਦੇ।

**ਭਾਵਾਰਥ**—ਹੇ ਮਨੁੱਖ! ਤੂੰ, ਸ੍ਰੀ ਕ੍ਰਿਸ਼ਨ ਜੀ, ਸ੍ਰੀ ਵਿਸ਼ਨੂੰ ਜੀ, ਸ੍ਰੀ ਰਾਮ ਚੰਦ੍ਰ ਜੀ, ਰਹੀਮ ਆਦਿਕ ਕਰੋੜਾਂ ਹੀ ਨਾਮ ਜਪੇ ਹਨ, ਅਤੇ ਬੜੀ ਚੰਗੀ ਤਰ੍ਹਾਂ ਉਹਨਾਂ ਦਾ ਸਿਮਰਨ ਕੀਤਾ ਹੈ। ਬ੍ਰਹਮਾ ਦਾ ਜਾਪ ਕੀਤਾ, ਸ਼ਿਵ ਦੀ ਪੂਜਾ ਕੀਤੀ, ਇਹ ਸਭ ਕੁਝ ਕਰਕੇ ਵੀ, ਉਸ ਕਾਲ ਤੋਂ ਤੇਰੀ ਕੋਈ ਨਹੀਂ ਰੱਖਿਆ ਕਰ ਸਕਿਆ, ਕੋਈ ਨਹੀਂ ਬਚਾ ਸਕਿਆ। ਕਰੋੜਾਂ ਹੀ ਤਪੱਸਿਆਵਾਂ, ਚਲੀਹੇ ਕਰੋੜਾਂ ਹੀ ਦਿਨਾਂ ਤੱਕ ਲਗਾਤਾਰ ਕੀਤੇ, ਪਰ ਉਹ ਸਭ ਨਿਸਫਲ ਹੀ ਰਹੇ ਅਤੇ ਕੌਡੀ ਦੇ ਕੰਮ ਨਾ ਆਏ। ਕੰਮ ਦਾ ਉੱਤਮ ਮੰਤ੍ਰ ਵੀ ਕਿਸੇ ਦਮੜੀ ਦੇ ਕੰਮ ਨਹੀਂ ਆ ਸਕਿਆ, ਕਿਉਂਕਿ ਕਾਲ ਦੀ ਮਾਰ ਤੋਂ, ਤੈਨੂੰ ਕਿਸੇ ਨੇ ਵੀ ਨਹੀਂ ਬਚਾਇਆ।



Sri Satguru Jagjit Singh Ji eLibrary NamdhariElibrary@gmail.com

**ਕਾਹੇ ਕੋ ਕੂਰ ਕਰੇ ਤਪਸਾ ਇਨ ਕੀ ਕੋਊ ਕੌਡੀ ਕੇ ਕਾਮ ਨ ਐਹੈ॥**
**ਤੋਹੀ ਬਚਾਇ ਸਕੈ ਕਹੁ ਕੈਸੇ ਕੈ ਆਪਨ ਘਾਵ ਬਚਾਇ ਨ ਐਹੈ॥**
**ਕੋਪ ਕਰਾਲ ਕੀ ਪਾਵਕ ਕੁੰਡ ਮੈ ਆਪ ਟੰਗਿਓ ਤਿਮ ਤੋਹਿ ਟੰਗੈ ਹੈ॥**
**ਚੇਤ ਰੇ ਚੇਤ ਅਜੋ ਜੀਅ ਮੈ ਜੜ ਕਾਲ ਕ੍ਰਿਪਾ ਬਿਨੁ ਕਾਮ ਨ ਐਹੈ॥੯੮॥**

**ਸ਼ਬਦਾਰਥ**—ਕੂਰ-ਕੂੜੀ। ਕੈਸੇ ਕੇ-ਕਿਸ ਤਰ੍ਹਾਂ ਕਰਕੇ। ਕਰਾਲ-ਭਿਆਨਕ। ਪਾਵਕ ਕੁੰਡ-ਅਗਨੀ ਕੁੰਡ। ਜੜ-ਮੂਰਖ।

**ਭਾਵਾਰਥ**—ਐ ਮਨੁੱਖ! ਫਿਰ ਤੂੰ ਝੂਠੇ ਦੇਵੀ ਦੇਵਤਿਆਂ ਦੀ ਪੂਜਾ ਕਿਉਂ ਕਰਦਾ ਹੈਂ, ਇਹ ਤੇਰੇ ਕੌਡੀ ਦੇ ਕੰਮ ਨਹੀਂ ਆ ਸਕਣਗੇ। ਆਪਣੀ ਹੀ ਸੱਟ ਉਹਨਾਂ ਨੂੰ ਬਚਾਉਣੀ ਨਹੀਂ ਆਉਂਦੀ, ਫਿਰ ਭਲਾ ਤੈਨੂੰ ਕਿਸ ਤਰ੍ਹਾਂ ਬਚਾ ਸਕਣਗੇ। ਇਹ ਸਾਰੇ ਭਿਆਨਕ ਕ੍ਰੋਧ ਦੇ ਅਗਨ ਕੁੰਡ ਵਿੱਚ ਜਿਵੇਂ ਆਪ ਟੰਗੇ ਹੋਏ ਹਨ ਉਹ ਤੈਨੂੰ ਵੀ ਟੰਗਵਾਉਣਗੇ। ਐ ਮੂਰਖ ਤੂੰ ਉਸ ਕਾਲ ਦਾ ਸਿਮਰਨ ਕਿਉਂ ਨਹੀਂ ਕਰਦਾ, ਜਿਸਦੀ ਕਿਰਪਾ ਤੋਂ ਬਿਨਾਂ ਹੋਰ ਕਿਸੇ ਨੇ ਕੰਮ ਨਹੀਂ ਆਉਣਾ।

**ਤਾਹਿ ਪਛਾਨਤ ਹੈ ਨ ਮਹਾ ਪਸੁ ਜਾਕੋ ਪ੍ਰਤਾਪੁ ਤਿਹੂੰ ਪੁਰ ਮਾਹੀ॥**
**ਪੂਜਤ ਹੈ ਪਰਮੇਸਰ ਕੈ ਜਿਹਕੈ ਪਰਸੈ ਪਰਲੋਕ ਪਰਾਹੀ॥**
**ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ॥**
**ਪਾਇ ਪਰੋ ਪਰਮੇਸਰ ਕੇ ਜੜ ਪਾਹਨ ਮੈ ਪਰਮੇਸਰ ਨਾਹੀ॥੯੯॥**

**ਸ਼ਬਦਾਰਥ**—ਮਹਾ-ਮੂਰਖ। ਤਿਹੁੰ-ਤਿੰਨ। ਕੈ-ਕਰਕੇ। ਜਿਹ-ਜਿਸਦੀ। ਪਰਸੇ-ਛੁਹਣ ਨਾਲ। ਪਰਮਾਰਥ-ਪਾਰਲੌਕਿਕ ਗਤ, ਮੁਕਤੀ।

**ਭਾਵਾਰਥ**—ਐ ਮੂਰਖ ਜੀਵ ਤੂੰ ਉਸ ਕਾਲ ਨੂੰ ਕਿਉਂ ਨਹੀਂ ਪਛਾਣਦਾ, ਜਿਸਦਾ ਪ੍ਰਤਾਪ ਤਿੰਨਾਂ ਲੋਕਾਂ ਵਿੱਚ ਫੈਲ ਰਿਹਾ ਹੈ। ਤੂੰ ਉਹਨਾਂ ਨੂੰ ਪ੍ਰਮੇਸ਼ਰ ਕਰਕੇ ਪੂਜਦਾ ਹੈ, ਜਿਨ੍ਹਾਂ ਦੇ ਛੂਹਣ ਮਾਤਰ ਨਾਲ ਹੀ ਤੂੰ ਪ੍ਰਲੋਕ ਤੋਂ ਦੂਰ ਹੋ ਜਾਂਦਾ ਹੈ। ਤੂੰ ਪਾਰਲੌਕਿਕ ਗਤ, ਮੁਕਤੀ ਸਮਝ ਕੇ ਜੋ ਪਾਪ ਕਰਦਾ ਹੈ ਉਹਨਾਂ ਦੇ ਸਾਹਮਣੇ ਮਹਾ ਪਾਪ ਵੀ ਸ਼ਰਮਸਾਰ ਹੋ ਜਾਂਦੇ ਹਨ। ਇਸ ਲਈ ਹੇ ਮਨੁੱਖ! ਤੂੰ ਕਾਲ ਪੁਰਖ ਪ੍ਰਭੂ ਦੀ ਹੀ ਸ਼ਰਨ ਵਿਚ ਜਾ, ਇਹਨਾਂ ਪੱਥਰਾਂ ਦੇ ਵਿੱਚ ਪ੍ਰਮੇਸ਼ਰ ਨਹੀਂ।

**ਮੋਨ ਭਜੇ ਨਹੀ ਮਾਨ ਤਜੇ ਨਹੀ ਭੇਖ ਸਜੇ ਨਹੀ ਮੂੰਡ ਮੁਡਾਏ॥**
**ਕੰਠ ਨ ਕੰਠੀ ਕਠੋਰ ਧਰੈ ਨਹੀ ਸੀਸ ਜਟਾਨ ਕੇ ਜੂਟ ਸੁਹਾਏ॥**
**ਸਾਚੁ ਕਹੋਂ ਸੁਨਿ ਲੈ ਚਿਤਿ ਦੈ ਬਿਨੁ ਦੀਨ ਦਿਆਲ ਕੀ ਸਾਮ ਸਿਧਾਏ॥**
**ਪ੍ਰੀਤ ਕਰੇ ਪ੍ਰਭੁ ਪਾਯਤ ਹੈ ਕਿਰਪਾਲ ਨ ਭੀਜਤ ਲਾਂਡ ਕਟਾਏ॥੧੦੦॥**

**ਸ਼ਬਦਾਰਥ**—ਕਠੋਰ-ਸਖ਼ਤ। ਮੋਨ-ਚੁੱਪ ਸਾਧਿਆ। ਸਾਮ-ਸ਼ਰਨ।

**ਭਾਵਾਰਥ**—ਉਹ ਪ੍ਰਭੂ ਮੋਨ ਧਾਰਨ ਕਰਕੇ ਨਹੀਂ ਮਿਲਦਾ ਅਤੇ ਨਾ ਹੀ ਸਤਿਕਾਰ ਛੱਡਕੇ ਮਿਲਦਾ ਹੈ, ਭੇਖ ਧਾਰਨ ਕਰਕੇ ਅਤੇ ਸਿਰ ਮੂੰਹ ਮੁੰਡਾ ਕੇ ਉਹ ਨਹੀਂ ਮਿਲਦਾ। ਗਲੇ ਵਿੱਚ ਕਠੋਰ ਮਜਬੂਤ ਮਾਲਾ ਪਾ ਕੇ ਅਤੇ ਸਿਰ ਉੱਤੇ ਜਟਾਵਾਂ ਦੇ ਜੂੜੇ ਸਜਾਇਆਂ ਵੀ ਨਹੀਂ ਮਿਲਦਾ। ਮੈਂ ਸੱਚ ਕਹਿੰਦਾ ਹਾਂ ਤੂੰ ਆਪਣੀ ਪੂਰੀ ਬਿਰਤੀ ਲਾ ਕੇ ਇਹ ਗੱਲ ਸੁਣ ਲੈ ਕਿ ਉਸ ਦੀਨ ਦਿਆਲ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਸ ਪ੍ਰਭੂ ਨਾਲ ਪ੍ਰੀਤ ਕਰਕੇ ਹੀ ਉਸਨੂੰ ਪਾਇਆ ਜਾ ਸਕਦਾ ਹੈ, ਉਸ ਸੁੰਨਤ ਕਰਵਾਉਣ ਨਾਲ ਵੀ ਪ੍ਰਸੰਨ ਨਹੀਂ ਹੁੰਦਾ।

**ਕਾਗਜ ਦੀਪ ਸਭੈ ਕਰਿ ਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈ ਹੋ॥**
**ਕਾਟ ਬਨਾਸਪਤੀ ਸਗਰੀ ਲਿਖਬੇ ਹੂ ਕੇ ਲੇਖਨ ਕਾਜ ਬਨੈ ਹੋ॥**
**ਸਾਰਸੁਤੀ ਬਕਤਾ ਕਰਿ ਕੈ ਜੁਗਿ ਕੋਟਿ ਗਨੇਸਿ ਕੈ ਹਾਥ ਲਿਖੈ ਹੋ॥**
**ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤਊ ਤੁਮ ਕੋ ਪ੍ਰਭ ਨੈਕ ਰਿਝੈ ਹੋ॥੧੦੧॥**

**ਸ਼ਬਦਾਰਥ**—ਮਸੁ-ਸਿਆਹੀ। ਬਨਸਪਤੀ-ਜੰਗਲ ਬੇਲੇ ਅਤੇ ਘਾਹ ਫੂਸ। ਸਾਰਸੁਤੀ-ਵਿਦਿਆ ਦੀ ਦੇਵੀ। ਬਕਤਾ-ਉਚਾਰਨ ਕਰਨ ਵਾਲੀ ਜੀਭ। ਜੁਗ ਕੋਟਿ-ਕਰੋੜਾਂ ਜੁਗ। ਨੈਕ-ਰਤਾ ਭਰ ਵੀ।

**ਭਾਵਾਰਥ**—ਜੇਕਰ ਮੈਂ ਸਾਰੇ ਦੀਪਾਂ ਦੀ ਧਰਤੀ ਨੂੰ ਕਾਗਜ਼ ਬਣਾ ਲਵਾਂ ਅਤੇ ਸੱਤਾਂ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾ ਲਵਾਂ, ਸਾਰੀ ਬਨਸਪਤੀ ਵੱਢ ਕੇ ਲਿਖਣ ਵਾਸਤੇ ਕਲਮ ਬਣਾ ਲਵਾਂ, ਸਰਸ੍ਵਤੀ ਨੂੰ ਵਕਤਾ ਬਣਾ ਕੇ ਕਰੋੜਾਂ ਯੁਗਾਂ ਤਕ ਗਣੇਸ਼ ਜੀ ਦੇ ਹੱਥਾਂ ਤੋਂ ਲਿਖਵਾ ਲਵਾਂ, ਤਾਂ ਵੀ ਮੈਂ ਉਸ ਕਾਲ ਦੀ ਕ੍ਰਿਪਾ ਤੋਂ ਬਿਨਾਂ ਹੇ ਪ੍ਰਭੂ ਮੈਂ ਤੈਨੂੰ ਰਤਾ ਭਰ ਵੀ ਪ੍ਰਸੰਨ ਨਹੀਂ ਕਰ ਸਕਾਂਗਾ।

**ਇਤਿ ਸ੍ਰੀ ਬਚਿਤ੍ਰਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ ਪ੍ਰਿਥਮ ਧਿਆਇ ਸੰਪੂਰਨ ਸੁਭ ਮਸਤ॥੧॥ ਅਫਜੂ**

**ਸ਼ਬਦਾਰਥ**—ਇਤਿ-ਹੁਣ। ਸ੍ਰੀ-ਸੁਹਣੇ ਬਚਿਤ੍ਰ ਨਾਟਕ ਦੀ। ਸ੍ਰੀ ਕਾਲ ਭਗਵਾਨ ਦੀ ਉਸਤਤਿ। ਸੰਪੂਰਨ ਸੁਭ ਮਸਤੁ-ਪੂਰਨ ਹੋ ਗਿਆ ਜੋ ਅਤਿ ਉੱਤਮ ਹੈ। ਅਫਜੂ-ਚਲਦੇ ਪ੍ਰਸੰਗ ਨੂੰ।

**ਭਾਵਾਰਥ**—ਇਥੇ ਹੀ ਸੁਹਣੇ ਬਚਿਤ੍ਰ ਨਾਟਕ ਗ੍ਰੰਥ ਦਾ ਸ੍ਰਭ ਕਾਲ ਜੀ ਦੀ ਉਸਤਤਿ ਦਾ ਪ੍ਰਿਥਮ ਅਧਿਆਇ ਸਮਾਪਤ ਹੈ, ਸ਼ੁਭ ਹੈ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਮਯਾਂਮਾਰ (ਬਰ੍ਹਮਾ) ਦੀ ਯਾਤਰਾ ਅਤੇ ਇਤਿਹਾਸਕ ਖੋਜ

ਬਰ੍ਹਮਾ, ਜਿਸ ਦਾ ਨਵਾਂ ਨਾਂ ਮਯਾਂਮਾਰ ਹੈ, ਨਾਲ ਨਾਮਧਾਰੀ ਸਿੱਖਾਂ ਦਾ ਵਿਸ਼ੇਸ਼ ਸੰਬੰਧ ਸ੍ਰੀ ਸਤਿਗੁਰੂ ਰਾਮ ਸਿੰਘ ਅਤੇ ਸੂਬਿਆਂ ਦੀ ਉਸ ਧਰਤੀ ਉਤੇ ਜਲਾਵਤਨੀ ਕਰਕੇ ਹੈ। ਉਹਨਾਂ ਨੂੰ ਮਾਰਚ ੧੮੭੨ ਈ. ਵਿਚ ਉਥੇ ਲੈ ਜਾਇਆ ਗਿਆ। ਸ੍ਰੀ ਸਤਿਗੁਰੂ ਜੀ ਨੂੰ ਪਹਿਲਾਂ ਕੁਝ ਮਹੀਨੇ ਰੰਗੂਨ, ਜੇਲ੍ਹ ਦੇ ਇਸਤਰੀ ਵਾਰਡ ਕੋਲ ਵਿਸ਼ੇਸ਼ ਥਾਂ ਉੱਤੇ ਰੱਖਿਆ ਗਿਆ. ਫਿਰ ੮ ਕੁ ਸਾਲ ਵਾਇਲਜ਼ ਰੋਡ ਉਤੇ ਬਣੇ ਬੰਗਲੇ ਵਿਚ ਅਤੇ ਬਾਅਦ ਵਿਚ ਮਰਗੋਈ ਸ਼ਹਿਰ ਦੇ ਜੇਲ੍ਹ ਗਾਰੰਡਨ ਵਿਚ। ਸੂਬਾ ਬਰ੍ਹਮਾ ਸਿੰਘ, ਸੂਬਾ ਜਵਾਹਰ ਸਿੰਘ ਅਤੇ ਸੂਬਾ ਲੱਖਾ ਸਿੰਘ ਨੂੰ ਆਊਟ ਪੋਸਟ ਦੇ ਜੇਲ੍ਹ ਚੋਟਾਨ, ਮੌਲਮੀਨ ਰੱਖਿਆ ਗਿਆ।

ਸ੍ਰੀ ਸਤਿਗੁਰੂ ਜੀ ਜਿਨ੍ਹਾਂ ਥਾਵਾਂ ਉੱਤੇ ਰੱਖੇ ਉਹਨਾਂ ਥਾਵਾਂ ਦੀ ਖੋਜ-ਬੀਣ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ੧੯੨੧ ਈ. ਵਿਚ ਬਖ਼ਸ਼ੀ ਹਰਦੇਵ ਸਿੰਘ ਨੂੰ ਭੇਜਿਆ। ਉਹਨਾਂ ਥਾਵਾਂ ਦੇ ਦਰਸ਼ਨ ਕਰਨ ਲਈ ਸ੍ਰੀ ਸਤਿਗੁਰੂ ਜੀ ਨੇ ੧੯੩੩ ਈ. ਵਿਚ ਬਰ੍ਹਮਾ ਦੀ ਧਰਤੀ ਉਤੇ ਚਰਨ ਪਾਏ। ਆਪ ਜੀ ਨੇ ਇਤਿਹਾਸਿਕ ਖੋਜ ਲਈ ਸ. ਨਾਹਰ ਸਿੰਘ ਐਮ.ਏ. ਨੂੰ ਥਾਪੜਾ ਦਿੱਤਾ। ਉਸ ਨੇ ਕੁਝ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਨ੍ਹਾਂ ਨੂੰ ਇਤਿਹਾਸਿਕ ਖੋਜ ਲਈ ਹੁਕਮ ਕੀਤਾ ਉਹਨਾਂ ਵਿਚੋਂ ਜਸਵਿੰਦਰ ਸਿੰਘ ਐਮ. ਏ. ਦੀਆਂ ਦੋ ਦਸਤਾਵੇਜ਼ੀ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ।

ਸ੍ਰੀ ਸਤਿਗੁਰੂ ਜੀ ਭਜਨ, ਵਰਨੀਆਂ, ਲੱਖਾਂ ਪਾਠ, ਹਵਨ ਆਦਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਕਰਵਾ ਰਹੇ ਹਨ। ਉਹਨਾਂ ਸੰਬੰਧੀ ਖੋਜ ਕਾਰਜ ਲਈ, ਵਿਦਿਅਕ ਖੇਤਰ ਵਿਚ ਵਧ ਦਿਲਚਸਪੀ ਉਜਾਗਰ ਕਰਨ ਲਈ, ਇਹਨਾਂ ਨੇ ਦੋ ਯੂਨੀਵਰਸਿਟੀਆਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਚੇਅਰਜ਼ ਸਥਾਪਤ ਕਰਵਾਉਣ ਦੀ ਕਿਰਪਾ ਕੀਤੀ ਹੈ। ਯੂਨੀਵਰਸਿਟੀਆਂ ਹਨ-ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਾਰਾਣਸੀ (ਯੂ.ਪੀ.) ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ (ਪੰਜਾਬ)।

ਉਹਨਾਂ ਸੰਬੰਧੀ ਖੋਜ ਕਾਰਜ ਨੂੰ ਅੱਗੇ ਵਧਾਉਣ ਲਈ ਹੀ ਇਹਨਾਂ ਨੇ ਆਪਣੇ ਸਿੱਖ ਮਯਾਂਮਾਰ ਭੇਜੇ। ਆਪ ਜੀ ਦੀ ਆਗਿਆ ਅਨੁਸਾਰ ਜਸਵਿੰਦਰ ਸਿੰਘ ਜਨਵਰੀ ੧੯੯੪ ਤੋਂ ਜਨਵਰੀ ੧੯੯੭ ਤੱਕ ਚਾਰ ਵਾਰ ਉਥੇ ਗਿਆ। ਇਕ ਵਾਰ ਸੂਬਾ ਸੁਰਿੰਦਰ ਕੌਰ ਖਰਲ ਅਤੇ ਇਕ ਦੋ ਵਾਰ ਥਾਈਲੈਂਡ ਤੇ ਉਤਸ਼ਾਹੀ ਨੌਜਵਾਨ-ਹਰਪਾਲ ਸਿੰਘ, ਹਰਮੀਤ ਸਿੰਘ (ਰਾਜਾ ਸੇਠੀ), ਗੁਰਮੁਖ ਸਿੰਘ ਸਚਦੇਵ, ਤਰਲੋਕ ਸਿੰਘ, ਗੁਰਵਿੰਦਰ ਸਿੰਘ, ਬਲਵਿੰਦਰ ਸਿੰਘ, ਪ੍ਰੇਮ ਸਿੰਘ ਸਚਦੇਵ ਆਦਿ ਗਏ। ਉਹਨਾਂ ਵਿਚੋਂ ਬਹੁਤੇ ਉਹਨਾਂ ਥਾਵਾਂ ਦੇ ਦਰਸ਼ਨ ਕਰਨ ਗਏ ਤੇ ਕੁਝ ਖੋਜ ਕਾਰਜ ਲਈ। ਸ਼ਰਧਾ ਭਾਵਨਾ ਸਭ ਅੰਦਰ ਸੀ। ਉਹ ਸ੍ਰੀ ਸਤਿਗੁਰੂ ਜੀ ਲਈ ਲਾਏ ਗਏ ਖੂਹ ਦੀਆਂ ਇੱਟਾਂ, ਉਸ ਪਵਿਤਰ ਧਰਤੀ ਦੀ ਮਿੱਟੀ ਤੇ ਤਸਵੀਰਾਂ ਖਿਚ ਕੇ ਲਿਆਏ।

ਇਤਿਹਾਸਿਕ ਖੋਜ ਨੂੰ ਹੋਰ ਅੱਗੇ ਵਧਾਉਣ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਕੂਕਾ ਸ਼ਹੀਦ ਯਾਦਗਾਰੀ ਟ੍ਰਸਟ ਨੇ ਸ੍ਰੀ ਭੈਣੀ ਸਾਹਿਬ (ਪੰਜਾਬ) ਨੇ ਪੰਜਾਬ ਸਰਕਾਰ ਰਾਹੀਂ, ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲੇ ਨਾਲ ਸੰਪਰਕ ਕੀਤਾ ਅਤੇ ੨-੩ ਸਾਲ ਦੇ ਪੱਤਰ ਵਿਹਾਰ ਤੋਂ ਬਾਅਦ ਰਿਸਰਚ ਸਕਾਲਰਾਂ ਦੀ ਟੀਮ ੧੧-੨੪ ਜੂਨ ੨੦੦੦ ਤੱਕ ਮਯਾਂਮਾਰ ਗਈ। ਇਸ ਟੀਮ ਵਿਚ ਲੁਧਿਆਣਾ ਤੋਂ ਸੁਰਿੰਦਰ ਸਿੰਘ ਨਾਮਧਾਰੀ ਟੀਮ ਦੇ ਆਗੂ ਅਤੇ ਅਜੀਤ ਸਿੰਘ ਨਾਮਧਾਰੀ ਪ੍ਰਬੰਧਕ ਸਨ। ਰਿਸਰਚ ਸਕਾਲਰਾਂ ਵਿਚੋਂ ਦੋ ਤਾਰਾ ਸਿੰਘ ਅਨਜਾਣ ਅਤੇ ਜਸਵਿੰਦਰ ਸਿੰਘ ਦਿੱਲੀ ਤੋਂ ਅਤੇ ਤੀਸਰਾ ਸੁਰਜੀਤ ਸਿੰਘ ਜੀਤ ਲੰਡਨ ਤੋਂ ਸਨ।

ਲੁਧਿਆਣੇ ਵਾਲੇ, ਖੋਜ ਕਾਰਜ ਲਈ ਜਾ ਰਹੀ ਟੀਮ ਸੰਬੰਧੀ ਪੰਜਾਬ ਦੇ ਰੋਜ਼ਾਨਾ ਅਖ਼ਬਾਰਾਂ ਵਿਚ ਖ਼ਬਰਾਂ ਲੁਆ ਕੇ, ਦਿੱਲੀ ਵਾਲਿਆਂ ਨਾਲ ੮ ਜੂਨ ੨੦੦੦ ਰਾਤ ਨੂੰ ਥਾਈ ਏਅਰਵੇਜ਼ ਰਾਹੀਂ ਸਵੇਰੇ ਬੈਂਕਾਕ ਪਹੁੰਚੇ। ਸੁਰਜੀਤ ਸਿੰਘ ਜੀਤ ਹੁਰੀਂ ਯੂ.ਕੇ. ਤੋਂ ਏਥੇ ਸਿੱਧੇ ਹੀ ਪਹੁੰਚ ਗਏ ਸਨ।

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਓਥੇ ਸਾਥ ਸੰਗਤ ਨੂੰ ਨਿਵਾਜ਼ ਰਹੇ ਸਨ, ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ, ਉਹਨਾਂ ਦੀ ਕਿਰਪਾ ਨਾਲ ਅਗਲੇ ਸਫ਼ਰ ਲਈ ਲੋੜੀਂਦਾ ਪ੍ਰਬੰਧ ਕਰਕੇ, (ਕਿਉਂਕਿ ਲੰਗਰ ਪ੍ਰਸ਼ਾਦਾ ਆਪਣਾ ਬਣਾਕੇ



Sri Satguru Jagjit Singh Ji eLibrary NamdhariElibrary@gmail.com

ਛਕਣਾ ਸੀ, ਸੋ ਹਰਬੰਸ ਸਿੰਘ ਨੂੰ ਲੰਗਰ ਦੀ ਸੇਵਾ ਲਈ ਨਾਲ ਲੈ ਕੇ ਅਸੀਂ ਛੀਏ ਜਣੇ) ੧੧ ਜੂਨ ਨੂੰ ਰਾਤੀਂ ਹਵਾਈ ਜਹਾਜ਼ ਰਾਹੀਂ ਬੈਂਕਾਕ ਤੋਂ ਯਾਂਗੋਂ (ਪੁਰਾਣਾ ਨਾਂ ਰੰਗੂਨ) ਪਹੁੰਚੇ। ਸਾਡੀ ਅਗਵਾਈ ਲਈ ਭਾਰਤੀ ਦੂਤਾਵਾਸ ਦਾ ਪ੍ਰੋਟੋਕੋਲ ਸਹਾਇਕ ਦੁਰੈ ਰਾਜ ਪਹਿਲਾਂ ਹੀ ਹਾਜ਼ਰ ਸੀ। ਜਿਸ ਕਰਕੇ ਹਵਾਈ ਅੱਡੇ ਦੇ ਅਧਿਕਾਰੀਆਂ ਨਾਲ ਉਸ ਆਪੇ ਗੱਲ ਕਰ ਲਈ ਅਤੇ ਸਾਡੇ ਪਾਸਪੋਰਟਾਂ ਉਤੇ ਮਯਾਂਮਾਰ ਵਿਚ ਦਾਖਲ ਹੋਣ ਦੀ ਕਾਰਵਾਈ ਪੈ ਗਈ। ਪਰ ਅੱਡੇ ਤੋਂ ਬਾਹਰ ਨਿਕਲਿਆਂ ਸਕਿਉਰਿਟੀ ਅਧਿਕਾਰੀਆਂ ਨੇ ਸਾਡਾ ਪੁਸਤਕਾਂ ਵਾਲਾ ਬੈਗ ਖੋਲ੍ਹਿਆ। ਉਤਲੀ ਹੀ ਰਚਨਾ ਵਿਚ ਮਯਾਂਮਾਰ ਵਿਚ ਰਾਜਸੀ ਕੈਦੀ (State prisoners in myanmar) ਬਾਰੇ ਪ੍ਰਾਜੈਕਟ ਲਿਖਿਆ ਸੀ। ਫੌਜੀ ਰਾਜ ਹੋਣ ਕਰਕੇ ਉਹਨਾਂ ਅਧਿਕਾਰੀਆਂ ਨੂੰ ਸ਼ੱਕ ਹੋਇਆ ਕਿਤੇ ਵਰਤਮਾਨ ਸਮੇਂ ਦੇ ਰਾਜਸੀ ਕੈਦੀਆਂ ਬਾਰੇ ਖੋਜ ਕਰਨ ਤਾਂ ਨਹੀਂ ਆਏ। ਪਰ ਜਦ ਸਾਰੇ ਕਾਗਜ਼ਾਤ ਵਿਖਾਏ ਤਾਂ ਉਹਨਾਂ ਉਕਤ ਰਚਨਾ ਦੀਆਂ ਦੋ ਨਕਲਾਂ ਰੱਖ ਕੇ ਸਾਨੂੰ ਜਾਣ ਦਿੱਤਾ। ਉਥੇ ਲੱਗੀ ਘੜੀ ਉਤੇ ਟਾਈਮ ਵੇਖਿਆ ਤਾਂ ਬੈਂਕਾਕ ਦੇ ੮-੫੯ ਅਤੇ ਯਾਂਗੋਂ ਦੇ ੮-੨੯ ਵੱਜੇ ਸਨ।

ਬਾਹਰ ਸਵਾਰੀ ਤਿਆਰ ਸੀ। ਆਪਣਾ ਸਮਾਨ ਉਸ ਵਿਚ ਰਖਵਾ ਕੇ, ਆਪ ਬੈਠ ਕੇ ਅਸੀਂ ਅਰਨੰਦਾ ਇਨ ਪੁੱਜੇ ਜਿਥੇ ਸਾਡਾ ਟਿਕਾਣਾ ਸੀ। ਉਸਦੇ ਮਾਲਕ ਭੀਮ ਸੈਨ ਮਨੋਚਾ ਨਾਲ ਗੱਲ ਕਰਕੇ ਖੁਸ਼ੀ ਹੋਈ ਕਿਉਂਕਿ ਉਹ ਪੰਜਾਬੀ ਸੀ। ਦੁਰੈ ਰਾਜ ਅਗਲੇ ਦਿਨ ਭਾਰਤ ਦੇ ਰਾਜਦੂਤ ਸ੍ਰੀ ਸਿਆਮ ਸਰਨ ਨਾਲ ਮੀਟਿੰਗ ਦਾ ਕਹਿ ਕੇ, ਸਵੇਰੇ ਆਉਣ ਦਾ ਇਕਰਾਰ ਕਰਕੇ ਇਜਾਜ਼ਤ ਲੈ ਗਿਆ। ਅਸੀਂ ਸੂਬਾ ਗਿਆਨਣ ਦਾ ਬੈਂਕਾਕ ਤੋਂ ਤਿਆਰ ਕਰਵਾ ਕੇ ਦਿਤਾ ਪ੍ਰਸ਼ਾਦਾ ਪਾਣੀ ਛਕ ਕੇ ਬਿਸਤਰਿਆਂ ਵਿਚ ਜਾ ਸੁੱਤੇ।

ਅਗਲੇ ਦਿਨ ਮੈਟਾਡੋਰ ਵਰਗੀ ਲੰਮੀ, ਵਧੀਆ ਏਅਰਕੰਡੀਸ਼ੰਡ ਗੱਡੀ ਵਿਚ ਬਹਿ ਕੇ ਦੁਰੈ ਰਾਜ ਨਾਲ ਰਾਜਦੂਤ ਨੂੰ ਮਿਲਣ ਤੁਰੇ। ਇਹ ਗੱਡੀ ਹੀ ਏਥੋਂ ਦੇ ਸਾਰੇ ਦਿਨ ਸਾਡੇ ਨਾਲ ਰਹਿਣੀ ਸੀ। ਇਸ ਗੱਡੀ ਦਾ ਡ੍ਰਾਈਵਰ ਅਬਦੁਲ ਸਮੱਦ ਸੀ। ਰਾਹ ਵਿਚ ਅਸਾਂ ਵੇਖਿਆ ਕਿ ਏਥੇ ਸੱਜੇ ਹੱਥ ਚੱਲਣ ਦਾ ਨੇਮ ਹੈ। ਸੜਕਾਂ ਸਾਫ਼ ਸੁਥਰੀਆਂ ਮੀਂਹ ਨਾਲ ਸਜਰੀਆਂ ਧੋਤੀਆਂ ਹੋਈਆਂ ਹਨ। ਰੁੱਖਾਂ ਬੂਟਿਆਂ ਦੇ ਫੁਲ ਪੱਤੇ ਧੋਤੇ ਧੋਤੇ ਲਗਦੇ ਹਨ। ਸੜਕਾਂ ਦੇ ਬੋਰਡ ਬਹੁਤੇ ਮਯਾਂਮਾਰ ਭਾਸ਼ਾ ਤੇ ਲਿਪੀ ਵਿਚ ਹਨ ਕਿਤੇ ਕਿਤੇ ਅੰਗਰੇਜ਼ੀ ਅੱਖਰ ਵੀ ਲਿਖੇ ਹਨ। ਲੋਕਾਂ ਦੇ ਪੈਰੀਂ ਚਪਲਾਂ ਤੇ ਤੇੜ ਲੁੰਗੀ (ਸੀਤੀ ਹੋਈ ਧੋਤੀ) ਹੈ। ਇਹ ਕੌਮੀ ਬਾਣਾ ਹੈ। ਆਮ ਲੋਕਾਂ ਦੀ ਸਵਾਰੀ ਚਾਰ ਪਹੀਆਂ ਵਾਲਾ ਟੈਂਪੂ ਹੈ। ਉਸ ਪਿਛੇ ਫੱਟੇ ਲਾ ਕੇ ਬਹਿਣ ਵਾਲੇ ਬੈਂਚ ਬਣੇ ਹੋਏ ਹਨ। ਸਵਾਰੀ ਸ਼ਾਇਦ ਘੱਟ ਹੈ ਤਾਂ ਹੀ ਲੋਕ ਬਾਹਰ ਲਮਕੇ ਹੋਏ ਹਨ। ਰਾਹ ਵਿਚ ਹੀ ਸੁਲੇ ਪੈਗੋਡਾ ਪੈਂਦਾ ਹੈ, ਬਹੁਤ ਵੱਡਾ ਬੋਧੀ ਮਠ। ਸਾਰਾ ਸੁਨਹਿਰੀ ਰੰਗਿਆ ਹੋਇਆ, ਇਸ ਵਿਚ ਮਹਾਤਮਾ ਬੁਧ ਦੇ ਕਈ ਵੱਡੇ ਨਿੱਕੇ ਸ਼ਾਨਦਾਰ ਬੁੱਤ ਹੋਣਗੇ। ਪਰ ਇਸ ਨੂੰ ਵੇਖਣ ਦੀ ਟਿਕਟ ੫ ਡਾਲਰ ਪ੍ਰਤੀ ਵਿਅਕਤੀ ਹੈ। (ਇੱਕ ਡਾਲਰ ਦੇ ਉਥੋਂ ਦੇ ਸਿੱਕੇ, ਚੈਟ, ੩੬੦ ਮਿਲਦੇ ਹਨ) ਇਥੇ ਲੋਕ ਬੋਧੀ, ਮੁਸਲਿਮ, ਹਿੰਦੂ, ਸਿੱਖ, ਇਸਾਈ ਜਾਂ ਚੀਨੀ ਮਹਾਂਪੁਰਸ਼ ਕਨਫਿਊਸ਼ਿਸ਼ ਦੇ ਪੈਰੋਕਾਰ ਹਨ। ਜਸਵਿੰਦਰ ਸਿੰਘ ਪਹਿਲਾਂ ਵੀ ਆ ਚੁੱਕਾ ਸੀ ਸੋ ਉਹ ਸਭ ਜਾਣਕਾਰੀ ਦੇਂਦਾ ਗਿਆ। ਉਸ ਨੇ ਹੋਰ ਦਸਿਆ ਕਿ ਉੱਚੀਆਂ ਉੱਚੀਆਂ ਸੁਹਣੀਆਂ ਇਮਾਰਤਾਂ ਉਹ ਪਹਿਲੀ ਵਾਰ ਵੇਖ ਰਿਹਾ ਹੈ।

ਭਾਰਤੀ ਦੂਤਾਵਾਸ ਪੁਜ ਕੇ ਪਹਿਲਾਂ ਸ੍ਰੀਮਤੀ ਮੁਕਤਾ ਤੋਮਰ ਕੌਂਸਲਰ (ਸਭਿਆਚਾਰ ਤੇ ਪ੍ਰਚਾਰ) ਨੂੰ ਮਿਲੇ। ਉਸ ਨੇ ਖਿੜੇ ਮੱਥੇ ਸਾਡਾ ਸੁਆਗਤ ਕੀਤਾ। ਸਾਡੇ ਇਸ ਪ੍ਰਾਜੈਕਟ ਬਾਰੇ ਬਰ੍ਹਮਾ ਸਰਕਾਰ ਨਾਲ ਤਾਲਮੇਲ ਉਸ ਦੀ ਹੀ ਮਿਹਨਤ ਤੇ ਰੁਚੀ ਦਾ ਸਿੱਟਾ ਸੀ। ਉਸ ਨੇ ਹੀ ਇਸ ਖੋਜ ਦੀ ਮਹਾਨਤਾ ਸੰਬੰਧੀ ਸਰਕਾਰ ਨੂੰ ਦਸਤਾਵੇਜ਼ੀ ਸਬੂਤਾਂ ਨਾਲ ਕਾਇਲ ਕੀਤਾ ਸੀ।

ਸ੍ਰੀਮਤੀ ਤੋਮਰ ਸਾਨੂੰ ਨਾਲ ਲੈ ਕੇ ਹਿਜ਼ ਐਕਸੀਲੈਂਸੀ ਸ੍ਰੀ ਸਿਆਮ ਸਰਨ ਰਾਜਦੂਤ ਭਾਰਤ ਸਰਕਾਰ ਮਯਾਂਮਾਰ ਕੋਲ ਗਈ। ਉਹਨਾਂ ਖਿੜੇ ਮੱਥੇ ਸਾਡਾ ਸੁਆਗਤ ਕੀਤਾ। ਭਾਵੇਂ ਉਹਨਾਂ ਕੋਲ ਦਸਤਾਵੇਜ਼ ਪਹਿਲਾਂ ਹੀ ਪਹੁੰਚ ਚੁੱਕੇ ਸਨ, ਉਹਨਾਂ ਦੀ ਸੌਂਪੀ ਜ਼ੁੰਮੇਵਾਰੀ ਅਨੁਸਾਰ ਹੀ ਸ੍ਰੀਮਤੀ ਤੋਮਰ ਨੇ ਕਾਰਜ ਕੀਤਾ ਸੀ, ਸਾਡੀਆਂ ਬੈਠਕਾਂ ਸਰਕਾਰ ਨਾਲ ਤੈਅ ਕੀਤੀਆਂ ਗਈਆਂ ਸਨ, ਫਿਰ ਵੀ ਸੁਰਿੰਦਰ ਸਿੰਘ ਹੁਰਾਂ ਦੇ ਉਹਨਾਂ ਨੂੰ ਮਾਲਾ ਭੇਟ ਕਰਨ ਬਾਅਦ, ਅਜੀਤ ਸਿੰਘ ਨਾਮਧਾਰੀ ਨੇ ਸਾਡੇ ਆਉਣ ਦਾ ਮੰਤਵ ਦੱਸਿਆ ਅਤੇ ਸਾਰੀ ਟੀਮ ਦੀ ਸੰਖੇਪ ਜਾਣਕਾਰੀ ਦਿੱਤੀ। ਰਿਸਰਚ ਪ੍ਰਾਜੈਕਟ ਅਨੁਸਾਰ ਬਰਮਾ ਜਾਣ ਦਾ ਸਾਡਾ ਮਕਸਦ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬ੍ਰਿਟਿਸ਼ ਬਰਮਾ ਵਿਚ ਰੱਖਣ ਵਾਲੇ ਥਾਵਾਂ ਬਾਰੇ ਜਾਨਣਾ, ਏਥੋਂ ਦੀਆਂ ਮਿਸਲਾਂ ਨੂੰ ਨੀਝ ਨਾਲ ਵੇਖਣਾ, ਸ੍ਰੀ ਸਤਿਗੁਰੂ ਜੀ ਦੀਆਂ ਜੇਲ੍ਹਾਂ ਅੰਦਰੋਂ


Sri Satguru Jagjit Singh Ji eLibrary NamdhariElibrary@gmail.com

ਜਾਰੀ ਰੱਖੀਆਂ ਜਾ ਰਹੀਆਂ ਸਰਗਰਮੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ, ਇਥੋਂ ਦੇ ਆਖ਼ਰੀ ਰਾਜੇ ਥਿਬੂ ਨਾਲ ਉਹਨਾਂ ਦੀਆਂ ਸਾਂਝਾਂ ਬਾਰੇ ਦਸਤਾਵੇਜ਼ੀ ਜਾਣਕਾਰੀ, ਉਹਨਾਂ ਦੇ ਰੂਸ ਨਾਲ ਸੰਬੰਧਾਂ ਬਾਰੇ ਸਬੂਤ, ਹੁਕਮਨਾਮਿਆਂ ਸੰਬੰਧੀ ਕੋਈ ਉਲੇਖ, ਆਪ ਜੀ ਦੀ ਕੋਈ ਤਸਵੀਰ ਕੋਈ ਹੱਥ ਲਿਖਤ ਤੇ ਅਕਾਲ ਚਲਾਣੇ ਦੀ ਅਫਵਾਹ ਸੰਬੰਧੀ ਰਿਕਾਰਡ, ਕੋਈ ਪ੍ਰਮਾਣ, ਕਿਉਂਕਿ ਰਿਕਾਰਡ ਅਨੁਸਾਰ ਜੇਲ੍ਹ ਅਧਿਕਾਰੀਆਂ ਨੇ ੨੯ ਨਵੰਬਰ ੧੮੮੫ ਨੂੰ ਉਹਨਾਂ ਦੇ ਦੇਹ ਦਾ ਓਹਲਾ ਕਰ ਜਾਣ ਬਾਰੇ ਲਿਖਿਆ ਸੀ। ਨਾਲ ਹੀ ਰਿਕਾਰਡ ਵਿਚ ਉਹ ਪੱਤਰ ਵੀ ਹੈ ਜਿਹੜਾ ਬਰ੍ਹਮਾ ਦੇ ਚੀਫ ਕਮਿਸ਼ਨ ਚਾਰਲਸ ਬਰਨਾਰਡ ਨੇ ਅਤਰ ਸਿੰਘ ਭਦੌੜੀਏ ਨੂੰ ਅਗਸਤ ੧੮੮੬ ਈ. ਵਿਚ ਲਿਖਿਆ ਕਿ (ਗੁਰੂ) ਰਾਮ ਸਿੰਘ ਨੂੰ ਐਸੀ ਥਾਂ ਉਤੇ ਲੈ ਜਾਇਆ ਜਾ ਰਿਹਾ ਹੈ, ਜਿਥੇ ਉਸ ਨਾਲ ਸੰਪਰਕ ਕਰਨਾ ਅਸੰਭਵ ਹੀ ਹੋਵੇਗਾ। ਇਸਦਾ ਮਤਲਬ ਹੈ ਸਰਕਾਰ ਦੀ ਉਹਨਾਂ ਦੇ ਸਰੀਰ ਛੱਡ ਜਾਣ ਦੀ ਪਹਿਲੀ ਖ਼ਬਰ ਗ਼ਲਤ ਹੈ। ਉਹਨਾਂ ਦੀ ਯਾਦਗਾਰ ਬਣਾਉਣ ਸੰਬੰਧੀ ਸੰਭਾਵਨਾਵਾਂ ਅਤੇ ਸੂਬਿਆਂ ਦੀਆਂ ਜੇਲ੍ਹ ਵਿਚਲੀਆਂ ਕਾਰਗੁਜ਼ਾਰੀਆਂ ਸੰਬੰਧੀ ਨਵਾਂ ਰਿਕਾਰਡ।

ਸ੍ਰੀ ਸਿਆਮ ਸਰਨ ਨੇ ਯਾਦਗਾਰ ਬਣਾਉਣ ਨੂੰ ਮਯਾਂਮਾਰ ਦੀ ਵਰਤਮਾਨ ਸਰਕਾਰ ਦੀ ਨੀਤੀ ਅਨੁਸਾਰ ਨਾਜ਼ੁਕ ਮਸਲਾ ਦੱਸਿਆ ਤੇ ਸਲਾਹ ਕੀਤੀ ਮੀਟਿੰਗ ਵਿਚ ਇਸ ਨੂੰ ਛੱਡ ਕੇ ਹੋਰ ਸਭ ਪ੍ਰਕਾਰ ਦੀ ਚਰਚਾ ਕੀਤੀ ਜਾਵੇ। ਇਸ ਸਲਾਹ ਨੂੰ ਪ੍ਰਵਾਨ ਕਰ ਲਿਆ ਗਿਆ।

ਉਹਨਾਂ ਦੋਹਾਂ ਨੂੰ ਪ੍ਰਾਜੈਕਟ ਦੀ ਕਾਪੀ ਜਿਸ ਦਾ ਪੂਰਾ ਨਾਂ A profile-Sri Satguru Ram Singh Ji (The Master Planner of India's Freedom Mofement) Against British rule and Kuka Sikhs-State Prisoners in Myanmar-Research Project in Myanmar, by Kuka Martyrs Memorial Trust (Regd.) ਜਿਸ ਦਾ ਮੁਖ ਦਫਤਰ ਸ੍ਰੀ ਭੈਣੀ ਸਾਹਿਬ ਅਤੇ ਕਾਰਜਕਾਰੀ ਦਫਤਰ ਲੁਧਿਆਣਾ ਵਿਚ ਹੈ, ਪੁਸਤਕ The warriors in white ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਬੰਧੀ ਸੰਖੇਪ ਜਾਣਕਾਰੀ ਦੇਂਦੀਆਂ ਪੁਸਤਕਾਵਾਂ ਦਿੱਤੀਆਂ ਗਈਆਂ।

ਉਹਨਾਂ ਸਾਨੂੰ ਅਗਲੇ ਦਿਨਾਂ ਦੀਆਂ ਮਯਾਂਮਾਰ ਦੇ ਮੰਤਰ੍ਹੀਆਂ, ਡਾਇਰੈਕਟਰ ਜਨਰਲਾਂ ਤੇ ਹੋਰ ਅਧਿਕਾਰੀਆਂ ਨਾਲ ਮੀਟਿੰਗਾਂ ਬਾਰੇ ਪ੍ਰੋਗਰਾਮ ਦੀ ਨਕਲ ਦਿੱਤੀ। ਸਾਰੇ ਦਿਨਾਂ ਦੀ ਸਮਾਂ ਵੰਡ ਕੀਤੀ ਹੋਈ ਸੀ। ਹਰ ਮੀਟਿੰਗ ਵਿਚ ਦੂਤਾਵਾਸ ਦੇ ਪ੍ਰਤੀਨਿਧ ਵਜੋਂ ਦੂਰੈ ਰਾਜ ਨੇ ਸਾਡੇ ਨਾਲ ਰਹਿਣਾ ਸੀ ਅਤੇ ਲੋੜ ਅਨੁਸਾਰ ਸ੍ਰੀਮਤੀ ਤੋਮਰ ਨੇ ਅਗਵਾਈ ਕਰਨੀ ਸੀ। ਸ੍ਰੀ ਦੂਰੈ ਰਾਜ ਦਾ ਸਾਨੂੰ ਇਹ ਵੀ ਲਾਭ ਸੀ ਕਿ ਦ੍ਰਾਵਿੜ ਮੂਲ ਦਾ ਹੋਣ ਦੇ ਬਾਵਜੂਦ ਉਹ ਬਹੁਤ ਸੋਹਣੀ ਹਿੰਦੀ ਜਾਣਦਾ ਸੀ।

ਮੀਟਿੰਗ ਤੋਂ ਬਾਹਰ ਆਉਂਦਿਆਂ ਉਸ ਨੇ ਦਸਿਆ, "ਹਿਜ਼ ਐਕਸੀਲੈਂਸੀ ਔਰ ਮੈਡਮ ਬਹੁਤ ਭਲੇ ਵਿਅਕਤੀ ਹੈਂ। ਉਨਹੋਂ ਨੇ ਇਸ ਪ੍ਰਾਜੈਕਟ ਮੇਂ ਨਿਜੀ ਰੁਚੀ ਲੇਕਰ ਕਾਰਯ ਕੀਆ ਹੈ, ਬਹੁਤ ਮਿਹਨਤ ਕੀ ਹੈ। ਆਪ ਕੋ ਇਸ ਮਿਹਨਤ ਕਾ ਲਾਭ ਹੋਗਾ। ਯਹ ਬੋਧੀ ਦੇਸ਼ ਹੈ, ਗੁਰੂ ਰਾਮ ਸਿੰਘ ਕੋ ਅਧਿਆਤਮਿਕ ਰਹਿਨੁਮਾ ਮਾਨ ਕਰ ਸਰਕਾਰ ਆਪ ਕੀ ਮਦਦ ਕਰਨਾ ਚਾਹਤੀ ਹੈ।"

ਸਾਡੀ ਅਗਲੀ ਬੈਠਕ ਆਰਕਾਲੋਜੀਕਲ ਵਿਭਾਗ ਦੇ ਰਿਟਾਇਰ ਡਾਇਰੈਕਟਰ ਜਨਰਲ ਡਾ. Khin Mauy Nyunt (ਖਿੰ ਮੌਂ ਨਿਊਂ) ਨਾਲ ਹੋਈ। ਉਹ ਇੰਟਰਨੈਸ਼ਨਲ ਤ੍ਰਾਵਦਾ ਯੂਨੀਵਰਸਿਟੀ ਯਾਂਗੋ ਦੇ ਪ੍ਰੋਫੈਸਰ ਹਨ। ਉਹਨਾਂ ਨਾਲ U Aung Lynn (ਊ ਔਂ ਲੀਂ) ਸਹਾਇਕ ਨਿਰਦੇਸ਼ਕ ਵਿਦੇਸ਼ ਮੰਤਰਾਲਾ ਤੇ ਹੋਰ ਅਧਿਕਾਰੀ ਸ਼ਾਮਲ ਸਨ। ਚਰਚਾ ਦੌਰਾਨ ਪ੍ਰੋਫੈਸਰ ਨਿਊਂ ਨੇ ਮਯਾਂਮਾਰ ਵਿਚ ਆਈਆਂ ਤਬਦੀਲੀਆਂ ਬਾਰੇ ਚਾਨਣਾ ਪਾਇਆ ਤੇ ਸਾਡੀ ਹਰ ਮਦਦ ਕਰਨ ਦੀ ਹਾਮੀ ਭਰੀ। ਸ੍ਰੀਮਤੀ ਤੋਮਰ ਨੇ ਉਹਨਾਂ ਦੀ ਸ਼ਖਸੀਅਤ ਬਾਰੇ ਕਿਹਾ, "ਉਹ ਸਭ ਕੁਝ ਬਾਰੇ ਸਭ ਕੁਝ ਜਾਣਦੇ ਹਨ।"

ਉਥੋਂ ਨੈਸ਼ਨਲ ਆਰਕਾਈਵਜ਼ ਦੇ ਡਾਇਰੈਕਟਰ ਜਨਰਲ, ਲੈਫਟੀਨੈਂਟ ਕਰਨਲ (Kyaw Zaw) ਚੱ ਜ਼ ਤੇ ਉਸਦੇ ਸਹਿਯੋਗੀਆਂ ਨੂੰ ਮਿਲੇ ਤੇ ਆਪਣੇ ਆਉਣ ਦਾ ਉਦੇਸ਼, ਸ੍ਰੀ ਸਤਿਗੁਰੂ ਜੀ ਬਾਰੇ ਕੁਝ ਦਸਤਾਵੇਜ਼ ਤੇ ਤਸਵੀਰਾਂ ਤੇ ਹੱਥ ਲਿਖਤ ਪ੍ਰਾਪਤ ਕਰਨਾ ਦੱਸਿਆ। ਉਹਨਾਂ ਨੇ ਦੁਪਹਿਰੋਂ ਬਾਅਦ ਆ ਕੇ ਰਿਕਾਰਡ ਵੇਖਣ ਦੀ ਪ੍ਰਵਾਨਗੀ ਦਿੱਤੀ। ਸਮੇਂ ਦੀ ਸੁਵਰਤੋਂ ਕਰਨ ਲਈ ਅਸੀਂ ਭਾਰਤ ਦੇ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦਾ ਮਜ਼ਾਰ, ਜਿਸ ਦਾ ਨਾਂ ਰੈਡਫੋਰਟ ਹੈ, ਵੇਖਣ ਗਏ। ਉਥੋਂ ਦਾ ਮੌਲਵੀ ਨਜ਼ੀਰ ਅਹਿਮਦ ਹੈ। ਉਥੇ ਹਾਜ਼ਰ ਅਬਦੁਲ ਵਦੂਦ ਨੇ ਦੱਸਿਆ ਕਿ ਉਤਲਾ ਮਜ਼ਾਰ ਅੰਦਾਜ਼ੇ ਨਾਲ ਬਣਾਇਆ ਗਿਆ ਸੀ। ਬੇਸਮੈਂਟ ਬਣਾਉਣ ਲਈ ਥਾਂ ਪੁੱਟੀ ਗਈ ਤਾਂ ਹੇਠੋਂ ਅਸਲੀ ਕਬਰ



Sri Satguru Jagjit Singh Ji eLibrary NamdhariElibrary@gmail.com

ਨਿਕਲੀ ਜੋ ਵੱਡੀ ਇੱਟ ਦੀ ਬਣੀ ਹੋਈ ਹੈ। ਇਹ ਕਬਰ ਰੇਸ਼ਮੀ ਲਾਲ ਹਰੀ ਚਾਦਰ ਨਾਲ ਢਕੀ ਹੋਈ ਸੀ। ਮਜ਼ਾਰ ਦੇ ਪਰਬੰਧ ਲਈ ਇਕ ਟ੍ਰਸਟ ਹੈ ਜਿਸ ਵਿਚ Pmyint (ਮੇਜਰ ਫਿ ਮਿਆਂ) U Kyan Khin (ਊ ਚੌ ਖਿੰ) Appa ji (ਅਪਾ ਜੀ) U Soe Tin (ਊ ਸੋ ਟਿੰਨ) ਸ਼ਾਮਲ ਹਨ। ੧੮੬੨ ਈ. ਜ਼ਫ਼ਰ ਦੇ ਫੌਤ ਹੋਣ ਉਤੇ ਉਸਦੇ ਮਿਰਤਕ ਸਰੀਰ ਨੂੰ ਏਥੇ ਦਫਨਾਇਆ ਗਿਆ ਸੀ। ਉਸ ਦੀ ਬੇਗਮ ਜ਼ੀਨਤ ਮਹਿਲ ਤੇ ਪਰਵਾਰ ਦੇ ਹੋਰ ਜੀਅ ਏਥੇ ਦੀਵਾ ਜਗਾਉਣ ਆਉਂਦੇ ਰਹੇ। ਅਸਲੀ ਮਜ਼ਾਰ ਕੋਲ ਕੰਧ ਉਤੇ ਜ਼ਫ਼ਰ ਦੀ ਗ਼ਜ਼ਲ ਲਿਖੀ ਸੀ, ਜਿਸ ਦਾ ਆਖ਼ਰੀ ਸ਼ਿਅਰ ਸੀ—

ਕਿਤਨਾ ਹੈ ਬਦਨਸੀਬ ਜ਼ਫ਼ਰ ਦਫ਼ਨ ਕੇ ਲੀਏ
ਦੋ ਗਜ਼ ਜ਼ਮੀ ਭੀ ਮਿਲ ਨ ਸਕੀ ਕੂਏ ਯਾਰ ਮੇਂ।

ਬਾਹਰ ਸੜਕ ਉਤੇ ਆ ਕੇ ਖੱਬੇ ਨੂੰ ਕੁਝ ਕਦਮ ਤੁਰੇ ਤਾਂ ਜਸਵਿੰਦਰ ਸਿੰਘ ਨੇ ਵਲਗਨ ਵਿਚਲੇ ਅੰਬਾਂ ਦੇ ਬੁੱਢੇ ਦਰਖ਼ਤਾਂ ਵੱਲ ਇਸ਼ਾਰਾ ਕਰਕੇ ਕਿਹਾ, "ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨ ਆਏ ਸਿੱਖ ਇਹਨਾਂ ਅੰਬਾਂ ਹੇਠ ਰਹਿੰਦੇ ਸਨ। ਮਜ਼ਾਰ ਉਤੇ ਰਹਿੰਦਾ ਬੈਰਾਗੀ ਫਕੀਰ ਉਹਨਾਂ ਦੀ ਮਦਦ ਕਰਦਾ ਸੀ। ਇਥੋਂ ਨੇੜੇ ਹੀ ਸਤਿਗੁਰੂ ਜੀ ਵਾਲੇ ਬੰਗਲੇ ਵਾਲੀ ਥਾਂ ਹੈ ਆਓ ਵਿਖਾਵਾਂ।" ਇਹਨਾਂ ਅੰਬਾਂ ਦੀਆਂ ਤਸਵੀਰਾਂ ਖਿਚੀਆਂ ਗਈਆਂ ਤੇ ਵੀ.ਡੀ.ਓ. ਫਿਲਮ ਭਰੀ ਗਈ।

ਉਥੋਂ ਅਸੀਂ ਵਲਗਣ ਦੇ ਨਾਲ ਨਾਲ ਫੇਰ ਖੱਬੇ ਨੂੰ ਮੁੜੇ। ਨਾਲ ਸੜਕ ਹੈ ਜਿਸ ਦਾ ਨਾਂ ਊ ਵਿਸਾਰਾ ਰੋਡ ਹੈ। ਵਲਗਣ ਮੁਕਦਿਆਂ ਖੱਬੇ ਹੱਥ ਫੇਰ ਸੜਕ ਹੈ, ਬਜ਼ਾਰ ਰੋਡ। ਬਜ਼ਾਰ ਰੋਡ ਤੇ ਊ ਵਿਸਾਰਾ ਰੋਡ ਦੇ ਕੋਨੇ ਵਾਲੀ ਖਾਲੀ ਥਾਂ ਉਤੇ ਕਦੀ ਉਹ ਬੰਗਲਾ ਹੁੰਦਾ ਸੀ ਜਿਥੇ ੧੮੭੨ ਈ. ਤੋਂ ੧੮੮੦ ਈ. ਤੱਕ ਸ੍ਰੀ ਸਤਿਗੁਰੂ ਜੀ ਨਜ਼ਰਬੰਦ ਰਹੇ ਸਨ।

ਪ੍ਰਾਜੈਕਟ ਜਿਲਦ ਵਿਚੋਂ ਜਸਵਿੰਦਰ ਸਿੰਘ ਨੇ ੧੮੭੮ ਈ. ਦਾ ਨਕਸ਼ਾ ਕੱਢਿਆ। ਉਸ ਵਿਚ ੯੯'-੯" ਚੌੜੇ ਤੇ ੧੦੦ ਫੁਟ ਲੰਮੇ ਥਾਂ ਵਿਚ ੪੪'×੪੪' ਛਤੇ ਥਾਂ ਉਤੇ ਲਿਖਿਆ ਹੋਇਆ ਹੈ, ਕੈਦੀ ਬੰਗਲਾ (Prisoner Residence), ਉਸਦੇ ਖੱਬੇ ਹੱਥ ਖੂਹ ਦਾ ਨਿਸ਼ਾਨ ਹੈ। ਚਾਰ ਚੁਫੇਰੇ ਫਟੀਆਂ ਦੇ ਜੰਗਲੇ ਦੇ ਨਿਸ਼ਾਨ ਹਨ। ਉਸ ਤੋਂ ਅੱਗੇ ੫ ਫੁੱਟ ਚੌੜੀ ਖਾਈ। ਖਾਈ ਤੋਂ ਬਾਹਰ ਸੰਤਰੀਆਂ ਦੇ ਫਿਰਨ ਲਈ ਰਾਹ ਤੇ ਚਹੁੰ ਕੋਣਿਆਂ ਤੇ ਸੰਤਰੀ-ਖੋਖੇ ਹਨ। ਬਾਹਰ ਉੱਚੀ ਚਾਰ ਦਿਵਾਰੀ ਤੇ ਪੱਛਮ ਨੂੰ ਅੱਗੇ ਸੜਕ ਵਾਇਲਜ਼ (Voyles) (ਨਵਾਂ ਨਾਂ ਊ ਵਿਜ਼ਾਰਾ ਰੋਡ) ਹੈ। ਬੰਗਲੇ ਨੂੰ ਜਾਣ ਦਾ ਰਾਹ ਸੜਕ ਵਲੋਂ ਹੋਣ ਦੀ ਥਾਂ ਅੰਦਰ ਖੱਬੇ ਨੂੰ ਸੀ। ਬੰਗਲੇ ਦੇ ਦੂਜੇ ਹੱਥ ਬਜ਼ਾਰ ਰੋਡ ਹੈ। ਉਸਦਾ ਕਹਿਣਾ ਹੈ ਕਿ ਇਥੇ ਬੰਗਲਾ ਢਹਿ ਜਾਣ ਕਰਕੇ ਡਾਕਖਾਨਾ ਫਿਰ ਪੁਲਿਸ ਸਟੇਸ਼ਨ ਬਣਿਆ ਜਿਸ ਨੂੰ ਉਸ ਨੇ ੧੯੬੪ ਵਿਚ ਵੇਖਿਆ। ਹੁਣ ਰੜਾ ਥਾਂ ਸੀ। ਬੱਸ ਘਾਹ ਬੂਟ ਉਗਿਆ ਹੋਇਆ ਸੀ। ਕੁਝ ਛੋਟੇ ਰੁੱਖ। ਏਥੋਂ ਜਦੋਂ ਸ੍ਰੀ ਸਤਿਗੁਰੂ ਜੀ ਪਰਨਾ ਹਿਲਾਉਂਦੇ ਸਨ ਤਾਂ ਸਿੱਖ ਅੰਬਾਂ ਹੇਠੋਂ ਦਰਸ਼ਨ ਕਰਨ, ਹੁਕਮਨਾਮਾ ਲੈਣ ਤੇ ਅਰਜ਼ਾਂ ਦੇਣ ਆਉਂਦੇ ਸਨ। ੮ ਸਾਲਾਂ ਵਿਚ ਕੇਵਲ ਧੰਨਾ ਸਿੰਘ ਗੁਮਟੀ ਹੀ ਵਾਇਲਜ਼ ਰੋਡ ਤੋਂ ਹੁਕਮਨਾਮਾ ਚੁੱਕ ਕੇ ਭੱਜਾ ਜਾਂਦਾ ਸੰਤਰੀਆਂ ਵੇਖ ਕੇ ਫੜ ਲਿਆ, ਨਹੀਂ ਤਾਂ ਭਾਰਤ ਵਿਚ ਬੈਠੇ ਨਾਮਧਾਰੀ ਸਿੱਖਾਂ ਦਾ ਮਨੋਬਲ ਵਧਾਉਣ ਲਈ ਹੁਕਮਨਾਮੇ, ਲਿਆਉਣ ਵਾਲੇ ਸਿੱਖ ਫੜੇ ਨਹੀਂ ਜਾ ਸਕੇ, ਐਸੀ ਸੀ ਸ੍ਰੀ ਸਤਿਗੁਰੂ ਜੀ ਦੀ ਜੁਗਤ ਤੇ ਕਿਰਪਾ।

ਗੱਲਾਂ ਕਰਨ ਲਗਿਆਂ ਸਭ ਦੇ ਗਲੇ ਰੁਕ ਗਏ, ਅੱਖਾਂ ਸੇਜਲ ਹੋ ਗਈਆਂ। ਸਭ ਇਕ ਦੂਜੇ ਤੋਂ ਪਾਸੇ ਹੋ ਕੇ ਅੱਖਾਂ ਪੂੰਝਣ ਲੱਗੇ ਕਿ ਕਿਤੇ ਉਹਨਾਂ ਅੰਦਰਲਾ ਅੱਖਾਂ 'ਚੋਂ ਸਿੰਮਦਾ ਵਿਛੋੜੇ ਦਾ ਦੁਖ ਦਰਦ ਕੋਈ ਵੇਖ ਨਾ ਲਵੇ। ਹਰ ਇਕ ਦਾ ਕੈਮਰਾ ਵੱਖਰੇ ਵੱਖਰੇ ਜਾਵੀਏ ਤੋਂ ਉਸ ਥਾਂ ਦੀਆਂ ਤਸਵੀਰਾਂ ਖਿਚ ਰਿਹਾ ਸੀ। ਵੀ.ਡੀ.ਓ. ਕੈਮਰਾ ਤਾਂ ਅਵਾਜ਼ ਵੀ ਭਰ ਰਿਹਾ ਸੀ। ਬਾਹਰ ਖਲੋ ਕੇ ਉਸ ਸੁਹਾਵੇ ਥਾਂ ਨੂੰ ਸਿਰ ਝੁਕਾਇਆਂ ਹੀ ਡਰਦਿਆਂ ਝਕਦਿਆਂ ਇਕ ਫਾਟਕ ਜਹਿ ਤੋਂ ਅੰਦਰ ਜਾ ਕੇ ਮੱਥਾ ਟੇਕਿਆ ਤੇ ਉਥੋਂ ਮਿੱਟੀ ਲੈ ਕੇ ਮੱਥੇ ਨੂੰ ਲਾਈ। ਜੀਤ ਨੇ ਅਛੋਪਲੇ ਕੁਝ ਮਿੱਟੀ ਪੱਲੇ ਬੰਨ੍ਹ ਲਈ, ਯੂ.ਕੇ. ਲੈ ਜਾਣ ਵਾਸਤੇ।

ਬੀਤਿਆਂ ਸਮਾਂ ਦਿਮਾਗ਼ ਵਿਚ ਖਲਬਲੀ ਮਚਾ ਰਿਹਾ ਸੀ ਕਿਵੇਂ ਸਿੱਖ ਭੇਸ ਬਦਲ ਕੇ, ਭੁੱਖੇ ਤਿਹਾਏ ਰਹਿ ਕੇ ਬੋਲੀ ਦੀ ਔਖ ਦੇ ਬਾਵਜੂਦ, ਬਰਤਾਨਵੀ ਹਾਕਮਾਂ ਰਾਹੀਂ ਫੜੇ ਜਾਣ ਤੋਂ ਡਰਦੇ ਤਰਹਿੰਦੇ, ਹਿੰਮਤ ਕਰਕੇ, ਧਰਤੀ-ਸਮੁੰਦਰ ਨੂੰ ਚੀਰ ਕੇ, ਸਤਿਗੁਰੂ ਸੱਚੇ ਪਾਤਸ਼ਾਹ ਦੇ ਪ੍ਰੇਮ ਦੇ ਬਧੇ ਏਥੇ ਪੁੱਜਦੇ ਸਨ। ਐਸੇ ਸਿਖਾਂ ਬਾਰੇ ਹੀ ਲਿਖਿਆ ਹੈ—

ਨਾਗਾ ਵਾੜ ਸਮੁੰਦ ਘਰ ਕੇਹਰ ਖੜੇ ਬੁਕੰਨ।
ਜੇ ਜਮ ਹੋਵੇ ਪਾਹਰੂ ਪ੍ਰੇਮੀ ਜਾਏ ਮਿਲੰਨ।
ਧੰਨ ਸਤਿਗੁਰੂ ਤੇ ਧੰਨ ਉਸ ਦੇ ਸਿੱਖ।

ਏਧਰ ਤਾਂ ਧੰਨ ਸਤਿਗੁਰੂ ਜਗਜੀਤ ਸਿੰਘ ਜੀ ਹਨ



Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਸਾਨੂੰ ਬਿਨਾ ਖਰਚ ਖੇਚਲ ਤੋਂ ਹਵਾਈ ਜਹਾਜ਼ਾਂ ਰਾਹੀਂ ਏਥੇ ਭੇਜ ਕੇ, ਖੋਜ ਦੇ ਬਹਾਨੇ ਸੁਹਾਵੇ ਥਾਵਾਂ ਦੇ ਦਰਸ਼ਨ ਕਰਨ ਦੀ ਦਾਤ ਬਖ਼ਸ਼ੀ।

ਉਸ ਦੇ ਰੰਗ ਵਿਚ ਰੰਗਿਆਂ, ਇਸ ਥਾਂ ਨੂੰ ਨਿਹਰਾਦੇ ਰਹਿਣ ਦਾ ਆਪਣਾ ਹੀ ਰੰਗ ਰਸ ਸੀ ਪਰ ਇਕ ਵੱਜ ਗਿਆ ਸੀ, ਸੋ ਗੱਡੀ ਵਿਚ ਬੈਠ ਕੇ, ਪਹੁੰਚੇ ਆਰਕਾਈਵ। ਉਥੇ ਅਧਿਐਨ ਹਾਲ ਵਿਚ ਸਾਡੇ ਕੰਪਿਊਟਰ ਖੋਲ ਦਿਤੇ ਗਏ। ਅਸੀਂ ਉਥੋਂ ਫਾਈਲਾਂ ਦੇ ਵਿਸ਼ੇ ਪੜ੍ਹਦੇ ਗਏ ਤੇ ਆਪਣੀ ਲੋੜ ਦੀਆਂ ਫਾਈਲਾਂ ਦੇ ਨੰਬਰ ਦੱਸ ਕੇ ਫਾਈਲਾਂ ਕਢਵਾਈਆਂ। ਉਹਨਾਂ ਦੇ ਸਫ਼ੇ ਸਰਸਰੀ ਫੋਲੇ ਅਤੇ ੧੯ ਫਾਈਲਾਂ ਜਿਨ੍ਹਾਂ ਵਿਚ ੮੮੦ ਸਫੇ ਸਨ, ਇਹਨਾਂ ਨੂੰ ਲੋੜੀਂਦਾ ਸਮਝ ਕੇ ਇਹ ਮੰਗ ਲਈਆਂ। ਇਹ ਫਾਈਲਾਂ ਮਯਾਂਮਾਰ ਨਜ਼ਰਬੰਦ ਰਹਿਣ ਸਮੇਂ ਸ੍ਰੀ ਸਤਿਗੁਰੂ ਜੀ ਤੇ ਸੂਬਿਆਂ ਸੰਬੰਧੀ ਸਨ। ਇਕ ਵਿਚ ਸ੍ਰੀ ਸਤਿਗੁਰੂ ਜੀ ਦੇ ਦਸਤਖ਼ਤ ਵੀ ਸਨ।

ਅਧਿਕਾਰੀ ਖੁਸ਼ ਹੋਏ ਕਿ ਉਹਨਾਂ ਦੀ ਸੰਭਾਲ ਦੀ, ਖੋਜੀਆਂ ਨੇ ਕਦਰ ਕੀਤੀ ਹੈ। ਉਹਨਾਂ ਨੂੰ ਕੁਝ ਹੋਰ ਫਾਈਲਾਂ ਲੱਭਣ ਬਾਰੇ ਕਿਹਾ ਤਾਂ ਉਹਨਾਂ ਕਿਹਾ—ਇਕ ਦੋ ਦਿਨ ਲਗਣਗੇ। ਅਸੀਂ ਚੁਣੀਆਂ ਹੋਈਆਂ ਫਾਈਲਾਂ, ਰਾਖਵੀਆਂ ਰਖਾ ਕੇ ੧੪ ਜੂਨ ਨੂੰ ਦੁਬਾਰਾ ਆਉਣ ਦਾ ਇਕਰਾਰ ਕਰਕੇ ਤੁਰੇ।

ਇਸ ਕਾਰਜ ਵਿਚ ਸਾਡੇ ਪ੍ਰਤੀ ਸੁਹਿਰਦਤਾ ਵਿਖਾਉਣ ਵਾਲੇ ਅਧਿਕਾਰੀ ਸਨ—

ਡਾਇਰੈਕਟਰ—(ਡੌ ਖਿੰ ਖਿੰ ਨੂੰ)

ਡਿਪਟੀ ਡਾਇਰੈਕਟਰ—(ਊ ਤੇਂਈ ਲਹੈਂ)

ਡਿਪਟੀ ਡਾਇਰੈਕਟਰ—(ਡੌ ਹਲਾ ਚੀ)

ਸਹਾਇਕ ਡਾਇਰੈਕਟਰ—(ਊ ਖਿੰ ਮੌਂ ਵਿਨ)

ਸਟਾਫ ਅਫਸਰ ਆਰਕੀਵਿਸਟ—(ਡੌ ਖਿੰ ਖਿੰ ਮਯਾ)

ਅਧਿਕਾਰੀ ਤੇ ਸਟਾਫ ਨੇ ਪਹਿਲਾਂ ਹੀ ਕਾਫ਼ੀ ਮਿਹਨਤ ਕਰਕੇ ਫਾਈਲਾਂ ਤਿਆਰ ਕੀਤੀਆਂ ਹੋਈਆਂ ਸਨ ਸੋ ਸਾਡਾ ਕੰਮ ਛੇਤੀ ਨਿਬੜ ਗਿਆ।

ਸਮੇਂ ਦੀ ਸੁਵਰਤੋਂ ਲਈ ਦੂਰੈ ਰਾਜ ਹੁਰੀਂ ਸਾਨੂੰ ਮਹਾਤਮਾ ਬੁਧ ਦਾ ਇੱਕ ਵਿਸ਼ਾਲ ਬੁੱਤ ਦਿਖਾਉਣ ਲੈ ਗਏ। ਲੇਟਿਆ ਹੋਇਆ ਬੁਧ ਦਾ ਬੁੱਤ ੨੧੬ ਫੁਟ ੬ ਇੰਚ ਲੰਮਾ ਹੈ। ਸੀਮਿੰਟ-ਲੋਹੇ-ਬਜਰੀ ਦਾ ਉਹ ਬੁਤ ੨੩੬ ਫੁਟ ਲੰਮੇ ਥੜੇ ਉਤੇ ਟਿਕਿਆ ਹੋਇਆ ਹੈ। ਇਹ ਬੁਤ ੫੮ ਫੁਟ ਉੱਚਾ ਹੈ। ਇਸ ਦਾ ਜੂੜਾ ੮ ਫੁਟ ਉੱਚਾ ੪੮.੬ ਫੁਟ ਘੇਰੇ ਵਿਚ ਹੈ। ਸਿਰ ਦਾ ਘੇਰਾ ੮੯.੯ ਫੁਟ, ਮੱਥਾ ੪੬.੬ ਫੁਟ ਲੰਮਾ, ੫.੩ ਫੁਟ ਚੋੜਾ ਹੈ। ਇਸ ਤੇ ਸੁਨਹਿਰੀ, ਚਿੱਟੇ ਪੱਲੇ ਵਾਲੀ ਚਾਦਰ ਖੱਬੇ ਮੋਢੇ ਤੋਂ ਪਿਛਾਂਹ ਨੂੰ ਸੁੱਟੀ ਹੈ, ਉਸ ਦੇ ਵੱਟ ਗੈਰ ਕੁਦਰਤੀ ਨਹੀਂ ਲਗਦੇ। ਸਿਰ ਥੱਲੇ ਹੱਥ ਰੱਖ ਕੇ ਗੰਭੀਰ ਮੁਦਰਾ ਵਿਚ ਲੇਟੇ ਮਹਾਤਮਾ ਬੁਧ ਦੇ ਹਿਰਨ ਵਰਗੇ ਨੇਤਰ ਦਗ ਦਗ ਕਰਦੇ ਹਨ। ਸੀਸ ਉਤੇ ਚਾਂਦੀ ਰੰਗਾ ਮੁਕਟ ਹੈ। ਚਰਨਾਂ ਵਿਚ ਚਿਹਨ ਚਕਰ, ਪਦਮ ਆਦਿ ਹਨ। ਬੁੱਤ ਅੱਗੇ ਬਹੁਤ ਵੱਡਾ, ਕੌਲਿਆਂ ਤੇ ਖੜਾ ਸ਼ੈੱਡ ਹੈ। ਏਥੇ ਬੁਧ ਪੁੰਨਿਆਂ ਨੂੰ ਭਾਰਾ ਮੇਲਾ ਲਗਦਾ ਹੈ। ੧੯੩੯ ਈ. ਤੋਂ ਇਸ ਮਹਾਤਮਾ ਬੁਧ ਨੇ ਬਿਲਕੁਲ ਪਾਸਾ ਨਹੀਂ ਪਰਤਿਆ।

ਭਰਵੇ ਮੀਂਹ ਦਾ ਮੌਸਮ ਹੋਣ ਕਰਕੇ ਬਿਨਾਂ ਪੁਛਿਆਂ ਦੱਸਿਆਂ ਮੋਹਲੇਧਾਰ ਮੀਂਹ ਪੈਂਦਾ ਰਿਹਾ। ਪਰ ਖੁਸ਼ੀ ਸੀ ਕਿ ਪਹਿਲੇ ਦਿਨ ਦੀ ਕਾਰਗੁਜ਼ਾਰੀ ਹੌਸਲੇ ਬੁਲੰਦ ਰੱਖਣ ਵਾਲੀ ਸੀ।

ਅਗਲੇ ਦਿਨ ਦੂਰੈ ਰਾਜ ਨੇ ਸਫ਼ਰ ਕਰਦਿਆਂ ਦੱਸਿਆ ਕਿ ਏਥੇ ਬੋਧੀ, ਪੌਂਜੀ (ਭਿਕਸ਼ੂ) ਦਾ ਬੜਾ ਸਤਿਕਾਰ ਹੈ। ਉਹ ਪਹਿਲਾਂ ਮਿਥੇ ੫-੬ ਘਰਾਂ ਵਿਚ ਭਿਖਿਆ ਮੰਗਣ ਜਾਂਦਾ ਹੈ। ਸਭ ਉਸ ਨੂੰ ਆਦਰ ਨਾਲ ਭਿਖਿਆ ਪਾਉਂਦੇ ਹਨ। ਪਰ ਬੋਧੀ ਲਈ ਜ਼ਿੰਦਗੀ ਵਿਚ ਘਟੋ ਘੱਟ ੭ ਦਿਨ ਭਿਕਸ਼ੂ ਬਣਨਾ ਜ਼ਰੂਰੀ ਹੈ। ਉਹਨਾਂ ਦਿਨਾਂ ਵਿਚ ਉਸ ਦੀ ਘਰ ਵਾਲੀ ਤੇ ਬੱਚੇ ਸਭ ਉਸ ਦੇ ਚੇਲੇ ਹੁੰਦੇ ਹਨ। ਉਹਨਾਂ ਦਿਨਾਂ ਵਿਚ ਉਹ ਗ੍ਰਿਸਤ ਨਹੀਂ ਕਰਦਾ। ਕੋਈ ਵੀ ਭਿਕਸ਼ੂ ਜਦੋਂ ਚਾਹੇ ਗ੍ਰਿਸਤੀ ਬਣ ਸਕਦਾ ਹੈ। ਪਿੰਡਾਂ ਦੇ ਉਡੇ ਥੁੜੇ ਘਰਾਂ ਦੇ ਬੱਚੇ ਭਿਕਸ਼ੂ ਬਣ ਕੇ ਮੱਠਾਂ ਵਿਚ ਰਹਿੰਦੇ ਹਨ, ਪੜ੍ਹਾਈ ਕਰਦੇ ਹਨ, ਟਾਈਪ ਜਾਂ ਕੰਪਿਊਟਰ ਆਦਿ ਸਿੱਖ ਕੇ ਨੌਕਰੀ ਕਰਦੇ ਹਨ ਤੇ ਸਾਧੂ ਬਾਣਾ ਤਿਆਗ ਦੇਂਦੇ ਹਨ। ਹਰ ਸਾਲ ਅਪ੍ਰੈਲ-ਮਈ ਵਿਚ ਭਿਕਸ਼ੂ ਬਣਾਏ ਜਾਂਦੇ ਹਨ। ਹਰ ਮੱਠ ਦਾ ਮੁਖੀ ਉਸ ਕੋਲ ਰਹਿਣ ਵਾਲੇ ਭਿਕਸ਼ੂਆਂ ਦੀ ਗਿਣਤੀ, ਉਮਰ, ਸਿਹਤ ਆਦਿ ਦਾ ਧਿਆਨ ਤੇ ਰਿਕਾਰਡ ਰਖਦਾ ਹੈ। ਮੰਗ ਕੇ ਲਿਆਂਦਾ ਭੋਜਨ ਇਕੱਠਾ ਕਰਕੇ, ਫਿਰ ਵੰਡ ਕੇ ਖਾਂਦੇ ਹਨ। ਧਰਮ ਉਪਦੇਸ਼ਕ ਨੂੰ ਸਿਅਡ ਅਤੇ ਅਨੁਯਾਈ ਨੂੰ ਪੋਂਡਾਗੇ ਆਖਦੇ ਹਨ। ਬੋਧੀਆਂ ਦੇ ਵਿਆਹ ਕਰਵਾਉਣ ਵਾਲੇ ਸਾਧੂ ਵੱਖਰੇ ਹੁੰਦੇ ਹਨ। ਉਥੇ ਫੇਰੇ ਨਹੀਂ ਹੁੰਦੇ। ਦੋਹਾਂ ਜੀਆਂ ਦੀ ਰਜ਼ਾਮੰਦੀ ਰਜਿਸਟਰਡ ਕੀਤੀ ਜਾਂਦੀ ਹੈ। ਛੁੱਟ-ਛੁਟਾ ਵੀ ਹੁੰਦਾ ਹੈ ਪਰ ਘੱਟ।

ਦੇਸ ਦਾ ਰਾਜ ਪ੍ਰਮੁੱਖ ਸੀਨੀਅਰ ਜਰਨੈਲ ਹੈ। ਮਯਾਂਮਾਰ


Sri Satguru Jagjit Singh Ji eLibrary NamdhariElibrary@gmail.com

ਦੋ ਨਦੀਆਂ ਦੇ ਘੇਰੇ ਵਿਚ ਹੈ। ਇਕ ਇਰਾਵਤੀ ਜਾਂ ਯਾਂਗੋ ਜੋ ਏਸੇ ਸ਼ਹਿਰ ਨਾਲ ਵਗਦੀ ਹੈ ਦੂਜੀ ਚੀਨ ਤੋਂ ਨਿਕਲਣ ਵਾਲੀ ਸਾਲਵਿਨ ਜੋ ਮੌਲਮੀਨ ਕੋਲ ਸਮੁੰਦਰ ਵਿਚ ਰਲਦੀ ਹੈ। ਉਥੇ ਉਸ ਦਾ ਨਾਂ ਤਾਨ ਵਿਨ ਹੈ।

ਅੱਜ ਅਸੀਂ ਤੁਰੇ ਤਾਂ ਉਹ ਖੂਹ ਭਾਲਣ ਸਾਂ ਜਿਥੋਂ ਦੀਆਂ ਇਟਾਂ ਤੇ ਉਸ ਦੇ ਨੇੜਿਓ ਮਿੱਟੀ ਜਸਵਿੰਦਰ ਸਿੰਘ ਲੈ ਕੇ ਗਿਆ ਸੀ। ਪਰ ਮੋਹਲੇਧਾਰ ਮੀਂਹ ਨੇ ਉਸ ਪੁਰਾਣੀ ਜੇਲ ਵਾਲੀ ਥਾਂ ਉੱਤੇ ਉਤਰਨ ਹੀ ਨਾ ਦਿੱਤਾ।

ਅੱਜ ਦੀ ਬੈਠਕ ਸ੍ਰੀਮਤੀ ਤੋਮਰ ਦੀ ਅਗਵਾਈ ਹੇਠ ਯਾਂਗੋਂ ਸ਼ਹਿਰ ਦੇ ਮੇਅਰ ਅਤੇ ਸਰਕਾਰ ਦੇ ਜਾਇੰਟ ਸਕੱਤਰ ਉ ਚੀ ਵਿਨ ਨਾਲ ਸੌ ਸਾਲ ਪੁਰਾਣੇ ਸਿਟੀ ਹਾਲ ਵਿਚ ਹੋਈ। ਮੇਅਰ ਦੀ ਸਲਾਹਕਾਰ (ਰੋਜ਼ੀ ਟਿਨ ਟਿਨ ਲਵਾਂਗ) ਨੇ ਹਿੰਦੀ ਵਿਚ ਸਾਨੂੰ ਜੀ ਆਇਆਂ ਨੂੰ ਆਖਿਆ ਤੇ ਕਿਹਾ, "ਮੈਂ ਕੁਛ ਕੁਛ ਹਿੰਦੀ ਬੋਲ ਲੇਤੀ ਹੂੰ।"

ਸ੍ਰੀਮਤੀ ਤੋਮਰ ਨੇ ਸ੍ਰੀ ਸਤਿਗੁਰੂ ਜੀ ਦੇ ਜੰਗੀ ਕੈਦੀ ਦੇ ਰੂਪ ਵਿਚ ਏਥੇ ਰਖੇ ਜਾਣ ਦਾ ਪਿਛੋਕੜ ਦੱਸ ਕੇ ਸਾਡਾ ਮਯਾਂਮਾਰ ਆਉਣ ਦਾ ਮੰਤਵ, ਉਹਨਾਂ ਥਾਵਾਂ ਦੀ ਨਿਸ਼ਾਨਦੇਹੀ, ਦਸਤਾਵੇਜ਼ਾਂ, ਨਕਸ਼ਿਆਂ ਤੇ ਸਤਿਗੁਰੂ ਜੀ ਦੀ ਤਸਵੀਰ ਦੀ ਪ੍ਰਾਪਤੀ ਦਸਿਆ।

ਓਥੇ ਹਰ ਮਹਿਕਮੇ ਦੇ ਇੰਜੀਨੀਅਰ ਵੀ ਸੱਦੇ ਹੋਏ ਸਨ। ਗੱਲਾਂ ਬਾਤਾਂ ਵਿਚ ਉ ਵਿਜ਼ਾਰਾ ਰੋਡ ਦੇ ਉਸ ਟਿਕਾਣੇ ਪਹੁੰਚ ਗਏ ਜਿਥੇ ਬੰਗਲਾ ਸੀ। ਸਾਨੂੰ ਸਮਝਾਉਣ ਵਿਚ ਦੇਰ ਲੱਗੀ ਕਿਉਂਕਿ ਅਸੀਂ ਉਵਿਜ਼ਾਰਾ ਬੋਲਦੇ ਸਾਂ ਅਸਲ ਵਿਚ ਉ ਵਿਸਾਰਾ ਦੋ ਸ਼ਬਦ ਹਨ। ਸੜਕ ਦਾ ਨਾਂ ਵੀ ਬਦਲਿਆ ਹੋਇਆ ਸੀ। ਜਸਵਿੰਦਰ ਸਿੰਘ ਨੇ ਇਕ ਐਸਾ ਨਵਾਂ ਨਕਸ਼ਾ ਵਿਖਾਇਆ ਜਿਸ ਵਿਚ ਉਹਨਾਂ ਸੜਕਾਂ ਦੇ ਪੁਰਾਣੇ ਨਾਂ ਵੀ ਲਿਖੇ ਹੋਏ ਸਨ। ਟਾਊਨ ਪਲਾਨ ਦੇ ੧੯੧੧, ੧੯੨੩-੨੪ ਦੇ ਨਕਸ਼ੇ ਲਿਆਂਦੇ ਗਏ। ੧੯੨੩ ਦੇ ੧੯੪੯ ਈ. ਵਿਚ ਦੁਬਾਰਾ ਛਪੇ ਨਕਸ਼ੇ ਵਿਚ ਡਾਕਖਾਨੇ ਦਾ ਨਾਂ ਸੀ। ਸੜਕਾਂ ਦਾ ਹਵਾਲਾ ਵੀ ਠੀਕ ਸੀ। ਸਭ ਨੂੰ ਸਹੀ ਥਾਂ ਦੀ ਨਿਸ਼ਾਨ ਦੇਹੀ ਕਰਨ ਬਾਰੇ ਇੱਕ ਮੱਤ ਹੋਣ ਦੀ ਖੁਸ਼ੀ ਹੋਈ। ਫਿਰ ਪੁਰਾਣੀ ਜੇਲ੍ਹ ਵਾਲੀ ਥਾ ਦਾ ਨਕਸ਼ਾ ਵੇਖਿਆ। ਉਹਨਾਂ ਨੇ ਮੋਹਰਾਂ ਲਾ ਕੇ ਤਸਦੀਕ ਕਰਕੇ ਦੋਹਾਂ ਨਕਸ਼ਿਆਂ ਦੀਆਂ ਕਾਪੀਆਂ ਸਾਨੂੰ ਦੇ ਦਿੱਤੀਆਂ। ਪਹਿਲੀ ਥਾਂ ਡਿਫੈਂਸ ਕੋਲ ਹੈ ਤੇ ਦੂਜੀ ਗ੍ਰਹਿ ਮੰਤਰਾਲੇ ਕੋਲ। ਅਸੀਂ ਜਦੋਂ ਬਇਕ (ਮਰਗੋਈ) ਦੇ ਨਕਸ਼ੇ ਬਾਰੇ ਪੁਛਿਆ ਤਾਂ ਦੱਸਿਆ ਗਿਆ ਉਸ ਥਾਂ ਦਾ ਰਿਕਾਰਡ ਯਾਂਗੋਂ ਨਹੀਂ ਹੈ।

ਮੀਟਿੰਗ ਵਿਚ ਯਾਂਗੋ ਨਗਰ ਵਿਕਾਸ ਕਮੇਟੀ ਦੇ ਸਹਾਇਕ ਮੁਖੀ ਇੰਜੀਨੀਅਰ (ਉ ਸੈ ਸਾਂ ਉ) ਅਤੇ, ਲੈਂਡ ਰਿਕਾਰਡ ਮਹਿਕਮੇ ਦੇ ਮੁਖੀ ਵੀ ਸ਼ਾਮਲ ਸਨ। ਇਕ ਅਧਿਕਾਰੀ ਨਕਸ਼ਾ ਲੈ ਕੇ ਸਾਡੇ ਨਾਲ ਬੰਗਲੇ ਵਾਲੀ ਥਾਂ ਵਿਖਾਉਣ ਗਿਆ।

ਉਥੋਂ ਅਸੀਂ ਮਿਥੇ ਸਮੇਂ ਤੋਂ ਇਕ ਘੰਟਾ ਦੇਰ ਨਾਲ ਸਨਾਤਨ ਧਰਮ ਸਵਯੰ ਸੇਵਕ ਸੰਘ ਦੇ ਉਡੀਕ ਰਹੇ ਅਹੁਦੇਦਾਰਾਂ ਨੂੰ ਮਿਲੇ। ਉਹਨਾਂ ਵਿਚ ਭੀਮ ਸੈਨ ਮਨੋਚਾ, ਰਾਮ ਪ੍ਰਕਾਸ਼, ਦੇਵ ਮੁਨੀ, ਅਨੁਰੁਧ ਯਾਦਵ, ਨੰਦ ਲਾਲ ਇੰਜੀਨੀਅਰ ਅਤੇ ਬਜ਼ੁਰਗ ਯਾਦਵ ਨੇ ਬੜਾ ਪਿਆਰ ਜਤਾਇਆ। ਉਹ ਮੂਲ ਰੂਪ ਵਿਚ ਪੰਜਾਬ, ਉਤਰ ਪ੍ਰਦੇਸ਼ ਤੇ ਬਿਹਾਰ ਦੇ ਵਸਨੀਕ ਸਨ। ਟੌਂ ਔਂ ਠੌਂ ਵੀ ਸਰਕਾਰ ਵਲੋਂ ਆਪਣਾ ਫਰਜ਼ ਨਿਭਾ ਰਹੇ ਸਨ। ਮਨੋਚਾ ਜੀ ਨੇ ਰਿਪੋਰਟ ਪੜ੍ਹਦਿਆਂ ਟੀਮ ਦਾ ਸੁਆਗਤ ਕੀਤਾ।

ਅਗਲਾ ਪੜਾ ਸਰਵ ਮਯਾਂਮਾਰ ਹਿੰਦੂ ਸੈਂਟਰਲ ਬੋਰਡ ਸੀ। ਏਥੇ ਪ੍ਰਧਾਨ ਗਿਰਜਾ ਸ਼ੰਕਰ ਸ਼ਰਮਾ ਤੇ ਉਹਨਾਂ ਦੇ ਸਾਥੀਆਂ ਨੇ ਟੀਮ ਦਾ ਸੁਆਗਤ ਕੀਤਾ। ਸਰਕਾਰੀ ਅਧਿਕਾਰੀ ਏਥੇ ਵੀ ਹਾਜ਼ਰ ਸਨ। ਸ਼ਰਮਾ ਜੀ ਨੇ ਦਸਿਆ ਬੋਰਡ ਸਣੇ ਸਿੱਖਾਂ, ੭ ਲੱਖ ਹਿੰਦੂਆਂ ਦੀ ਪ੍ਰਤੀਨਿਧਤਾ ਕਰਦਾ ਹੈ। ਉਹ ਮੰਦਰਾਂ, ਗੁਰਦੁਆਰਿਆਂ ਦੀ ਦੇਖ ਭਾਲ ਕਰਦਾ ਹੈ। ਸਰਕਾਰ ਹਰ ਤਰ੍ਹਾਂ ਦੀ ਮਦਦ ਦੇਂਦੀ ਹੈ। ਇਥੇ ਧਾਰਮਿਕ ਅਦਾਰੇ ਆਪਣੇ ਪ੍ਰੰਪਰਾਗਤ ਤਰੀਕੇ ਨਾਲ ਪੂਜਾ ਪਾਠ ਕਰ ਸਕਦੇ ਹਨ ਪਰ ਵਿੱਦਿਅਕ ਅਦਾਰੇ ਤੇ ਅਖ਼ਬਾਰ ਸਰਕਾਰੀ ਹੀ ਹਨ।

ਇਥੋਂ ਸਿੱਖ ਟੈਂਪਲ (ਗੁਰਦੁਆਰੇ) ਪੁੱਜੇ। ਉਹ ਵੀ ਘੰਟੇ ਭਰ ਤੋਂ ਸਾਡਾ ਰਾਹ ਉਡੀਕ ਰਹੇ ਸਨ। ਪ੍ਰਧਾਨ ਅਵਤਾਰ ਸਿੰਘ ਤੇ ਸਾਥੀ ਸਾਨੂੰ ਆਦਰ ਨਾਲ ਅੰਦਰ ਲੈ ਕੇ ਗਏ। ਮਥਾ ਟੇਕ ਕੇ ਬੈਠ ਗਏ। ਜਸਵਿੰਦਰ ਸਿੰਘ ਹੁਰਾਂ ਪੱਕੀ, ਪੀਢੀ, ਸੁਰੀਲੀ ਤੇ ਰਸੀਲੀ ਆਵਾਜ਼ ਵਿਚ, 'ਹਰ ਕੋ ਨਾਮ ਸਦਾ ਸੁਖਦਾਈ' ਸ਼ਬਦ ਗਾਇਨ ਕੀਤਾ। ਉਹਨਾਂ ਨਾਲ ਸੁਰਜੀਤ ਸਿੰਘ ਜੀਤ ਸਨ। ਅਜੀਤ ਸਿੰਘ ਨੇ ਨਾਮ ਦੀ ਮਹਿਮਾ ਦੱਸੀ ਅਤੇ ਅਰਦਾਸ ਕੀਤੀ। ਮਯਾਂਮਾਰ ਸਿੱਖਾ ਦੇ ਪੰਝੀ ਕੁ ਘਰ ਹਨ, ਪਰ ਜੀਤ ਹੁਰਾਂ ਅਨੁਸਾਰ, 'ਸਿੰਘਾਂ ਨੇ ਸ਼ਾਨ ਨਾਲ ਗੁਰਦੁਆਰਾ ਬਣਾਇਆ ਹੈ। ਇਹੀ ਗੁਰਦੁਆਰਾ ਸੀ ਜਿਥੇ ਫੌਜੀਆਂ ਤੇ ਆਮ ਨਾਗਰਿਕਾਂ ਵਿਚ ਪ੍ਰਧਾਨਗੀ ਦੇ ਅਹੁਦੇ ਦੇ ਝਗੜੇ ਕਾਰਨ ਤਾਲੇ ਲੱਗੇ ਹੋਏ ਸਨ। ਸਤਿਗੁਰੂ


Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਸਿੰਘ ਜੀ ਨੇ ੧੯੩੩ ਈ. ਦੂਹਾਂ ਨੂੰ ਸਮਝਾ ਕੇ ਗੁਰਦੁਆਰਾ ਖੁਲ੍ਹਵਾ ਦਿੱਤਾ। ਗੁਰਦੁਆਰੇ ਦੇ ਨਾਲ ਗੁਰੂ ਨਾਨਕ ਫਰੀ ਡਿਸਪੈਂਸਰੀ ਹੈ। ਉਥੋਂ ਅਸੀਂ ਸ. ਤੇਜਾ ਸਿੰਘ, ਡਾ. ਇੰਦਰਜੀਤ ਕੌਰ ਘਰੋਂ ਹੋ ਕੇ ਟਿਕਾਣੇ ਪੁੱਜੇ।

ਮਯਾਂਮਾਰ ਸਾਡਾ ਤੀਜਾ ਦਿਨ ੧੪ ਜੂਨ ਬੁਧਵਾਰ ਦਾ ਸੀ। ਆਰਕਾਈਵ ਵਿਚੋਂ ਹੋਰ ਕਾਗਜ਼ ਨਾ ਲੱਭਣ ਕਰਕੇ ਪਹਿਲਾਂ ਤਿਆਰ ਫਾਈਲਾਂ ਦਾ ਖਰਚ ਦੇ ਕੇ ਫਾਈਲਾਂ ਲਈਆਂ। ਅਰਾਵਡੀ ਨਦੀ ਦੀ ਜੈਟੀ (ਬੰਦਰਗਾਹ ਵਰਗਾ ਸਵਾਰੀਆਂ ਤੇ ਸਮਾਨ ਚੜ੍ਹਾਉਣ ਉਤਾਰਨ ਦਾ ਪੱਤਣ) ਵੇਖਣ ਗਏ। ਸਾਨੂੰ ਦਸਿਆ ਗਿਆ ਕਿ ਕਲਕੱਤਾ ਰੋਡ ਵਾਲੀ ਜੈਟੀ ਉਤੇ ਉਤਾਰ ਕੇ ਹੀ ਸ੍ਰੀ ਸਤਿਗੁਰੂ ਜੀ ਨੂੰ ਜੇਲ੍ਹ ਲੈ ਗਏ ਹੋਣਗੇ। ਦੂਤਾਵਾਸ ਜਾ ਕੇ ਫਾਈਲਾਂ ਉਥੇ ਸੰਭਾਲ ਦਿਤੀਆਂ ਅਤੇ ਮਿਥੇ ਪ੍ਰੋਗਰਾਮ ਅਨੁਸਾਰ ਉਪ-ਸਿਖਿਆ ਮੰਤਰੀ ਊ ਮਯਾਂ ਨਿਊਂ ਨਾਲ ਮੀਟਿੰਗ ਹੋਈ। ਉਹਨਾਂ ਨਾਲ ਡਾਇਰੈਕਟਰ ਜਨਰਲ ਹਾਇਰ ਐਜੂਕੇਸ਼ਨ ਊ ਸੱ ਲਵਿਨ, ਡਿਪਟੀ ਡਾਇਰੈਕਟਰ ਜਨਰਲ ਯੂਨੀਵਰਸਿਟੀ ਹਿਸਟੋਰੀਕਲ ਰਿਸਰਚ ਸੈਂਟਰ ਊ ਤੌਂਈ ਹਲੈਂ, ਡਿਪਟੀ ਡਾਇਰੈਕਟਰ ਜਨਰਲ ਡੱ ਹਲਾ ਚੂ ਅਤੇ ਯਾਂਗੋਂ ਯੂਨੀਵਰਸਿਟੀ ਇਤਿਹਾਸ ਵਿਭਾਗ ਦੇ ਪ੍ਰੋਫੈਸਰ ਊ ਚੱ ਵਿਨ ਸਨ। ਬੜੇ ਸਹਿਜ ਤੇ ਅਪਣਤ ਭਰੇ ਸ਼ਬਦਾਂ ਵਿਚ ਉਹਨਾਂ ਹਾਲ ਚਾਲ ਪੁਛਿਆ। ਸਾਡੇ ਪ੍ਰਾਜੈਕਟ ਦੀ ਪ੍ਰਸੰਸਾ ਕੀਤੀ ਗਈ ਅਤੇ ਕਿਸੇ ਹੋਰ ਸਮੇਂ ਵਿਦਵਾਨਾਂ ਨਾਲ ਇਕ ਵਿਸ਼ੇਸ਼ ਮੀਟਿੰਗ ਦਾ ਨਿਰਣਾ ਹੋਇਆ। ਉਹਨਾਂ ਸਾਨੂੰ ਮਯਾਂਮਾਰ ਵਿਚ ਸਿੱਖਿਆ ਸੰਬੰਧੀ ਪੁਸਤਕ ਰੂਪੀ ਦਸਤਾਵੇਜ਼ ਦਿਤਾ ਜਿਹੜਾ ਸਿੱਖਿਆ ਖੇਤਰ ਨਾਲ ਸੰਬੰਧਤ ਹੋਣ ਕਰਕੇ ਮੇਰੇ ਲਈ ਵਡਮੁੱਲਾ ਸੀ। ਅਗਲੇ ਦਿਨ ਬਇਕ (ਮਰਗੋਈ) ਜਾਣ ਦਾ ਪ੍ਰੋਗਰਾਮ ਸੀ।

੧੫ ਜੂਨ ਨੂੰ ਸਵੇਰੇ ਸਿਟੀ ਨਿਊਜ਼ ਰੋਜ਼ਾਨਾ ਵਿਚ ਮੇਅਰ ਨਾਲ ਮੀਟਿੰਗ ਸੰਬੰਧੀ ਖ਼ਬਰ ਤੇ ਫੋਟੋ ਮਯਾਂਮਾਰ ਭਾਸ਼ਾ ਵਿਚ ਛਪੀ। ਦੁਰੈ ਰਾਜ ਹੁਰਾਂ ਅਨੁਵਾਦ ਕਰਕੇ ਸੁਣਾਈ। ਖੁਸ਼ੀ ਹੋਈ ਕਿ ਟੀਮ ਦੀ ਖੋਜ ਯਾਤਰਾ ਖ਼ਬਰਾਂ ਦੇ ਰਿਕਾਰਡ ਵਿਚ ਆਈ ਹੈ। ਦੁਰੈ ਰਾਜ ਖ਼ੁਦ ਵੀ ਦੇਸ਼ ਭਗਤੀ ਦੇ ਵਿਰਸੇ ਦਾ ਮਾਲਕ ਹੈ। ਉਸ ਦੇ ਪਿਤਾ ਸ੍ਰੀ ਲਕਸ਼ਮਣ, ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਅਰਦਲੀ ਰਹੇ ਸਨ। ਅਸੀਂ ਬਇਕ ਜਾਣ ਲਈ ਹਵਾਈ ਅੱਡੇ ਗਏ ਤਾਂ ਟਿਕਟਾਂ, ਸੀਟਾਂ ਸਮਾਨ ਬੁਕ ਕਰਵਾਉਣ ਦਾ ਪ੍ਰਬੰਧ ਦੁਰੈ ਰਾਜ ਨੇ ਹੀ ਕੀਤਾ।

ਉਸ ਨੇ ਸਾਨੂੰ ਦਸਿਆ ਕਿ ਏਥੇ ਸਾਡਾ ਪੱਧਰ ਕਿਸੇ ਵੀ ਹੋਰ ਤਰ੍ਹਾਂ ਦੇ ਯਾਤਰੂ ਨਾਲੋਂ ਉੱਚਾ ਹੈ। ਸਾਡਾ ਵੀਜ਼ਾ ਨਾ ਸੈਰ ਸਪਾਟੇ ਵਾਲਾ, ਨਾ ਸਮਾਜਿਕ ਤੇ ਨਾ ਵਪਾਰਕ ਆਦਿ ਹੈ। ਇਹ ਗ੍ਰੇਟਿਸ ਵੀਜ਼ਾ ਹੈ। ਇਸ ਦੀ ਕੋਈ ਫੀਸ ਨਹੀਂ ਲਈ ਗਈ। ਲੱਖਾਂ ਖਰਚਕੇ ਵੀ ਇਹ ਵੀਜ਼ਾ ਨਹੀਂ ਮਿਲਦਾ। ਭਾਰਤ-ਬਰਮਾ ਸਰਕਾਰ ਨੇ ਪੂਰੀ ਪੁਣ ਛਾਣ ਕਰਕੇ ਸਾਨੂੰ ਧਾਰਮਿਕ ਤੇ ਦੇਸ਼ ਭਗਤੀ ਦਾ ਖੋਜ ਕਾਰਜ ਕਰਨ ਲਈ ਵੀਜ਼ਾ ਦੇ ਕੇ ਭੇਜਿਆ ਹੈ। ਮਯਾਂਮਾਰ ਸਰਕਾਰ ਨੇ ਏਥੇ ਸਭ ਧਾਰਮਿਕ ਅਦਾਰਿਆਂ ਨੂੰ ਆਪਣੇ ਢੰਗ ਨਾਲ ਪੁੱਛਿਆ ਸੀ ਕਿ ਕਿਸੇ ਨੂੰ ਸਾਡੇ ਆਉਣ ਤੇ ਕੋਈ ਇਤਰਾਜ਼ ਤਾਂ ਨਹੀਂ ? ਸਭ ਨੇ ਕਿਹਾ ਕੋਈ ਇਤਰਾਜ਼ ਨਹੀਂ। ਮੀਟਿੰਗਾਂ ਦੇ ਪ੍ਰਬੰਧ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਕੀਤੇ ਹਨ। ਐਮਬੈਸਡਰ ਸਾਹਿਬ ਤੇ ਮੈਡਮ ਤੋਮਰ ਦੇ ਭਲੇ ਸੁਭਾਅ ਤੇ ਰਸੂਖ ਨੇ ਸਾਡੀ ਮਦਦ ਕੀਤੀ ਹੈ।

ਛਪੀ ਖ਼ਬਰ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ੧੧੫ ਸਾਲਾਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਬਾਰੇ ਬਰ੍ਹਮਾ ਸਰਕਾਰ ਦੇ ਕਾਗਜ਼ਾਂ ਵਿਚ ਪਹਿਲੀ ਵਾਰ ਕੁਝ ਛਪਿਆ ਹੈ। ਪਹਿਲਾਂ ਉਦੋਂ ਛਪਿਆ ਸੀ ਜਦ ਉਹਨਾਂ ਕਿਹਾ ਅਕਾਲ ਚਲਾਣਾ ਕਰ ਗਏ। ਉਹ ਝੂਠ ਸੀ, ਅਜ ਸੱਚ ਹੈ।

ਜਹਾਜ਼ ਛੋਟਾ ਸੀ। ਸਫ਼ਰ ਵੀ ਛੋਟਾ ਸੀ ਘੰਟੇ ਕੁ ਦਾ, ਸੋ ਛੇਤੀ ਹੀ ਬਇਕ ਪਹੁੰਚ ਗਏ। ਹਵਾਈ ਅੱਡਾ ਬਹੁਤ ਸਾਧਾਰਨ ਹੈ ਸਾਡੇ ਪੇਂਡੂ ਰੇਲਵੇ ਸਟੇਸ਼ਨ ਵਰਗਾ ਸੀ। ਪਰ ਪ੍ਰੇਸ਼ਾਨੀ ਕੋਈ ਨਹੀਂ। ਵਿਦੇਸ਼ੀ ਨਾਗਰਿਕ ਲਈ ਜਹਾਜ਼ ਦਾ ਕਿਰਾਇਆ ਮਯਾਂਮਾਰ ਦੇ ਯਾਤਰੀ ਨਾਲੋਂ ਦਸ ਗੁਣਾ ਹੈ, ੧੦੦ ਡਾਲਰ ਫੀ ਸਵਾਰੀ।

ਏਥੇ ਸਾਨੂੰ ਦੇਵਮੁਨੀ ਦਾ ਭਰਾ ਜੈ ਕਿਸ਼ਨ ਲੈਣ ਆਇਆ ਸੀ। ਉਸ ਨੇ ਅੱਡੇ ਨੇੜੇ ਹੀ ਇਕ ਸਾਫ਼ ਸੁਥਰੇ ਪਾਲ ਮੌਂ ਰਿਜੌਰਟ ਲਾਜ ਵਿਚ ਸਾਡੀ ਰਿਹਾਇਸ਼ ਦਾ ਪ੍ਰਬੰਧ ਕੀਤਾ।

ਉਥੇ ਹੀ ਸਾਡੇ ਮਗਰ ਇੰਟੈਲੀਜੈਂਸ ਦਾ ਬੰਦਾ ਵੀ ਲਗ ਗਿਆ। ਸੂਹ ਲੈਣ ਲਈ ਕਿ ਅਸੀਂ ਕਿਧਰ ਜਾਂਦੇ ਆਉਂਦੇ ਹਾਂ, ਕਿਸ ਨੂੰ ਮਿਲਦੇ ਹਾਂ ਤੇ ਕੀ ਕਰਦੇ ਹਾਂ।

ਅਸੀਂ ਸਮਾਨ ਰੱਖ ਕੇ, ਫੇਰ ਫੀਲਰ ਫੜਕੇ (ਊ ਪੂ) ਘਰ ਗਏ। ਇਹ ਤੇਲਗੂ ਭਾਸ਼ਾ ਹੈ, ਪਰ ਇਸ ਦੇ ਦਾਦਾ ਜੀ ਪੰਜਾਬ ਵਲੋਂ ਹੋ ਕੇ ਏਥੇ ਆਏ ਸੀ। ਇਸ ਦੀ ਉਮਰ ੮੯ ਸਾਲ ਦੀ ਹੈ। ਭਾਰਤੀ ਨਾਂ ਤਾਰਾ ਚੰਦ ਹੈ। ਹਿੰਦੀ ਬੋਲ ਲੈਂਦਾ ਹੈ। ਸਭ ਮੁਰਗੀ (ਮੁਰਗੋਈ) ਵਾਲੇ ਉਸ ਦਾ ਆਦਰ ਕਰਦੇ ਹਨ। ਯਾਦ

*(ਬਾਕੀ ਸਫਾ ੩੮ ਉੱਤੇ)*



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

**10240/54, Library Road, Azad Market, Delhi-11006**





Sri Satguru Jagjit Singh Ji eLibrary NamdhariElibrary@gmail.com

# ਇਨਕਾਰ

*—ਡਾ. ਨਰੇਸ਼*

ਆਹ ਲਓ ਸਾਂਭੋ ਸੰਦ ਜਨਾਬ
ਹਲ, ਪੰਜਾਲੀ, ਕੱਸੀ, ਖੁਰਪਾ, ਦਾਤੀ, ਤਸਲਾ,
ਤੰਗਲੀ, ਸੰਗਲੀ

ਆਹ ਤੁਹਾਡੇ ਬੈਲਾਂ ਦੀ ਜੋੜੀ
ਸਾਡਾ ਸਾਫ਼-ਸਾਫ਼ ਇਨਕਾਰ
ਸਾਥੋਂ ਇਹ ਖੇਤੀ ਨਹੀਂ ਹੋਣੀ।

ਕਣਕਾਂ, ਛੋਲੇ, ਚਰ੍ਹੀਆਂ, ਨਰਮਾ
ਪਿਓ ਦਾਦੇ ਵੀ ਬੜਾ ਬੀਜਿਆ
ਅਸੀਂ ਵੀ ਜਦ ਤੋਂ ਸੁਰਤ ਸੰਭਾਲੀ
ਵਾਹੀ ਬਿਜਾਈ ਕਿੱਤਾ ਸਾਡਾ।

ਪਰ ਹੁਣ ਤੁਹਾਡਾ ਹੁਕਮ
ਕਿ ਧਰਤੀ ਦੀ ਕੁੱਖੋਂ ਬਾਰੂਦ ਉਗਾਈਏ
ਬੰਦੂਕਾਂ ਦੀ ਖੇਤੀ ਕਰੀਏ
ਸਾਨੂੰ ਇਹ ਗੱਲ ਨਹੀਂ ਪੁੱਗਦੀ।

ਹੁਕਮ-ਅਦੂਲੀ, ਗੁਸਤਾਖ਼ੀ
ਕੁਝ ਵੀ ਆਖੋ ਜੀ
ਜ਼ੋਰਾਵਰ ਦਾ ਸੱਤੀ ਵੀਹੀਂ ਸੌ ਹੁੰਦਾ ਹੈ
ਸਾਨੂੰ ਜਿਹੜਾ ਫਾਹੇ ਲਾਉਣੈਂ,
ਫਾਹੇ ਲਾ ਲਓ

ਪਰ ਸਾਡਾ ਕੋਰਾ ਜਵਾਬ ਹੈ
ਵੱਧ ਤੋਂ ਵੱਧ ਮਰਵਾ ਸੁੱਟੋਗੇ
ਤੁਹਾਡੇ ਪਾਲੇ ਗੁੰਡੇ ਸੀਸ ਉਡਾ ਸੁੱਟਣਗੇ
ਇਹ ਸਾਨੂੰ ਮਨਜ਼ੂਰ ਹੈ

ਐਪਰ
ਆਪਣੀ ਦਸ-ਵੀਹਾਂ ਦੀ ਜਾਨ ਬਚਾਉਣ ਲਈ ਹੁਣ
ਅਸੀਂ ਆਉਂਦੀਆਂ ਨਸਲਾਂ ਨੂੰ
ਬਰਬਾਦ ਨਹੀਂ ਕਰਨਾ
ਇਹ ਸਾਡਾ ਪੱਕਾ ਨਿਸ਼ਚਾ ਹੈ।

*—ਮੁਖੀ, ਭਾਈ ਵੀਰ ਸਿੰਘ ਚੇਅਰ*
*ਪੰ. ਯੂ., ਚੰਡੀਗੜ੍ਹ*

# ਲੋਚਾਂ ਫਕੀਰਾਂ ਦੀ ਏਹਾ

*—ਅਜੈਬ ਸਿੰਘ*

ਸਾਡਾ ਫਕੀਰਾਂ ਦਾ ਕੀ ਏ
ਅਸਾਂ ਭੁੰਜੇ ਈ ਬਹਿ ਜਾਣਾ

ਧਰਤ ਅਸਾਡੀ ਬਣੀ ਤਲਾਈ
ਭਾਵੇਂ ਇੱਟਾਂ ਦਾ ਸਰਹਾਣਾ

ਦਿਲ ਭਰਿਆ ਪਰ ਪੱਲਾ ਖਾਲੀ
ਭੁਲੇ ਮਾਇਆ ਦਾ ਸਿਰਨਾਵਾਂ

ਵਾਂਗ ਹਵਾ ਨਾ ਕਿਤੇ ਠਹਿਰੀਏ
ਜਿਥੇ ਪੁੱਜੇ ਉਹੀ ਠਿਕਾਨਾ

ਸਾਡੇ ਲਈ ਤਾਂ ਦੋਵੇਂ ਮਿੱਟੀ
ਇਕ ਰੁਪਈਆ ਜਾਂ ਇਕ ਆਨਾ

ਪਿਆਰ ਅਸਾਡਾ ਮਾਲ ਖਜੀਨਾ
ਅਸਾਂ ਏਸ ਨੂੰ ਵੰਡਦੇ ਜਾਣਾ

ਪੀੜ ਪਰਾਈ ਅਸੀਂ ਭੋਗੀਏ
ਕੰਮ ਅਸਾਡਾ ਦਰਦ ਘਟਾਣਾ

ਜਿਸ ਨੇ ਦੁਨੀਆਂ ਅਦਭੁਤ ਸਾਜੀ
ਉਸੇ ਦਾ ਜਸ ਹਰ ਦਮ ਗਾਣਾ

ਮੰਜ਼ਿਲ ਸਾਡੀ ਤਖ਼ਤ ਹਜ਼ਾਰਾ
ਅਸਾਂ ਇਸੇ ਵੱਲ ਵਧਦੇ ਜਾਣਾ

ਮੰਗੀਏ ਸਭ ਦੀ ਖੈਰ ਸਦਾ ਈ
ਚਿੜਦਾ ਸਾਥੋਂ ਭਾਈ ਮੁਲਾਣਾ।

*ਅਸੀਸ ਦੀ ਮਾਲ*
*ਕਪੂਰਥਲਾ*



Sri Satguru Jagjit Singh Ji eLibrary NamdhariElibrary@gmail.com

# .ਗ਼ਜ਼ਲਾਂ

*—ਮਹਾਂਬੀਰ ਸਿੰਘ 'ਦਰਦੀ'*

(੧)

ਛਾਈ ਉਦਾਸੀ ਹੈ ਜਦੋਂ ਬੂਟੇ ਹਜਾਰ ਤੇ
ਫਿਰ ਮਾਣ ਕਿੱਦਾਂ ਮੈਂ ਕਰਾਂ ਆਈ ਬਹਾਰ ਤੇ

ਸੀ ਪੀੜ ਤੇਰੇ ਹਿਜਰ ਦੀ ਜੋ ਸਹਿ ਲਈ ਅਸਾਂ
ਰੁਜ਼ਗਾਰ ਖ਼ਾਤਰ ਰੋਜ਼ ਪਰ ਚੜ੍ਹਦੇ ਹਾਂ ਦਾਰ ਤੇ

ਜਿਸ ਦਾ ਅਜੇ ਤੱਕ ਆਪਣਾ ਕੋਈ ਮਿਆਰ ਨਾ
ਉਸਨੂੰ ਗਿਲਾ ਹੈ ਦੋਸਤੋ! ਮੇਰੇ ਮਿਆਰ ਤੇ

ਰੁੱਤ ਤੁਹਮਤਾਂ ਦੀ ਆਉਣ ਦੇ ਆਸਾਰ ਸਾਫ਼ ਹਨ
ਮੁੜ ਦਿਲ ਅਸਾਡਾ ਲਗ ਗਿਆ ਹੈ ਇੰਤਜ਼ਾਰ ਤੇ

ਮੈਂ ਬਾਤ ਦੇਹੀ-ਨਾਦ ਦੀ ਯਾਰੋ! ਕਿਵੇਂ ਕਰਾਂ
ਇਨਸਾਨ ਭੁੱਖਾ ਫਿਰ ਰਿਹੈ ਹਾਲੇ ਸੰਸਾਰ ਤੇ

ਮੇਰੀ ਤੇ ਉਸ ਦੀ ਸੋਚ ਵਿਚ ਏਨਾ ਕੁ ਫਰਕ ਹੈ
ਉਸ ਦਾ ਹੱਥ ਤਲਵਾਰ ਤੇ, ਮੇਰਾ ਸਿਤਾਰ ਤੇ

ਹੁਣ ਸਾਥ ਮੇਰਾ ਉਮਰ ਭਰ 'ਦਰਦੀ' ਨਿਭਾਏਗਾ
ਮੈਨੂੰ ਭਰੋਸਾ ਰਾਮ ਜਿਹੇ ਇਕ ਮਦਦਗਾਰ ਤੇ।

(੨)

ਹੱਕ ਸੱਚ ਦਾ ਗੀਤ ਨਾ ਗੂੰਜੇ ਤੇਰੇ ਸਾਜ਼ ਉੱਤੇ
ਪਰ ਮਾਣ ਤੂੰ ਬੜਾ ਕਰਦੈ ਲੋਕ-ਰਾਜ ਉੱਤੇ

ਆਉਂਦਾ ਕਿਵੇਂ ਪਰਿਵਰਤਨ ਇਸ ਸਮਾਜ ਅੰਦਰ
ਜ਼ਰਦਾਰ ਹੈ ਅਜੇ ਕਾਬਜ ਇਸ ਸਮਾਜ ਉੱਤੇ

ਜਗਣਾ ਮਸਾਲ ਬਣ ਕੇ ਯਾਰੋ! ਹਨ੍ਹੇਰ ਅੰਦਰ
ਰਖਣੀ ਨਜ਼ਰ ਸਿਆਸਤ ਦੀ ਸਾਜ-ਬਾਜ ਉੱਤੇ

ਬਣਿਆ ਫਿਰੇ ਸੁਧਾਰਕ ਵਿਗੜੇ ਸਮਾਜ ਦਾ ਹੁਣ
ਪਿਟਦਾ ਸੀ ਖ਼ੁਦ ਜੋ ਨੂੰਹ ਦੇ ਥੋੜ੍ਹੇ ਦਾਜ ਉੱਤੇ

ਅੱਜ ਦੇਸ-ਸੇਵਾ ਹੈ ਬਣਿਆ ਲਾਭਖੋਰ-ਧੰਦਾ
ਕੁਰਬਾਨ ਲੀਡਰਾਂ ਦੇ ਮੈਂ ਇਸ ਅੰਦਾਜ਼ ਉੱਤੇ

ਉਸਨੂੰ ਦਿਲੀ ਅਕੀਦਤ ਦੇ ਫੁੱਲ ਮੈਂ ਭੇਟ ਕਰਦਾਂ
ਕੁਰਬਾਨ ਕੌਮ ਲਈ ਹੋਇਆ ਜੋ ਮੁਹਾਜ਼ ਉੱਤੇ

ਜੜ੍ਹ ਤੋਂ ਰਵਾਇਤਾਂ ਅੰਨ੍ਹੀਆਂ ਉਖਾੜ ਦੇਵੋ
ਰੱਖਣਾ ਯਕੀਨ ਨਵ-ਯੁੱਗ ਦੇ ਨਵ-ਸਮਾਜ ਉੱਤੇ

ਜਦ ਵੀ ਕਦੇ ਉਪਜ ਦੀ ਲੁਟ ਦਾ ਹਿਸਾਬ ਹੋਇਆ
'ਦਰਦੀ' ਵਿਆਜ ਲੈਣਾ ਹੈ ਫਿਰ ਵਿਆਜ ਉੱਤੇ।

# ਅੱਜ ਦੇ ਲੋਕ / *ਨੀਲਮ ਸੰਜੀਵ*

ਰੱਬ ਸੱਚੇ ਨੇ ਰੱਬ ਹੀ ਜਾਣੇ
ਕੇਹੋ ਜਿਹੇ ਬਣਾਏ ਲੋਕ
ਸਭ ਕੁਝ ਪੱਲੇ ਹੁੰਦਿਆਂ ਸੁੰਦਿਆਂ
ਫਿਰ ਵੀ ਨੇ ਤਰਹਾਏ ਲੋਕ
ਮੱਥੇ ਦੇ ਵੱਟ, ਉੱਭਰੇ ਰਹਿੰਦੇ
ਅੱਖਾਂ ਵਿੱਚ ਗੁੱਸੇ ਦੀ ਲਾਲੀ
ਮਤਲਬ ਵੇਲੇ ਬਣ ਜਾਂਦੇ ਨੇ
ਫਿਰ ਇਹ ਮਾਂ ਪਿਉ ਜਾਏ ਲੋਕ

ਫੁੱਲਾਂ ਦਾ ਪਹਿਰਾਵਾ ਪਾ ਕੇ
ਐਸਾ ਪਿਆਰ ਵਧਾਂਦੇ ਲੋਕ
ਸਾਂਝ ਭੁਲੇਖੇ ਵਰਗੀ ਪਾ ਕੇ
ਲੁੱਟ ਪੁੱਟ ਕੇ ਲੈ ਜਾਂਦੇ ਲੋਕ
ਫਿਰ ਇਸ ਸੀਲ ਸ਼ਰਾਫਤ ਵਿਚੋਂ
ਐਸਾ ਧੋਖਾ ਉਠਦਾ ਹੈ
ਉਠ ਸਕੇ ਨਾ ਉਮਰਾ ਸਾਰੀ
ਏਦਾਂ ਮਾਰ ਮੁਕਾਂਦੇ ਲੋਕ

ਦੇਸ਼ ਲਈ ਜੋ ਮਰ ਮਿਟਦੇ ਨੇ
ਓਹੋ ਬਨਣ ਪਿਆਰੇ ਲੋਕ
ਜਿਹੜੇ ਸਿਰ ਦੀ ਬਾਜੀ ਲਾਂਦੇ
ਬਣਦੇ ਓਹੋ ਸਹਾਰੇ ਲੋਕ
ਡੂੰਘੇ ਦਿਲ ਤੋਂ ਡੂੰਘੀਆਂ ਗੱਲਾਂ
ਵਤਨ ਲਈ ਜੋ ਕਰਦੇ ਨੇ
ਬਣ ਜਾਂਦੇ ਨੇ ਅਰਸ਼ਾਂ ਉੱਤੇ
ਸੁੰਦਰ ਸ਼ੋਖ਼ ਸਿਤਾਰੇ ਲੋਕ

ਕੀ ਦੱਸਾਂ ਮੈਂ ਅੱਜ ਦਾ ਮੌਸਮ
ਮੌਸਮ ਸੀਨਾ ਜ਼ੋਰੀ ਦਾ
ਹਰ ਬੰਦੇ ਨੂੰ ਲਗਦਾ ਜਾਏ
ਚਸਕਾ ਰਿਸ਼ਵਤ ਖੋਰੀ ਦਾ
ਕਿਸੇ ਦੇ ਸਿਰ ਤੇ ਕਲਗੀ ਲਾਵਾਂ
ਅੱਖਰ ਕੋਈ ਲੱਭਦਾ ਨਹੀਂ
ਦੇਸ਼ ਮੇਰੇ ਨੂੰ ਕੇਹੜੇ ਪਾਸੇ
ਲੈ ਚੱਲੇ ਨੇ ਹਾਏ ਲੋਕ!

ਧੰਨ ਉਹ ਮਾਵਾਂ ਪੁੱਤ ਜਿਨ੍ਹਾਂ ਦੇ
ਦੇਸ਼ ਤੋਂ ਜ਼ਿੰਦਗੀ ਵਾਰ ਗਏ
ਕਹਿਰਾਂ ਦੇ ਤੁਫਾਨਾਂ ਵਿਚੋਂ
ਦੇਸ਼ ਦਾ ਬੇੜਾ ਤਾਰ ਗਏ
ਮੈਂ ਕੁਰਬਾਨ ਉਨ੍ਹਾਂ ਤੋਂ 'ਨੀਲਮ'
ਜੋ ਕੁਰਬਾਨੀ ਕਰ ਗਏ ਨੇ
ਭੁੱਲ ਨਹੀਂ ਸੱਕਣੇ ਯੁੱਗਾਂ ਤੋੜੀ
ਐਸਾ ਕਰ ਉਪਕਾਰ ਗਏ।

*—ਕਵਾਟਰ ਨੰ. ੧੯, ਸ਼ੂਗਰ ਮਿੱਲ, ਫਗਵਾੜਾ*



Sri Satguru Jagjit Singh Ji eLibrary NamdhariElibrary@gmail.com

# ਸੁੱਖ ਦੀ ਘੜੀ

—ਮਾ. ਬਲਦੇਵ ਸਿੰਘ ਢੀਂਡਸਾ

ਪਿਆਰੇ ਡੈਡ,

ਲਗਦਾ ਤਾਂ ਨਹੀਂ ਕਿ ਇਹ ਚਿੱਠੀ ਆਪ ਵੱਲ ਪੋਸਟ ਕਰ ਸਕਾਂਗਾ। ਪਰ ਲਿਖੇ ਵਗੈਰ ਰਹਿ ਵੀ ਨਹੀਂ ਸਕਦਾ। ਸ਼ਾਇਦ ਲਿਖ ਲੈਣ ਨਾਲ ਹੀ ਦਿਲ ਦੀਆਂ ਪੀੜਾਂ ਨੂੰ ਕੁਝ ਸਬਰ ਪੈ ਜਾਵੇ। ਜਾਂ ਫਿਰ ਮਨ ਹਲਕਾ ਹੋ ਜਾਵੇ।

ਡੈਡ, ਉਹ ਸੀਨ ਮੈਨੂੰ ਉਸੇ ਤਰ੍ਹਾਂ ਦਿਸ ਰਿਹਾ ਏ ਜਦੋਂ ਮੈਂ ਵਿਦਸ਼ ਲਈ ਘਰੋਂ ਤੁਰਿਆ ਸੀ। ਮਾਂ ਨੇ ਤੇਲ ਚੋ ਕੇ ਤੇ ਨਿੱਕੀ ਭੈਣ ਨੇ ਕੁੰਭ ਕਰਕੇ ਮੈਨੂੰ ਦਹਲੀਜ ਤੋਂ ਬਾਹਰ ਕੀਤਾ ਸੀ। ਵਿਛੜਨ ਸਮੇਂ ਆਪਾਂ ਰੋਏ ਵੀ ਸੀ.... ਕਈ ਵਾਰ ਹੁਣ ਵੀ ਰੋ ਲੈਂਦਾ ਹਾਂ, ਪਰ ਇਕੱਲਾ ਹੀ।

ਤੁਹਾਡੇ ਵੀ ਕੀ ਵੱਸ........ ਮੈਂ ਤਾਂ ਤੁਹਾਡੇ ਨਾਲੋਂ ਵੀ ਕਾਹਲਾ ਸੀ...... ਵਿਦੇਸ਼ ਪਹੁੰਚਣ ਲਈ।

*ਅੱਜ ਕਲ੍ਹ ਨੌਜਵਾਨਾਂ ਵਿੱਚ, ਖਾਸ ਕਰਕੇ ਪੰਜਾਬ ਦੇ ਨੌਜਵਾਨਾਂ ਵਿੱਚ ਯੂਰਪੀਨ ਮੁਲਕਾਂ ਵਿੱਚ ਜਾ ਕੇ ਕੰਮ ਕਰਕੇ ਪੈਸਾ ਕਮਾਉਣ ਦੀ ਅਤੇ ਪੱਕੇ ਤੌਰ ਤੇ ਰਹਿਣ ਲਈ, ਹੋੜ ਲੱਗੀ ਹੋਈ ਹੈ। ਭਾਵੇਂ ਉਹ ਪੜ੍ਹਿਆ-ਲਿਖਿਆ ਹੋਵੇ ਜਾਂ ਅਨਪੜ੍ਹ ਹਰ ਇਕ ਇਹੀ ਚਾਹੁੰਦਾ ਹੈ ਕਿ ਮੈਂ ਕਿਸੇ ਵੀ ਤਰੀਕੇ, ਚਾਹੇ ਉਹ ਕਾਨੂੰਨੀ ਹੋਵੇ ਜਾਂ ਗੈਰ-ਕਾਨੂੰਨੀ, ਬਸ ਵਿਦੇਸ਼ ਚਲਾ ਜਾਵਾਂ ਤੇ ਢੇਰ ਸਾਰੇ ਪੈਸੇ ਕਮਾ ਕੇ ਘਰ ਨੂੰ ਭੇਜਾਂ ਤੇ ਨਾਲ-ਨਾਲ ਐਸ਼ ਦੀ ਜ਼ਿੰਦਗੀ ਬਸੰਰ ਕਰਾਂ। ਇਸੇ ਤਰ੍ਹਾਂ ਦੀ ਹੀ ਇਕ ਕਹਾਣੀ ਸਾਡੇ ਲੇਖਕ ਮਾ. ਬਲਦੇਵ ਸਿੰਘ ਢੀਂਡਸਾ ਨੇ ਸਾਨੂੰ ਭੇਜੀ ਹੈ। ਜਿਸ ਵਿੱਚ ਕਹਾਣੀ ਦੇ ਪਾਤਰ ਨੂੰ ਗੈਰ ਕਾਨੂੰਨੀ ਤੌਰ ਤੇ ਵਿਦੇਸ਼ ਜਾਣ ਵੇਲੇ ਤੇ ਪਾਰ ਲੰਘਣ ਤੋਂ ਬਾਅਦ ਜੋ ਜੋ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕਠਨਾਈਆਂ ਝੱਲਣੀਆਂ ਪਈਆਂ ਹਨ, ਉਹ ਸਾਰੀਆਂ ਆਪਣੇ ਡੈਡੀ ਨੂੰ ਚਿੱਠੀ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਉਸਦੀ ਦਰਦ ਕਹਾਣੀ ਆਪਣੇ ਵਰਿਆਮ ਵਿੱਚ ਛਾਪ ਰਹੇ ਹਾਂ। ਆਸ ਕਰਦੇ ਹਾਂ ਆਪ ਨੂੰ ਵੀ ਪਸੰਦ ਆਏਗੀ।*

*—ਸੰਪਾਦਕ*

ਅਸਲ ਵਿੱਚ ਨਾ ਤੁਹਾਡੇ ਵੱਸ ਸੀ ਨਾ ਮੇਰੇ...... ਆਪਣੇ ਲੋਕਾਂ ਵਿੱਚ ਵਾਅ ਹੀ ਐਸੀ ਚੱਲੀ ਹੋਈ ਸੀ ਤੇ ਹੁਣ ਵੀ ਹੈ ਕਿ ਆਪਾਂ ਨੂੰ ਆਪਣੇ ਸਾਰੇ ਰੋਗਾਂ ਦਾ ਇਲਾਜ ਯੂਰਪੀਨ ਦੇਸ਼ ਜਾਂ ਫਿਰ ਅਮਰੀਕਾ ਕਨੇਡਾ ਵਗੈਰਾ ਦਿਸਦੇ ਨੇ। ਇਸ ਵਿੱਚ ਵੈਸੇ ਕੋਈ ਸ਼ੱਕ ਵੀ ਨਹੀਂ। ਆਪਣੇ ਪਿੰਡਾਂ ਵਿੱਚ ਜੋ ਖੁਸ਼ਹਾਲੀ ਦੀ ਝਲਕ ਪੈਂਦੀ ਹੈ ਇਸ ਵਿੱਚ ਵੱਡਾ ਹਿੱਸਾ ਵਿਦੇਸ਼ੀਂ ਵਸੇ ਲੋਕਾਂ ਦਾ ਹੀ ਹੈ। ਖਾਸ ਕਰਕੇ ਦੁਆਬੇ ਦੀ ਚਮਕ-ਦਮਕ ਬਾਹਰਲੀ ਪੂੰਜੀ ਕਰਕੇ ਹੀ ਹੈ।

ਸੋ ਡੈਡ, ਇਹੀ ਕਾਰਨ ਸੀ ਕਿ ਤੂੰ ਔਖਾ ਹੋ ਕੇ ਤਿੰਨ-ਚਾਰ ਲੱਖ ਰੁਪਏ ਦਾ ਪ੍ਰਬੰਧ ਕੀਤਾ ਤੇ ਇਹੀ ਕਾਰਨ ਸੀ ਕਿ ਏਜੰਟ ਦੇ ਸੱਦੇ ਤੇ ਮੈਂ ਬੀ.ਏ. ਦੀ ਪੜ੍ਹਾਈ ਛੱਡ ਘਰੋਂ ਤੁਰ ਪਿਆ..... ਅਣਜਾਣੇ ਰਾਹੀਂ।

ਘਰੋਂ ਤੁਰ ਕੇ ਕੀ-ਕੀ ਵਾਪਰਿਆ ਅਗਰ ਬਰੀਕੀ ਵਿੱਚ ਜਾਵਾਂ ਤਾਂ ਸ਼ਾਇਦ ਕਹਾਣੀ ਮੁੱਕਣ ਦਾ ਨਾਂ ਨਾ ਲਵੇ। ਫਿਰ ਵੀ ਜੋ ਗੱਲਾਂ ਮਨ ਵਿੱਚੋਂ ਨਿਕਲਣ ਲਈ ਕਾਹਲੀਆਂ ਹਨ, ਉਹ ਲਿਖਣ ਦਾ ਯਤਨ ਜ਼ਰੂਰ ਕਰਾਂਗਾ—

ਡੈਡ, ਪਹਿਲਾ ਝਟਕਾ ਤਾਂ ਮੈਨੂੰ ਉਦੋਂ ਲੱਗਾ ਜਦੋਂ ਦਿੱਲੀ ਏਜੰਟ ਦੇ ਕਹਿਣ ਤੇ ਸਿਰ-ਮੂੰਹ ਮੁੰਨਾਉਣਾ ਪਿਆ। ਸੱਚ ਪੁੱਛੋ ਤਾਂ ਉਸ ਦਿਨ ਮੈਂ ਚੱਜ ਨਾਲ ਰੋਟੀ ਵੀ ਨਹੀਂ ਖਾ ਸਕਿਆ ਸੀ। ਰਾਤੀਂ ਸੁੱਤ-ਅਣੀਂਦੇ ਦਾ ਹੱਥ ਆਪ-ਮੁਹਾਰੇ ਸਿਰ 'ਤੇ ਜਾਂਦਾ ਤਾਂ ਮੈਂ ਤ੍ਰਬਕ ਜਾਂਦਾ। ਇੱਕ ਹਾਓਕਾ ਜਿਹਾ ਧੁਰ ਸੀਨੇ ਅੰਦਰੋਂ ਉੱਠਦਾ ਤੇ ਗਲ ਵਿੱਚ ਹਿਚਕੀ ਜਿਹਾ ਬਣ ਟੁੱਟ ਜਾਂਦਾ। ਫਿਰ ਮਨ ਹੀ ਅੰਦਰੋਂ ਹੁੰਗਾਰਦਾ, "ਪੁੱਤਰਾਂ ਅਜੇ ਤਾਂ ਪਰੇਸ਼ਾਨੀਆਂ ਦਾ ਆਗਾਜ਼ ਹੈ........ ਐਵੇਂ ਦਿਲ ਥੋੜ੍ਹਾ ਨਾ ਕਰ..... ਭਾਵੁਕ ਹੋਕੇ।"

ਫਿਰ ਦਿੱਲੀ..... ਬੰਬੇ, ਮਾਸਕੋ, ਪਰਾਗ ਤੇ ਪਤਾ ਨਹੀਂ ਹੋਰ ਕਿੱਥੇ-ਕਿੱਥੇ, ਕਿੰਨਾ-ਕਿੰਨਾ ਚਿਰ ਰਹੇ....... ਕਿੱਦਾਂ ਕਿੱਦਾਂ ਪਹੁੰਚੇ...... ਕੀ-ਕੀ ਖਾਧਾ..... ਇਹ ਹਿਸਾਬ ਕਿਤਾਬ ਵਿੱਚ ਆਉਣ ਵਾਲੀ ਗੱਲ ਨਹੀਂ। ਕਈ ਥਾਂ ਟਿਕਾਣਿਆਂ ਦੇ ਨਾਂ ਵੀ ਯਾਦ ਨਹੀਂ ਤੇ ਕਈਆਂ ਦੇ ਨਾਂ ਤਾਂ ਪਤਾ ਵੀ ਨਹੀਂ ਲੱਗੇ।

ਸਭ ਤੋਂ ਜ਼ਿਆਦਾ ਪਰੇਸ਼ਾਨੀ ਉਦੋਂ ਹੁੰਦੀ ਜਦੋਂ ਏਜੰਟ ਦੱਸੇ ਦਿਨ ਨੂੰ ਨਾ ਮੁੜਦਾ। ਅਸੀਂ ਸੱਤ ਜਣੇ ਸੀ। ਕਈ ਵਾਰ ਏਜੰਟ ਦਸ-ਦਸ ਦਿਨ ਨਾ ਮੁੜਦਾ ਉਦੋਂ ਸਾਡੇ ਤੇ ਕੀ ਬੀਤਦੀ..... ਇਹ ਦੱਸਣ ਲਈ ਸ਼ਬਦ ਸਹਾਰਾ ਨਹੀਂ ਬਣ ਸਕਦੇ। ਕਈ ਵਾਰ ਦੋ-ਦੋ ਤਿੰਨ-ਤਿੰਨ ਦਿਨ ਖਾਣ ਲਈ



Sri Satguru Jagjit Singh Ji eLibrary NamdhariElibrary@gmail.com

ਕੁਝ ਵੀ ਨਸੀਬ ਨਾ ਹੁੰਦਾ।

ਫਿਰ ਡੈਡ, ਪਹਿਲਾ ਏਜੰਟ ਸਾਨੂੰ ਕਿਸੇ ਹੋਰ ਦੇ ਸੁਪਰਦ ਕਰ ਦਿੰਦਾ ਤੇ ਅਗਲਾ ਹੋਰ ਅੱਗੇ......। ਠੀਕ ਉਸੇ ਤਰ੍ਹਾਂ ਜਿਵੇਂ ਆਪਣੀ ਜੂਹ ਮੁੱਕਣ ਤੇ ਇੱਕ ਠੱਗ ਗੱਡੀ ਵਿੱਚ ਬੈਠੇ ਮੁਸਾਫ਼ਰ ਨੂੰ ਅਗਲੇ ਠੱਗ ਕੋਲ ਵੇਚ ਜਾਇਆ ਕਰਦਾ ਸੀ...... ਪਿਛਲਿਆਂ ਸਮਿਆਂ ਵਿੱਚ।

ਅਖੀਰ ਉਹ ਦਿਨ ਵੀ ਆ ਪਹੁੰਚਾ ਜਦੋਂ ਅਸੀਂ ਆਪਣੀ ਮੰਜ਼ਿਲ ਵੱਲ ਪੈਦਲ ਚੱਲਣਾ ਸੀ। ਇੱਧਰ ਇਸਨੂੰ ਡੌਂਕੀ ਲਾਉਣਾ ਕਹਿੰਦੇ ਹਨ। ਭਾਵ ਇੱਕ ਮੁਲਕ ਤੋਂ ਦੂਸਰੇ ਮੁਲਕ ਵਿੱਚ ਐਂਟਰ ਹੋਣ ਲਈ ਉਸ ਰਸਤੇ ਉੱਤੇ ਤੁਰਨਾ ਜੋ ਨਾ ਸੜਕੀ ਹੋਵੇ, ਨਾ ਰੇਲ ਦਾ ਤੇ ਨਾ ਹੀ ਹਵਾਈ, ਸਗੋਂ ਜੰਗਲੀ ਤੇ ਉਜਾੜ ਦਾ ਹੋਵੇ। ਸਾਨੂੰ ਦੱਸਿਆ ਗਿਆ ਸੀ ਕਿ ਸਿਰਫ ਦੋ ਕੁ ਘੰਟੇ ਤੁਰਨਾ ਹੈ। ਰਾਤ ਦੇ ਹਨੇਰੇ ਵਿੱਚ ਸਾਨੂੰ ਤੋਰਿਆ ਗਿਆ। ਦਿਨ ਭਾਵੇਂ ਗਰਮੀਆਂ ਦੇ ਸਨ ਪਰ ਠੰਡ ਕਾਫ਼ੀ ਸੀ। ਇੱਧਰ ਗਰਮੀਆਂ ਵੀ ਸਾਡੇ ਸਿਆਲ ਨਾਲ ਦੀਆਂ ਹੋਈਆਂ ਕਰਦੀਆਂ ਹਨ। ਇੱਕ ਸਾਢੇ ਕੁ ਪੰਜ ਫੁੱਟ ਜੁਆਨ ਗੋਰੀ ਕੁੜੀ ਨੂੰ ਸਾਡੀ ਅਗਵਾਈ ਸੌਂਪੀ ਗਈ। ਅਸੀਂ ਸਮਝ ਗਏ ਕਿ ਇਹ ਸਾਡੀ ਗਾਈਡ ਏ ਤੇ ਚੋਰ ਰਸਤਿਆਂ ਦੀ ਭੇਤੀ ਏ। ਖਿੱਚ ਤੁਰੀ ਜੀ ਉਹ ਸਾਨੂੰ ਟੋਇਆ ਟਿੱਬਿਆਂ ਤੇ ਝਾੜੀਆਂ ਨਾਲ ਭਰੇ ਨੀਮ ਪਹਾੜੀ ਜਹੇ ਇਲਾਕੇ ਵਿੱਚੀਂ। ਉਹ ਬੋਤੇ ਵਾਂਗੂੰ ਉਛਲ ਉਛਲ ਤੁਰ ਰਹੀ ਸੀ। ਉਸਦੇ ਇੱਕ ਹੱਥ ਵਿੱਚ ਰਿਵਾਲਵਰ ਫੜਿਆ ਹੋਇਆ ਸੀ। ਉਸਦੀ ਤੋਰ ਇੰਨੀ ਤਿੱਖੀ ਸੀ ਕਿ ਸਾਡਾ ਭੁੱਖ ਦੇ ਮਾਰਿਆਂ ਦਾ ਦਮ ਕੱਢ ਸੁੱਟਿਆ। ਸਾਡੀ ਤੋਰ ਮਾੜੀ ਜਿਹੀ ਵੀ ਢਿੱਲੀ ਹੁੰਦੀ ਤਾਂ ਉਹ 'ਹਰੀ-ਅੱਪ, ਹਰੀ-ਅੱਪ' ਆਖ ਹੋਰ ਵੀ ਤਿੱਖੀ ਹੋ ਜਾਂਦੀ। ਵੈਸੇ ਸਾਨੂੰ ਤੁਰਨ ਲੱਗਿਆਂ ਨੂੰ ਦੱਸ ਦਿੱਤਾ ਗਿਆ ਸੀ ਕਿ ਅਗਰ ਕੋਈ ਹੰਭ ਕੇ ਰਸਤੇ ਵਿੱਚ ਬੈਠ ਗਿਆ ਤਾਂ ਉਸਨੂੰ ਰਸਤੇ ਵਿੱਚ ਉੱਥੇ ਹੀ ਉਸਦੀ ਆਪਣੀ ਕਿਸਮਤ ਤੇ ਛੱਡ ਦਿੱਤਾ ਜਾਏਗਾ।

ਡੈਡ, ਚਾਰ ਘੰਟੇ ਲਗਾਤਾਰ ਤੁਰਨ ਮਗਰੋਂ ਵੀ ਅਸੀਂ ਕਿਸੇ ਟਿਕਾਣੇ ਨਾ ਲੱਗੇ। ਝਾੜੀਆਂ ਦੇ ਇੱਕ ਸੰਘਣੇ ਝੁੰਡ ਵਿੱਚ ਪਹੁੰਚ ਕੇ ਉਹ ਰੁਕ ਗਈ ਤੇ ਬੋਲੀ, "ਮੈਨ, ਅਬ ਟੁਮ ਯਹੀਂ ਰੈਸਟ ਕਰੋ। ਅਗਲੀ ਰਾਟ ਮੈਂ ਡਸ ਵਜੇ ਫਿਰ ਆਵਾਂਗੀ। ਕਹੀਂ ਜਾਨਾ ਨਹੀਂ। ਯਹਾਂ ਸੇ ਟੁਮਾਰੇ ਬਾਏ ਹਾਠ ਡੋ ਮੀਲ ਪਰ ਹਾਈਵੇ ਗੁਜਰਤਾ ਹੈ। ਅਗਰ ਆਪ ਲੋਗ ਇਡਰ ਉਡਰ ਘੁੰਮਾ ਟੋ ਪੁਲਿਸ ਕੇ ਹਾਠ ਲਗ ਜਾਏਗਾ.... ਸਮਝੇ।"

ਮੈਂ ਪਿੱਛੇ ਤੁਰੇ ਆਉਂਦੇ ਨੇ ਉਸਨੂੰ ਪੁੱਛਿਆ ਸੀ ਕਿ ਉਸ ਨੇ ਹੱਥ ਵਿੱਚ ਰਿਵਾਲਵਰ ਕਿਉਂ ਫੜਿਆ ਹੋਇਆ ਹੈ ਤਾਂ ਉਸ ਦੱਸਿਆ ਸੀ ਕਿ ਜੰਗਲ ਵਿੱਚੀ ਜਾਣਾ ਹੈ ਤੇ ਹੋ ਸਕਦਾ ਹੈ ਕੋਈ ਖਤਰਨਾਕ ਜੰਗਲੀ ਜਾਨਵਰ ਮਿਲ ਜਾਏ। ਉਸਦੀ ਗੱਲ ਸਾਡੇ ਮਨ ਵੀ ਲੱਗੀ ਸੀ।

ਪਰ ਹੁਣ ਜਦੋਂ ਉਹ ਤੁਰਨ ਲੱਗੀ ਤਾਂ ਮੈਂ ਜੰਗਲੀ ਜਾਨਵਰਾਂ ਦਾ ਡਰ ਪ੍ਰਗਟ ਕੀਤਾ ਤੇ ਰਿਵਾਲਵਰ ਛੱਡ ਜਾਣ ਲਈ ਕਿਹਾ ਤਾਂ ਉਹ ਉੱਚੀ ਉੱਚੀ ਹੱਸ ਪਈ ਤੇ ਬੋਲੀ, "ਓ ਮੈਨ ਜੰਗਲੀ ਜਾਨਵਰ ਕਾ ਡਰ ਸਿਰਫ ਮੇਰੇ ਲੀਏ ਹੈ... ਆਪਕੇ ਲੀਏ ਨਹੀਂ।"

ਅਸੀਂ ਘਬਰਾ ਗਏ। ਨਾ ਉਸਦੀ ਗੱਲ ਦੇ ਅਰਥ ਸਮਝ ਸਕੇ। ਮੇਰੇ ਕੋਲ ਰਿਹਾ ਨਾ ਗਿਆ। ਕੁਝ ਗੁਸੈਲੀ ਆਵਾਜ਼ ਵਿੱਚ ਮੇਰੇ ਮੂੰਹੋਂ ਨਿਕਲ ਹੀ ਗਿਆ, "ਕੀ ਗੱਲ ਸਾਡੀ ਜਾਨ ਦੀ ਕੋਈ ਕੀਮਤ ਨਹੀਂ?..... ਜੰਗਲੀ ਜਾਨਵਰਾਂ ਦਾ ਖਤਰਾ ਸਿਰਫ਼ ਤੇਰੇ ਲਈ ਹੀ ਕਿਉਂ....... ਕੀ.....?"

"ਬਾਸ......ਬਾਸ......ਬਾਸ" ਉਹ ਵਿੱਚੋਂ ਟੋਕਦੀ ਹੋਈ ਬੋਲੀ, "ਅਸਲ ਮੇਂ ਯੇਹ ਕਾਮ ਮੈਂ ਪਿਛਲੇ ਚਾਰ ਸਾਲ ਸੇ ਕਰ ਰਹੀ ਹੂੰ। ਮੈਂਨੇ ਕਭੀ ਵੀ ਕੋਈ ਖਤਰਨਾਕ ਜੰਗਲੀ ਜੀਵ ਨਹੀਂ ਡੇਖਾ। ਡਰਅਸਲ ਇਸ ਏਰੀਆ ਮੇਂ ਕੋਈ ਵੀ ਖਤਰਨਾਕ ਜੀਵ ਨਹੀਂ ਰਹਿਟਾ। ਪਰ ਹਮਕੋ ਲਈ ਫਿਰ ਵੀ ਹਮੇਸ਼ਾ ਖਟਰਾ ਬਨਾ ਰਹਿਟਾ ਹੈ।

"..ਬਾਟ ਟੁਮਾਰੀ ਸਮਝ ਮੇਂ ਨਹੀਂ ਆਇਆ। ਆਏਗਾ ਭੀ ਨਹੀਂ। ਲੋ ਬਟਾ ਹੀ ਜਾਟੀ ਹੂੰ। ਵਰਨਾ ਆਪ ਸਾਰਾ ਡਿਨ ਸੋਚਟਾ ਰਹੇਗਾ।....... ਆਜ ਆਪ ਕਾ ਗਿਣਟੀ ਸਾਟ (੭) ਹੈ। ਕਭੀ ਕਭੀ ਯੇਹ ਇਸ ਸੇ ਡਬਲ ਵੀ ਹੋ ਜਾਟਾ ਹੈ। ਪਰ ਮੈਂ ਟੋ ਹਮੇਸ਼ਾ ਏਕੇਲੀ ਹੀ ਹੋਟੀ ਹੂੰ। ਮਾਨਾ ਕਿ ਜਿਨ ਲੋਗੋਂ ਕੋ ਮੈਂ ਇਸ ਰਸਟੇ ਸੇ ਪਾਰ ਕਰਟੀ ਹੂੰ ਵੋਹ ਪੇਟ ਕੀ ਭੂਖ ਕਾਰਨ ਕਮਜ਼ੋਰ ਪੜੇ ਹੋਟੇ ਹੈਂ। ਪਰ ਤਨ ਕੀ ਭੂਖ ਪੇਟ ਕੀ ਭੂਕ ਸੇ ਕਹੀਂ ਭਿਅੰਕਰ ਹੋਟੀ ਹੈ। ਯੇਹ ਟੋ ਮਰ ਰਹੇ ਵਿਅਕਟੀ ਮੇਂ ਭੀ ਜਾਗ ਸਕਟੀ ਹੈ। ਯੇਹ ਮੇਰੇ ਬੌਸ ਨੇ ਮੁਝੇ ਸਮਝਾਇਆ ਠਾ।"

"ਆਪਕੀ ਬਾਟ ਹਮਾਰੀ ਸਮਝ ਮੇਂ ਨਹੀਂ ਆਟੀ।" ਇਸ ਵਾਰ ਮੈਂ ਉਸੇ ਦੇ ਲਹਿਜ਼ੇ ਵਿੱਚ ਹੀ ਬੋਲ ਪਿਆ।"

'ਓ ਪਗਲੇ! ਬਾਟ ਟੋ ਸੀਡੀ ਸਾਡੀ ਹੈ। ਆਪ ਸਾਟ (੭) ਜਵਾਂ ਮਰਡ ਹੋ....... ਲੇਕਿਨ ਮੈਂ.......... ਏਕੇਲੀ ਔਰਟ। ਅਗਰ ਟੁਮਾਰੇ ਅੰਡਰ ਕਾ ਜੰਗਲੀ ਜੀਵ ਟਨ ਕੀ ਭੂਖ ਮਿਟਾਨੇ ਕੇ ਲੀਏ ਜਾਗ ਪੜੇ ਟੋ ਫਿਰ ਉਸੇ ਯਹੀ ਰਿਵਾਲਵਰ ਹੀ ਰੋਕ


Sri Satguru Jagjit Singh Ji eLibrary NamdhariElibrary@gmail.com

ਸਕਟਾ ਹੈ....... ਔਰ ਕੋਈ ਨਹੀਂ ਯਹਾਂ ਮੇਰੀ ਹੈਲਪ ਕੇ ਲੀਏ।"

ਗੱਲ ਉਸਦੀ ਸਾਡੇ ਸਮਝ ਪੈ ਗਈ ਸੀ। ਅਸੀਂ ਛਿੱਥੇ ਜਿਹੇ ਪੈ ਗਏ ਸੀ। ਉਹ ਹੋਰ ਕਈ ਹਦਾਇਤਾਂ ਕਰਕੇ ਤੁਰਦੀ ਬਣੀ।

ਠੰਡ ਤੇ ਸਫ਼ਰ ਦੇ ਭੰਨੇ ਅਸੀਂ ਇੱਕ ਦੂਜੇ ਤੇ ਧੌਣਾਂ ਸੁੱਟੀ ਇੱਕ ਦੂਜੇ ਵਿੱਚ ਘੁਸੜਕੇ ਇੱਕ ਖੰਦਕ ਜਿਹੀ ਦੇ ਆਟਲੇ ਟੇਡੇ ਹੋ ਗਏ। ਨੀਂਦ ਤੇ ਥਕੇਵੇਂ ਨਾਲ ਸਿਰ ਤੇ ਅੱਖਾਂ ਬੋਝਲ ਹੋਏ ਪਏ ਸਨ। ਬੋਲਣ ਦੀ ਹਿੰਮਤ ਕਿਸੇ ਕੋਲ ਨਹੀਂ ਸੀ। ਸ਼ਾਇਦ ਰੂਹ ਹੀ ਨਹੀਂ ਸੀ ਕਰਦੀ। ਮਨ ਭੂਤ ਤੇ ਭਵਿੱਖ ਦੇ ਔਝੜੇ ਰਾਹੀ ਜ਼ਰੂਰ ਭੱਜਦੇ ਸਨ।

ਕੁਦਰ੍ਤੀ ਅਸਮਾਨ ਸਾਫ਼ ਸੀ। ਛੇਤੀ ਹੀ ਸੂਰਜ ਚੜ੍ਹ ਆਇਆ। ਨਿੱਘੀ ਨਿੱਘੀ ਧੁੱਪ ਨੇ ਹੱਡਾਂ ਨੂੰ ਰਾਹਤ ਪਹੁੰਚਾਉਣੀ ਸ਼ੁਰੂ ਕਰ ਦਿੱਤੀ। ਡੈਡ, ਜਿਸ ਤਰ੍ਹਾਂ ਆਪਣੇ ਨਹਿਰ ਵਾਲੇ ਖੇਤ ਦੀ ਕਾਨਿਆਂ ਵਾਲੀ ਖੰਦਕ ਦੇ ਚੜ੍ਹਦੇ ਪਾਸੇ ਸਿਆਲ ਦੀ ਨਿੱਘੀ ਧੁੱਪੇ ਸਵੇਰੇ ਸਵੇਰੇ ਨਿਓਲੇ ਆਪਣੇ ਬੱਚਿਆਂ ਸਮੇਤ ਖੁੱਡਾਂ 'ਚੋਂ ਬਾਹਰ ਆਕੇ ਬੈਠ ਜਾਇਆ ਕਰਦੇ ਸਨ. ਠੀਕ ਉਸੇ ਤਰ੍ਹਾਂ ਅਸੀਂ ਵੀ ਝਾੜੀਆਂ ਦੀ ਓਟੇ ਬੈਠੇ ਸੀ। ਫ਼ਰਕ ਸਿਰਫ਼ ਇੰਨਾ ਸੀ ਕਿ ਸਾਡਾ ਹਾਲ ਨਿਓਲਿਆਂ ਨਾਲੋਂ ਮਾੜਾ ਸੀ। ਨਿਓਲੇ ਅਜ਼ਾਦ ਤੇ ਬੇਖ਼ੌਫ਼ ਹੁੰਦੇ ਸਨ। ਜਦੋਂ ਵੀ ਕੋਈ ਉਹਨਾਂ ਵੱਲ ਜਾਇਆ ਕਰਦਾ ਸੀ ਤਾਂ ਉਹ ਬੜੀ ਆਸਾਨੀ ਨਾਲ ਖੰਦਕ ਤੇ ਕੱਢੀਆਂ ਖੁੱਡਾਂ ਵਿੱਚ ਜਾ ਵੜਦੇ ਸਨ। ਪਰ ਅਸੀਂ....... ਅਸੀਂ ਭੁੱਖਣ-ਭਾਣੇ, ਡਰ ਤੇ ਸਹਿਮ ਦੇ ਸਤਾਏ....... ਸਫ਼ਰ ਤੇ ਸੋਚਾਂ ਦੇ ਮਾਰ੍ਹ......... ਘਰੋਂ ਬੇਘਰ। ਭੁੱਲ ਗਏ ਸਨ ਸਾਨੂੰ ਸਭ ਹਾਸੇ ਸ਼ੁਗਲ। ਕਿਹੜਾ ਦੇਸ਼ ਸੀ ਤੇ ਇਹ ਕਿਹੜੀ ਧਰਤੀ ਸੀ..... ਸਾਨੂੰ ਕੁਝ ਵੀ ਪਤਾ ਨਹੀਂ ਸੀ।

ਫਿਰ ਹੋਰ ਕਹਿਰ ਵਰਤਿਆ। ਦਿਨੇ ਦਸ ਕੁ ਵਜੇ ਮੈਨੂੰ ਪੰਜ ਭੱਠ ਤਾਪ ਚੜ੍ਹ ਗਿਆ। ਕੋਈ ਦਵਾਈ ਸਾਡੇ ਕੋਲ ਨਾ। ਕਿਸੇ ਡਾਕਟਰ ਕੋਲ ਜਾਣ ਦਾ ਹੌਸਲਾ ਤੇ ਰਸਤਾ ਵੀ ਸਾਡੇ ਕੋਲ ਨਾ। ਸਿਰਫ਼ ਦੋ ਕੁ ਬੋਤਲਾਂ ਪਾਣੀ ਬਚਦਾ ਸੀ। ਮੇਰੇ ਸਾਥੀ ਦੋ-ਦੋ ਬੂੰਦਾਂ ਉਸ ਵਿੱਚੋਂ ਮੈਨੂੰ ਪਿਲਾਉਂਦੇ ਰਹੇ ਤੇ ਉਸੇ ਨਾਲ ਗਿੱਲੀ ਪੱਟੀ ਕਰਕੇ ਮੇਰੇ ਮੱਥੇ ਤੇ ਰੱਖਦੇ ਰਹੇ। ਪਰ ਮੇਰੀ ਹਾਲਤ ਵਿਗੜਦੀ ਰਹੀ। ਫਿਰ ਮੇਰੇ ਸਾਥੀਆਂ ਫੈਸਲਾ ਕੀਤਾ ਕਿ ਉਹ ਮੈਨੂੰ ਚੁੱਕ ਕੇ ਹਾਈਵੇ ਤੱਕ ਲੈ ਜਾਣਗੇ। ਪੁਲਿਸ ਫੜ ਲਏਗੀ ਤਾਂ ਕੀ, ਬੰਦੇ ਨੂੰ ਡਾਕਟਰੀ ਸਹਾਇਤਾ ਮਿਲੇਗੀ ਹੀ। ਜਾਨ ਬਚ ਜਾਏਗੀ। ਇੰਡੀਆਂ ਭੇਜ ਦੇਣਗੇ ਤਾਂ ਕੀ ਹੋਇਆ। ਇਸ ਆਪ ਸਹੇੜੀ ਨਰਕੀ ਕੈਦ ਤੋਂ ਛੁਟਕਾਰਾ ਤਾਂ ਮਿਲੂ। ਮੈਨੂੰ ਲੱਗਾ ਕਿ ਮੇਰੇ ਸਾਥੀ ਵੀ ਸੱਚਮੁੱਚ ਇਸ ਨਰਕੀ ਜ਼ਿੰਦਗੀ ਤੋਂ ਉਕਤਾ ਗਏ ਸਨ। ਇੱਕ ਵਾਰ ਤਾਂ ਮੈਂ ਵੀ ਚਾਹਿਆ ਕਿ ਉਹਨਾਂ ਦਾ ਫੈਸਲਾ ਠੀਕ ਏ। ਮੇਰੇ ਸਾਥੀ ਸੱਚਮੁੱਚ ਡੋਲ ਗਏ ਸਨ। ਅਸਲ ਵਿੱਚ ਇੱਕ ਮੈਂ ਹੀ ਸੀ ਜੋ ਪਿਛਲੀਆਂ ਮੁਸੀਬਤਾਂ ਵੇਲੇ ਉਹਨਾਂ ਦੀ ਦਿਲਜੋਈ ਕਰਦਾ ਆਇਆ ਸੀ। ਇੱਕ ਕਿਸਮ ਨਾਲ ਮੈਂ ਉਹਨਾਂ ਅਣ-ਐਲਾਨਿਆ ਨੇਤਾ ਹੀ ਸਾਂ। ਮੇਰੀ ਖ਼ਰਾਬ ਹਾਲਤ ਦੇਖ ਕੇ ਉਹ ਅਸਲੋਂ ਓਦਰ ਗਏ ਸਨ।

ਉਹ ਮੈਨੂੰ ਚੁੱਕ ਕੇ ਤੁਰਨ ਹੀ ਵਾਲੇ ਸਨ ਕਿ ਡੈਡ ਮੈਨੂੰ ਤੇਰੀ ਤਸਵੀਰ ਦਿਸੀ। ਤੇਰੇ ਸਿਰ ਤੇ ਇੱਕ ਵੱਡੀ ਸਾਰੀ ਪੰਡ ਏ। ਤੂੰ ਉਸ ਹੇਠ ਕੁੱਬਾ ਹੁੰਦਾ ਜਾ ਰਿਹਾ ਏਂ। ਤੂੰ ਭਾਰ ਥੱਲੇ ਬੜੀ ਮੁਸ਼ਕਿਲ ਨਾਲ ਤੁਰ ਰਿਹਾ ਏ। ਕਦਮ ਕਦਮ ਤੇ ਤੇਰਾ ਕੁੱਬ ਵਧਦਾ ਹੀ ਜਾਂਦਾ ਏ। ਫਿਰ ਨਾਲ ਦੇ ਸਾਥੀਆਂ ਦੇ ਬਾਪੂਆਂ ਦੇ ਅਗਲੇ-ਦੁਗੜੇ ਜਿਹੇ ਬੁੱਤ ਨਜ਼ਰ ਆਉਣ ਲੱਗੇ। ਉਹਨਾਂ ਦੇ ਸਿਰੀਂ ਵੀ ਭਾਰੀਆਂ ਭਾਰੀਆਂ ਪੰਡਾਂ ਨਜ਼ਰ ਆਉਣ ਲੱਗੀਆਂ। ਮੈਨੂੰ ਧੁੜਧੁੜੀ ਜਿਹੀ ਆ ਗਈ। ਮੈਂ ਅਰਧ ਚੇਤਨਾ ਵਿੱਚੋਂ ਹੀ ਬੋਲਿਆ, "ਓ ਭੋਲਿਓ.... ਤਾਪ ਹੀ ਹੈ...... ਮੈਂ ਇਸ ਨਾਲ ਮਰ ਤਾਂ ਨਹੀਂ ਚੱਲਿਆ। ਜੱਟ ਦਾ ਪੁੱਤ ਹਾਂ। ਜਰਾ ਜਿਗਰਾ ਰੱਖੋ...... ਤੁਸੀਂ ਉਸ ਮੈਡਮ ਦੇ ਆਉਣ ਤਾਈਂ ਜ਼ਰੂਰ ਰੁਕੋ। ਖਿਆਲ ਕਰੋ ਜੋ ਜ਼ਮੀਨਾਂ ਗਹਿਣੇ ਪਾ ਕੇ ਆਏ ਹਾਂ। ਪਿਛਲੇ ਛੇ-ਸੱਤ ਮਹੀਨਿਆਂ ਤੋਂ ਮੁਸੀਬਤਾਂ ਝੇਲਦੇ ਆਏ ਹਾਂ। ਇੱਕ ਰਾਤ ਹੋਰ ਸਬਰ ਕਰੋ। ਹੌਸਲਾ ਤੇ ਹਿੰਮਤ ਮਰਦਾਂ ਦੇ ਅਸਲ ਗਹਿਣੇ ਹੁੰਦੇ ਹਨ। ਜੇ ਕਰ ਸਕਦੇ ਹੋ ਤਾਂ ਪਿੱਛੇ ਮੀਲ ਕੁ ਤੇ ਜੋ ਛੋਟੀ ਜਿਹੀ ਨਹਿਰ ਸੀ ਉਥੋਂ ਜਾ ਕੇ ਪਾਣੀ ਹੋਰ ਲੈ ਆਓ...... ਤੇ ਪਾਣੀ-ਪੱਟੀ ਮੇਰੇ ਮੱਥੇ ਤੇ ਰੱਖੀ ਜਾਵੋ।"

ਲੈ ਡੈਡ, ਉਪਰੋਕਤ ਹੌਸਲਾ ਦੇਊ ਗੱਲਾਂ ਮੇਰੇ ਮੂੰਹੋਂ ਪਿਛਲੇ ਰੁਟੀਨ ਵਿੱਚ ਹੀ ਨਿਕਲ ਗਈਆਂ। ਮੇਰੇ ਸਾਥੀ ਰੁਕ ਗਏ। ਉਹਨਾਂ ਦੇ ਉਦਾਸ ਚਿਹਰਿਆਂ ਤੇ ਹਲਕੀ ਜਿਹੀ ਰੌਣਕ ਮੈਨੂੰ ਅਰਧ-ਮੀਟੀਆਂ ਅੱਖਾਂ 'ਚੀਂ ਨਜ਼ਰ ਆਈ। ਪਰ ਮੈਂ ਅੰਦਰੋ-ਅੰਦਰੀ ਕਿਰਦਾ ਜਾ ਰਿਹਾ ਸਾਂ।

ਉਹ ਵਿਚਾਰਿਆਂ ਉਹੀ ਕੀਤਾ ਜੋ ਮੈਂ ਆਖਿਆ ਸੀ। ਇੱਕ ਜਣਾ ਛਿਪਦਾ -ਛਪਾਂਦਾ ਪਾਣੀ ਲੈ ਆਇਆ। ਸ਼ਾਮ ਤੱਕ ਮੇਰਾ ਬੁਖ਼ਾਰ ਕਾਫ਼ੀ ਲੱਥ ਚੁੱਕਾ ਸੀ।

ਨਵੀਂ ਬਿਪਤਾ ਉਦੋਂ ਪਈ ਜਦੋਂ ਉਹ ਗਾਈਡ ਕੁੜੀ ਨਿਸ਼ਚਿਤ ਸਮੇਂ ਤੇ ਨਾ ਆਈ। ਦਸ ਵਜੇ ਤੋਂ ਬਾਅਦ ਦਾ



Sri Satguru Jagjit Singh Ji eLibrary NamdhariElibrary@gmail.com

ਪਲ-ਪਲ ਸਾਡੇ ਲਈ ਵਰ੍ਹੇ ਵਰ੍ਹੇ ਸਮਾਨ ਸੀ। ਸਾਂ-ਸਾਂ ਕਰਦੀ ਕਾਲੀ ਰਾਤ..... ਓਪਰੀ ਤੇ ਅਣਜਾਣੀ ਧਰਤੀ...... ਜੰਗਲੀ ਇਲਾਕਾ..... ਉਤੋਂ 'ਹੁਣ ਕੀ ਹਊ' ਦਾ ਡਰ ਸਾਨੂੰ ਚਿੰਤਾ ਦੀ ਕਬਰੀਂ ਪਾ ਰਿਹਾ ਸੀ। ਫਿਰ ਤੁਹਾਡੀ ਯਾਦ ਆਈ। ਤੁਸੀਂ ਕੀ ਕਰਦੇ ਹੋਵੋਗੇ?....... ਖੇਤਾਂ ਵਿੱਚ ਕੀ ਕੀ ਫਸਲਾਂ ਹੋਣਗੀਆਂ?..... ਤੁਸੀਂ ਸਾਡੇ ਲਈ ਕਿੱਥੇ-ਕਿੱਥੇ ਮੱਥੇ ਰਗੜਦੇ ਹੋਵੋਗੇ?..... ਤੇ ਪਤਾ ਨੀ ਹੋਰ ਕੀ-ਕੀ..... ਡੈਡ ਮੇਰਾ ਰੋਣ ਨਿਕਲ ਗਿਆ। ਬਾਕੀ ਦੇ ਵੀ ਮੇਰੇ ਹਾਲੀਂ ਹੀ ਸਨ।

ਖੈਰ ਬਾਰਾਂ ਵਜੇ ਜਾਕੇ ਉਹ ਕੁੜੀ ਆਈ ਤਾਂ ਕੁਝ ਢਾਰਸ ਮਿਲਿਆ।

"ਸੌਰੀ ਮੈਨ.. ਹਮ ਲੇਟ ਹੋ ਗਿਆ। ਆਗੇ ਵਾਲਾ ਅਰੇਂਜ ਨਹੀਂ ਹੋ ਰਹਾ ਠਾ। ਅਗਰ ਨਾ ਹੋਟਾ ਟੋ ਆਪ ਯਹੀ ਹੀ ਡੋ-ਟੀਨ ਡਿਨ ਔਰ ਰੁਕਟੇ। ਯੂ ਆਰ ਲੱਕੀ....... ਅਰੇਂਜ ਹੋ ਗਿਆ ਹੈ।"

ਫਿਰ ਉਸ ਥਰਮੌਸ ਖੋਲ੍ਹੀ ਤੇ ਚਾਹ ਦੀ ਇੱਕ ਇੱਕ ਪਿਆਲੀ ਸਾਨੂੰ ਦਿੱਤੀ ਤੇ ਨਾਲ ਦਿੱਤੇ ਦੋ-ਦੋ ਬਿਸਕੁੱਟ। ਜਦੋਂ ਉਸਨੂੰ ਮੇਰੇ ਤਾਪ ਬਾਰੇ ਪਤਾ ਲੱਗਾ ਤਾਂ ਉਹ ਬੋਲੀ, "ਓ.. ਫੀਵਰ.... ਇਸ ਕਾ ਕਿਆ ਹੈ.... ਅਬੀ ਡਬਾਈ ਡੇਟੀ ਹੂੰ।"

ਇੱਕ ਨਿੱਕੀ ਜਿਹੀ ਗੋਲੀ ਉਸ ਮੈਨੂੰ ਖੁਆ ਦਿੱਤੀ। ਮੈਂ ਬਾਅਦ ਵਿੱਚ ਮਹਿਸੂਸ ਕੀਤਾ ਕਿ ਜ਼ਰੂਰ ਉਹ ਗੋਲੀ ਕਿਸੇ ਤੇਜ਼ ਨਸ਼ੇ ਦੀ ਸੀ। ਪੰਜ-ਸੱਤ ਮਿੰਟ ਬਾਅਦ ਹੀ ਮੇਰਾ ਸਰੀਰ ਉੱਡਜੂ-ਉੱਡਜੂ ਕਰਨ ਲੱਗਾ। ਬੱਸ ਫਿਰ ਉਸਦੇ ਹੱਥ ਰਿਵਾਲਵਰ..... ਉਹੀ ਘੋੜੀ ਚਾਲ ਤੇ ਅਸੀਂ ਮਗਰ।

ਅੱਜ ਸਾਨੂੰ ਤਿੰਨ ਕੁ ਘੰਟੇ ਹੀ ਤੋਰਿਆ ਗਿਆ। ਮੂਹਰੇ ਆਈ ਇੱਕ ਸੜਕ ਤੋਂ ਥੋੜ੍ਹਾ ਉਰ੍ਹਾਂ ਦੀ ਸਾਨੂੰ ਲੁਕਾ ਕੇ ਉਹ ਆਪ ਅੱਗੇ ਵਧੀ। ਪਰ ਛੇਤੀ ਹੀ ਮੂਹਰੇ ਤੋਂ ਇੱਕ ਹਰੀ ਲਾਈਟ ਦਾ ਸਿਗਨਲ ਮਿਲਿਆ। ਉਸ ਸਾਨੂੰ ਮਗਰ ਆਉਣ ਲਈ ਕਿਹਾ। ਸੜਕ ਤੇ ਪਹੁੰਚੇ ਤਾਂ ਉੱਥੇ ਟਰੱਕ ਖੜ੍ਹਾ ਸੀ। ਟਰੱਕ ਡਰਾਈਵਰ ਨੇ ਸਾਨੂੰ ਵਿੱਚ ਚੜ੍ਹਨ ਲਈ ਇਸ਼ਾਰਾ ਕੀਤਾ। ਉਸ ਕੁੜੀ ਨਾਲ ਕੁਝ ਲੈਣ ਦੇਣ ਵੀ ਕੀਤਾ। 'ਓ.ਕੇ. ਬਾਏ!' ਆਖ ਕੁੜੀ ਪਿੱਛਿਓਂ ਆਈ ਇੱਕ ਮਰਸਡੀਜ਼ ਕਾਰ ਵਿੱਚ ਚੜ੍ਹ ਗਈ।

ਟਰੱਕ ਵਾਲਾ ਸਵਾ ਕੁ ਘੰਟੇ ਮਗਰੋਂ ਸਾਨੂੰ ਇੱਕ ਕਾਫ਼ੀ ਵੱਡੇ ਮਕਾਨ ਵਿੱਚ ਲੈ ਗਿਆ। ਇਹ ਕੋਈ ਪੁਰਾਣਾ ਫਾਰਮ ਹਾਊਸ ਸੀ। ਸਾਡੇ ਤੁਰਨ ਫਿਰਨ, ਬਾਹਰ ਨਿਕਲਣ, ਉੱਚੀ ਬੋਲਣ 'ਤੇ ਸਖ਼ਤ ਪਾਬੰਦੀ ਸੀ। ਸਿਰ 'ਤੇ ਛੱਤ ਦੇਖ ਕੇ ਕਾਫ਼ੀ ਢਾਰਸ ਮਿਲਿਆ। ਪਰ ਅੰਦਰੋਂ ਅਸੀਂ ਟੁੱਟੇ ਹੋਏ-ਭੈਅ ਮੁਕਤ ਨਹੀਂ ਸਾਂ ਹੋਏ। ਸਧਾਰਨ ਖਾਣਾ ਦਾਣਾ ਸਾਨੂੰ ਨਸੀਬ ਹੋਇਆ, ਪਰ ਸਾਡੀ ਭੁੱਖ ਮਰ ਚੁੱਕੀ ਸੀ।

ਦੂਸਰੀ ਰਾਤ ਇੱਕ ਬੁੱਢੀ ਔਰਤ ਗੱਡੀ ਲੈ ਕੇ ਆਈ। ਨਾਲ ਇੱਕ ਪੰਜਾਬੀ ਬੰਦਾ ਸੀ। ਉਸ ਬੰਦੇ ਨੇ ਕਾਗਜ਼ ਤੋਂ ਕੁਝ ਨਾਂ ਪੜ੍ਹੇ। ਸਭ ਤੋਂ ਪਹਿਲੇ ਉਸ ਮੇਰਾ ਨਾਂ ਲਿਆ। ਫਿਰ ਬਾਕੀ ਬੰਦਿਆਂ ਦੇ। ਉਸ ਮੈਨੂੰ ਆਖਿਆ, "ਚਲੋ ਦਿਲਾਵਰ ਸਿੰਘ ਪਹਿਲਾਂ ਆਪਕੀ ਵਾਰੀ ਹੈ। ਦੋ ਘੰਟੇ ਬਾਅਦ ਰਮੇਸ਼ ਤੇ ਮੋਹਣ ਤਿਆਰ ਰਹਿਣ। ਕੱਲ੍ਹ ਤੁਹਾਨੂੰ ਸਭ ਨੂੰ ਜਰਮਨ ਪਹੁੰਚਾ ਦਿੱਤਾ ਜਾਏਗਾ।"

ਡੈਡ, ਅਸੀਂ ਅਣਜਾਣੇ ਡਰ ਨਾਲ ਡਰ ਗਏ। ਅੱਗੇ ਅਸੀਂ ਛੇ-ਸੱਤ ਮਹੀਨੇ ਹਰ ਦੁੱਖ-ਸੁੱਖ ਇਕੱਠੇ ਭੋਗਿਆ ਸੀ। ਮੁਸੀਬਤਾਂ ਨੇ ਸਾਡੇ ਅੰਦਰ ਇੱਕ ਮੋਹ ਦੀ ਤੰਦ ਪੈਦਾ ਕਰ ਦਿੱਤੀ ਸੀ। ਪਰ ਅੱਜ ਇਕੱਲੇ ਹੋਣ ਦਾ ਡਾਹਢਾ ਦੁੱਖ ਸੀ। ਪਰ ਮਜਬੂਰੀ। ਮੈਨੂੰ ਛੇਤੀ ਕਰਨ ਲਈ ਆਖਿਆ ਗਿਆ। ਮੱਠਾ-ਮੱਠਾ ਤਾਪ ਮੈਨੂੰ ਅਜੇ ਵੀ ਸੀ।

ਜਦ ਮੈਂ ਗੱਡੀ ਵਿੱਚ ਬੈਠਣ ਲਈ ਅੱਗੇ ਵਧਿਆ ਤਾਂ ਪਿਛਲੀ ਸੀਟ ਮੈਨੂੰ ਪੱਟੀ ਹੋਈ ਦਿਸੀ। ਸਗੋਂ ਸੀਟ ਦੀ ਥਾਂ ਇੱਕ ਬਕਸਾ ਜਿਹਾ ਬਣਿਆ ਹੋਇਆ ਸੀ। ਮੈਨੂੰ ਛੇਤੀ ਉਸ ਬਕਸੇ ਵਿੱਚ ਵੜਨ ਲਈ ਆਖਿਆ ਗਿਆ। ਮੈਂ ਠਠੰਬਰਕੇ ਰਹਿ ਗਿਆ। ਉਹ ਮੈਨੂੰ ਆਪਣੇ ਕੱਦ ਨਾਲੋਂ ਛੋਟਾ ਲੱਗ ਰਿਹਾ ਸੀ। ਮੈਨੂੰ ਜੱਕੋ ਤੱਕੀ ਵਿੱਚ ਦੇਖ ਉਸ ਪੰਜਾਬੀ ਬੰਦੇ ਨੇ ਕਿਹਾ, "ਸਿਰਫ ਇੱਕ ਘੰਟੇ ਦੀ ਗੱਲ ਹੈ। ਤੇਰੇ ਨਾਲੋਂ ਭਾਰੇ ਬੰਦੇ ਵੀ ਅਸੀਂ ਇਸ ਵਿੱਚ ਫਿੱਟ ਕਰ ਲਈਦੇ ਨੇ। ਵੱਖੀ ਭਾਰ ਪੈ ਜਾ। ਗੋਡੇ ਇਕੱਠੇ ਕਰਕੇ ਛਾਤੀ ਨਾਲ ਲਾ ਲੈ। ਉਹ ਜੋ ਸੁਰਾਖ਼ ਦਿਸਦਾ ਏ ਇਸ ਨਾਲ ਆਪਣਾ ਨੱਕ ਲਾ ਲੈ। ਕਿਤੇ ਵੀ ਬੋਲਣਾ ਨਹੀਂ। ਨਿੱਛ ਤੱਕ ਨਹੀਂ ਮਾਰਨੀ। ਖੰਘਣਾ ਨਹੀਂ। ਅਗਰ ਕੋਈ ਹੈਲੋ ਹੈਲੋ ਦੀ ਅਵਾਜ਼ ਵੀ ਦੇਵੇ ਤਾਂ ਵੀ ਜੁਆਬ ਨਹੀਂ ਦੇਣਾ। ਖਾਸ ਕਰਕੇ ਜਦੋਂ ਗੱਡੀ ਖੜ੍ਹੀ ਹੋਵੇ। ਸਮਝੇ।"

ਮੇਰੇ ਦਿਮਾਗ ਨੇ ਘੇਰ ਜਿਹੀ ਖਾਧੀ। ਅਣਮੰਨੇ ਮਨ ਨਾਲ ਮੈਂ ਬਕਸੇ ਵੱਲ ਵਧਿਆ। ਸੁਭਾਵਕ ਹੀ ਮੂੰਹੋਂ 'ਵਾਹਿਗੁਰੂ' ਨਿਕਲਿਆ। ਤੇ ਮੈਂ ਬਕਸੇ ਵਿੱਚ ਟੇਡਾ ਹੋ ਗਿਆ। ਉਹਨੀਂ ਝੱਟ ਦੇਣੀ ਉੱਪਰ ਸੀਟ ਫਿੱਟ ਕਰ ਦਿੱਤੀ। ਗੱਡੀ ਘੂੰ ਦੇਣੀ ਤੁਰ ਪਈ।

ਡੈਡ, ਪੰਦਰਾਂ ਕੁ ਮਿੰਟਾਂ ਬਾਅਦ ਹੀ ਮੇਰਾ ਸਰੀਰ ਥੱਕ ਗਿਆ। ਦਿਲ ਕਰੇ ਕਿ ਲੱਤਾਂ ਸਿੱਧੀਆਂ ਕਰ ਲਵਾਂ। ਪਰ ਹੋਣ


Sri Satguru Jagjit Singh Ji eLibrary NamdhariElibrary@gmail.com

ਕਿੱਥੇ? ਦਿਲ ਕਰੇ ਕਿ ਜੋਰ ਲਾ ਕੇ ਬਕਸਾ ਜਿਹਾ ਪਾੜ ਸੁੱਟਾਂ। ਇੱਕ ਦੋ ਵਾਰ ਸਰੀਰ ਨੇ ਤਰੀਣ ਜਿਹੀ ਵੱਟ ਕੇ ਕੋਸ਼ਿਸ਼ ਵੀ ਕੀਤੀ। ਪਰ ਅਸਫ਼ਲ। ਮੈਨੂੰ ਲੱਗਾ ਕਿ ਮੇਰਾ ਸਾਹ ਹੁਣੇ ਹੀ ਰੁਕ ਜਾਏਗਾ। ਪਿੱਠ 'ਤੇ, ਪੈਰਾਂ 'ਤੇ ਅਤੇ ਹੱਥਾਂ ਉੱਤੇ ਜੋਰ ਪਾ ਕੇ ਮੈਂ ਬਕਸੇ ਨੂੰ ਧੱਕਦਾ ਰਿਹਾ ਤੇ ਮੇਰੇ ਮੂੰਹੋਂ "ਈਂ-ਈਂ" ਦੀ ਆਵਾਜ਼ ਨਿਕਲਦੀ ਰਹੀ। ਪਰ ਡੈਡ, ਬਕਸਾ ਤਾਂ ਇੱਕ ਸੂਤਰ ਵੀ ਨਾ ਖੁੱਲੇ। ਆਪਣੇ ਆਪ ਮੇਰੇ ਮੂੰਹੋਂ "ਗੱਡੀ ਰੋਕੋ...... ਭੈ.... ਗੱਡੀ ਰੋਕੋ...' ਪਤਾ ਨਹੀਂ ਕਿੰਨੀ ਵਾਰ ਨਿਕਲ ਗਿਆ। ਪਰ ਕਿਸੇ ਕੋਈ ਨਾ ਸੁਣੀ। ਡੈਡ, ਮੈਨੂੰ ਲੱਗਾ ਕਿ ਮੈਂ ਪੰਜ-ਸੱਤ ਮਿੰਟ ਦਾ ਪ੍ਰਾਹੁਣਾ ਹਾਂ। ਮੇਰੀ ਹਿੰਮਤ ਮੈਥੋਂ ਛੁੱਟ ਗਈ। ਮੈਨੂੰ ਸਾਹ ਔਖੇ ਔਖੇ ਆਉਣ ਲੱਗੇ। ਮੇਰਾ ਨੱਕ ਫਿਰ ਆਪਣੇ ਆਪ ਦੱਸੇ ਹੋਏ ਸੁਰਾਖ ਨਾਲ ਜਾ ਲੱਗਾ ਤੇ ਆਪੇ ਹੀ ਲੰਮੇ ਲੰਮੇ ਸਾਹ ਲੈਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਪਤਾ ਨੀ ਫਿਰ ਕਿੱਥੋਂ ਮੈਨੂੰ ਯਾਦ ਆ ਗਿਆ ਕਿ ਆਪਣੀ ਹਵੇਲੀ ਮੂਹਰਦੀ ਨਾਮਾ ਝਟਕਈ ਲੰਘਿਆ ਕਰਦਾ ਸੀ ਕਦੇ-ਕਦੇ। ਉਸ ਸਾਈਕਲ ਪਿੱਛੇ ਬੰਨ੍ਹੇ ਟੋਕਰੇ ਵਿੱਚ ਕੋਈ ਛੇਲਾ, ਬੱਕਰੀ ਜਾਂ ਫਿਰ ਪੱਠ ਜ਼ਰੂਰ ਨੂੜੀ ਹੁੰਦੀ ਸੀ। ਉਹ ਜਾਨਵਰ ਵੀ ਵੱਖੀ ਭਾਰ ਹੁੰਦਾ ਸੀ ਤੇ ਉਸਦੀ ਧੌਣ ਮੋੜ ਕੇ ਬੰਨ੍ਹੀ ਹੁੰਦੀ ਸੀ। ਉਸ ਜਾਨਵਰ ਲਈ ਹਿੱਲਣਾ ਅਸੰਭਵ ਹੁੰਦਾ ਸੀ। ਪਰ ਫਿਰ ਵੀ ਉਹ ਜਾਨਵਰ ਹਰ ਦੋ-ਚਾਰ ਮਿੰਟ ਮਗਰੋਂ ਹੁਬਕਲੀ ਜਿਹੀ ਮਾਰ ਕੇ ਮੂੰਹੋਂ ਉੱਚੀ ਦੇਣੀ ਬੈ-ਅ ਆਖ ਦਿੰਦਾ ਹੁੰਦਾ ਸੀ। ਪਰ ਡੈਡ, ਇੱਥੇ ਤਾਂ ਬੋਲਣ ਤੋਂ ਵੀ ਮਨਾਹੀ ਸੀ। ਫਿਰ ਮੈਨੂੰ ਆਪਣਾ ਆਪ ਇੱਕ ਬੱਕਰੀ ਜਿਹਾ ਲੱਗਣ ਲੱਗ ਪਿਆ। ਇਹ ਬਕਸਾ ਨਾਮੇ ਕਸਾਈ ਪਿੱਛੇ ਬੰਨ੍ਹਿਆ ਟੋਕਰਾ। ਮੇਰੇ ਮੂੰਹੋਂ ਆਪਣੇ ਆਪ ਬੈ-ਬੈ-ਬੈ ਦੀ ਆਵਾਜ਼ ਨਿਕਲਣ ਲੱਗੀ। ਪਰ ਇੰਨੀ ਧੀਮੀ ਸੀ ਕਿ ਮੇਰੇ ਕੰਨੀਂ ਹੀ ਮਸੀਂ ਪੈਂਦੀ ਸੀ। ਸਗੋਂ ਕਈ ਵਾਰ ਤਾਂ ਬੁੱਲ੍ਹਾਂ ਦੀ ਦੇਹਲੀਜ ਵੀ ਨਹੀਂ ਸੀ ਪਾਰ ਕਰਦੀ। ਹੌਲ ਹੌਲੀ ਮੇਰੀ ਬੈ-ਬੈ ਹਟਕੋਰਿਆਂ ਵਿੱਚ ਬਦਲ ਗਈ। ਮੇਰਾ ਰੋਣ ਥੰਮਿਆਂ ਨਹੀਂ ਸੀ ਜਾ ਰਿਹਾ।

ਅਚਾਨਕ ਗੱਡੀ ਦੀ ਸਪੀਡ ਘਟੀ ਤੇ ਇਹ ਰੁਕ ਗਈ। ਮੈਂ ਸਮਝਿਆ ਕਿ ਮੰਜ਼ਿਲ ਆ ਗਈ ਹੈ। ਮੇਰਾ ਰੋਣ ਰੁਕ ਗਿਆ। ਮੈਂ ਅੱਖਾਂ ਸਾਫ਼ ਕੀਤੀਆਂ। ਪਰ ਛੇਤੀ ਹੀ ਅਹਿਸਾਸ ਹੋਇਆ ਕਿ ਇਹ ਕੋਈ ਗੈਸ ਸਟੇਸ਼ਨ ਸੀ। ਗੱਡੀ ਵਿੱਚ ਤੇਲ ਪਾਉਣ ਦੀ ਆਹਟ ਮੈਨੂੰ ਆ ਰਹੀ ਸੀ। ਗੱਡੀ ਫਿਰ ਚੱਲ ਪਈ। ਤੀਹ-ਪੈਂਤੀ ਗਜ਼ ਚੱਲ ਕੇ ਗੱਡੀ ਫਿਰ ਰੁਕ ਗਈ। ਮੇਰਾ ਦਿਲ ਧੜਕਿਆ। ਮੈਂ ਸਾਹ ਹੋਰ ਸੰਭਲ ਕੇ ਲੈਣੇ ਸ਼ੁਰੂ ਕਰ ਦਿੱਤੇ। ਹੁਣ ਕੀ ਹੋਵੇਗਾ? ਪਰ ਹੋਇਆ ਕੁਝ ਵੀ ਨਾ। ਗੱਡੀ ਲਗਪਗ ਵੀਹ ਮਿੰਟ ਰੁਕੀ ਰਹੀ। ਬਾਅਦ ਵਿੱਚ ਪਤਾ ਲੱਗਾ ਕਿ ਬੁੱਢੀ ਚਾਹ ਵਗੈਰਾ ਪੀਂਦੀ ਰਹੀ ਸੀ।

ਗੱਡੀ ਨੇ ਰਫਤਾਰ ਫਿਰ ਫੜ ਲਈ। ਹੁਣ ਮੇਰਾ ਤਾਪ ਵੀ ਤੇਜ਼ ਹੋ ਰਿਹਾ ਸੀ। ਅੰਗ ਸੌਂ ਰਹੇ ਸਨ। ਮੇਰੇ ਦਿਮਾਗ ਤੇ ਨੀਮ ਬੇਹੋਸ਼ੀ ਜਿਹੀ ਛਾ ਰਹੀ ਸੀ। ਕਦੇ ਮੈਨੂੰ ਲਗਦਾ ਕਿ ਮੈਂ ਅਸਮਾਨ ਵਿੱਚ ਉੱਡਦਾ ਜਾ ਰਿਹਾ ਹਾਂ। ਕਦੇ ਲਗਦਾ ਕਿ ਜਿਵੇਂ ਕਿਸੇ ਡੂੰਘੇ ਖੂਹ ਵਿਚ ਉਤਰ ਰਿਹਾ ਹੋਵਾਂ। ਕਦੀ ਮੈਨੂੰ ਲੱਗਦਾ ਕਿ ਮੇਰੇ ਪਿੰਡੇ ਤੇ ਕਾਲੇ ਕਾਲੇ ਵਾਲ ਉੱਗ ਪਏ ਹੋਣ ਤੇ ਮੈਂ ਬੱਕਰੀ ਹੋਵਾਂ। ਫਿਰ ਮੇਰੇ ਅੰਦਰੋਂ ਆਪਣੇ ਆਪ ਬੈ-ਅ-ਬੈ ਦੀ ਧੁਨੀ ਜਿਹੀ ਉੱਠਣ ਲਗਦੀ। ਕਦੇ ਮੈਨੂੰ ਆਪਣਾ-ਆਪ ਮੁਰਦਾ ਜਿਹਾ ਦਿਸਣ ਲੱਗ ਪੈਂਦਾ।

..... ਤੇ ਫੇਰ ਜਦੋਂ ਮੈਨੂੰ ਕੋਈ ਬਾਹੋਂ ਫੜ-ਫੜ ਉਠਾ ਰਿਹਾ ਸੀ ਤਾਂ ਮੇਰੀਆਂ ਅੱਖਾਂ ਉਸ ਵੱਲ ਦੇਖ ਰਹੀਆਂ ਸਨ- ਪਰ ਅੰਗ ਹਿਲਾਉਣ ਤੇ ਮੂੰਹੋਂ ਕੁਝ ਬੋਲਣ ਦੀ ਹਿੰਮਤ ਨਹੀਂ ਸੀ। ਉਸ ਬੁੱਢੀ ਨੇ ਸਹਾਰਾ ਦੇ ਕੇ ਮੈਨੂੰ ਉਸ ਬਕਸੇ 'ਚੋਂ ਕੱਢਿਆ। ਮੇਰੇ ਹੱਥ ਮਲੇ। ਲੱਤਾਂ ਫੜ-ਫੜ ਸਿੱਧੀਆਂ ਕੀਤੀਆਂ। ਬਾਹਾਂ ਵਾਰੀ ਵਾਰੀ ਫੜ ਉੱਪਰ ਥੱਲੇ ਕੀਤੀਆਂ। ਕੁਝ ਮਿੱਠਾ ਜਿਹਾ ਪੀਣ ਲਈ ਦਿੱਤਾ। ਤਦ ਮੈਨੂੰ ਆਪਣੇ ਜਿੰਦਾ ਹੋਣ ਦਾ ਅਹਿਸਾਸ ਹੋਣ ਲੱਗਾ। ਹੁਣ ਉਸ ਮੈਨੂੰ ਇੱਕ ਹੋਰ ਗੱਡੀ ਵਿੱਚ ਬਿਠਾ ਲਿਆ ਤੇ ਉਸ ਨ੍ਹੇਰੀ ਜਿਹੀ ਗੈਰਜ਼ ਵਿੱਚੋਂ ਗੱਡੀ ਬਾਹਰ ਕੱਢ ਲਈ। ਨਾਲ ਹੀ ਮੈਨੂੰ ਸਮਝਾ ਦਿੱਤਾ ਕਿ ਅਗਰ ਰਸਤੇ ਵਿੱਚ ਪੁਲੀਸ ਚੈੱਕ ਕਰੇ ਤਾਂ ਤੂੰ ਇਹੀ ਕਹਿਣਾ ਕਿ ਮੈਂ ਤਾਂ ਲਿਫਟ ਲਈ ਹੈ। ਗੁਰਦਵਾਰੇ ਜਾਣਾ ਹੈ। ਪਰ ਇਸਦੀ ਲੋੜ ਹੀ ਨਹੀਂ ਪਈ। ਇੱਕ ਗੁਰਦਵਾਰੇ ਅੱਗੇ ਮੈਨੂੰ ਉਹ 'ਤਾਰ ਗਈ ਤੇ ਸਮਝਾ ਗਈ ਉੱਥੇ ਜਾ ਕੇ ਹੈਲਪ ਮੰਗੇ।

ਡੈਡ, ਇਹ ਸਵੇਰਾ ਸੀ। ਜਿਸ ਤੋਂ ਪਤਾ ਲਗਦਾ ਸੀ ਕਿ ਅੰਦਾਜ਼ਨ ਮੈਂ ਪੰਜ ਕੁ ਘੰਟੇ ਉਸ ਬਕਸੇ ਵਿੱਚ ਰਿਹਾ ਹੋਵਾਂਗਾ। ਤੋਬਾ ਤੋਬਾ ਹੁਣ ਵੀ ਜਦੋਂ ਸਮਾਂ ਯਾਦ ਆਉਂਦਾ ਹੈ ਤਾਂ ਖੁੱਲ੍ਹੀ ਹਵਾ ਵਿੱਚ ਵੀ ਮੇਰਾ ਸਾਹ ਘੁੱਟ ਹੋਣ ਲੱਗਾ ਪੈਂਦਾ ਹੈ। ਗੁਰਦਵਾਰੇ ਪਹੁੰਚਕੇ ਇੱਕ ਪੰਜਾਬੀ ਭਰਾ ਤੋਂ ਅੰਕਲ ਨੂੰ ਫੂਨ ਕਰਾਇਆ ਤਾਂ ਉਹ ਘੰਟੇ ਕੁ 'ਚ ਆ ਕੇ ਲੈ ਗਿਆ। ਮੈਂ ਘਰ ਜਾਂਦਾ ਹੀ ਬੈੱਡ ਤੇ ਡਿੱਗ ਪਿਆ। ਤਾਏ ਨੂੰ ਸ਼ਾਇਦ ਕੰਮ ਤੇ ਜਾਣ ਦੀ ਕਾਹਲੀ ਸੀ। ਮੈਨੂੰ ਨਹਾਉਣ ਧੋਣ ਬਾਰੇ ਖਾਣ-



Sri Satguru Jagjit Singh Ji eLibrary NamdhariElibrary@gmail.com

ਪੀਣ ਬਾਰੇ ਸਮਝਾ ਦਿੱਤਾ ਤੇ ਰੈਸਟ ਕਰਨ ਲਈ ਆਖ ਦਰਵਾਜ਼ਾ ਬੰਦ ਕਰਨ ਲਈ ਕਹਿ ਕੇ ਉਹ ਤੇਜ਼ ਕਦਮੀ ਬਾਹਰ ਨਿਕਲ ਗਏ। ਮੈਂ ਹੈਰਾਨ ਸਾਂ ਕਿ ਤਾਈ ਤੇ ਬੱਚੇ ਕਿਧਰੇ ਦਿਖਾਈ ਨਹੀਂ ਸੀ ਦੇ ਰਹੇ।

ਸ਼ਾਮ ਨੂੰ ਤਾਇਆ ਆਇਆ ਤਾਂ ਉਸਨੇ ਦੱਸਿਆ, "ਤੂੰ ਪੂਰੀ ਨੀਂਦ ਲੈ ਰਿਹਾ ਸੀ। ਤੈਨੂੰ ਤਾਪ ਵੀ ਸੀ। ਅੱਜ ਮੈਂ ਅੱਧੇ ਦਿਨ ਕੰਮ ਛੱਡ ਆਇਆ ਸੀ। ਹਾਂ ਮੈਂ ਇੰਡੀਆਂ ਫੂਨ ਵੀ ਕਰ ਦਿੱਤਾ ਏ ਕਿ ਦਿਲਾਵਰ ਮੇਰੇ ਕੋਲ ਪਹੁੰਚ ਗਿਆ ਏ।" ਮੈਂ ਸਮਝ ਗਿਆ ਕਿ ਡੈਡੀ ਹੁਣੀ ਜਸ਼ਨ ਮਨਾ ਰਹੇ ਹੋਣਗੇ।

ਚਾਰ ਕੁ ਦਿਨ ਤਾਏ ਨੇ ਮੈਨੂੰ ਅੰਦਰ ਹੀ ਰੱਖਿਆ ਤੇ ਤਾਪ ਦਾ ਇਲਾਜ ਕੀਤਾ ਤੇ ਵਾਹਵਾ ਖੁਆਇਆ-ਪਿਆਇਆ। ਤਾਈ ਦਾ ਸੁਭਾਅ ਜਰਾ ਰੁੱਖਾ ਜਿਹਾ ਹੀ ਲੱਗਿਆ।

ਫਿਰ ਇੱਕ ਦਿਨ ਤਾਇਆ ਮੈਨੂੰ ਸਮਝਾ ਕੇ ਉਸ ਦਫ਼ਤਰ ਕੋਲ ਛੱਡ ਆਇਆ ਜਿੱਥੇ ਪੁਲੀਟੀਕਲ ਸਟੇਅ ਲਈ ਅਪਲਾਈ ਹੁੰਦਾ ਸੀ। ਉੱਥੇ ਬਥੇਰੀ ਸੀ ਜੰਤਾ ਮੇਰੇ ਵਰਗੀ। ਉਹਨੀਂ ਮਹੀਨੇ ਦੀ ਤਰੀਕ ਦੇ ਕੇ, ਮੈਨੂੰ ਤੇ ਕਈ ਹੋਰ ਮੇਰੇ ਵਰਗਿਆਂ ਨੂੰ ਆਪਣੀਆਂ ਗੱਡੀਆਂ ਰਾਹੀਂ ਕਿਸੇ ਹੋਰ ਸ਼ਹਿਰ ਦੇ ਬਾਹਰਵਾਰ ਬਣੇ ਕਰੈਸ਼ਾਂ ਵਿੱਚ ਛੱਡ ਦਿੱਤਾ। ਖਾਣ-ਪੀਣ ਦਾ ਸਮਾਨ ਖਰੀਦਣ ਲਈ ਕੂਪਨ ਜਿਹੇ ਦੇ ਦਿੱਤੇ।

ਡੈਡ, ਤੂੰ ਸੋਚੇਗਾ ਕਿ ਇਹ ਕਰੈਸ਼ ਕੀ ਹੁੰਦੇ ਹਨ? ਇਹ ਸ਼ਹਿਰੋਂ ਬਾਹਰ ਕਿਸੇ ਖੁੱਲੀ ਜਗ੍ਹਾ ਤੇ ਬਣਾਈਆਂ ਖੁੱਲੀਆਂ ਬੈਰਕਾਂ ਜਿਹੀਆਂ ਹੁੰਦੀਆਂ ਹਨ। ਇੱਕ ਲੰਬੀ ਕਤਾਰ ਖੁੱਲ-ਖੁੱਲੇ ਕਮਰਿਆਂ ਦੀ ਇੱਕ ਪਾਸੇ.... ਤੇ ਇੱਕ ਓਡੀ ਹੀ ਦੂਜੇ ਪਾਸੇ। ਵਿਚਕਾਰ ਕਾਫੀ ਜਗ੍ਹਾ ਛੱਡੀ ਹੁੰਦੀ ਹੈ ਜੋ ਉੱਚੀ ਰੱਖ ਕੇ ਪਲਾਸਟਿਕ ਨਾਲ ਛੱਤੀ ਹੁੰਦੀ ਹੈ, ਤੰਬੂ ਟਾਇਪ। ਹਰ ਕਮਰੇ ਵਿੱਚ ਚਾਰ-ਚਾਰ ਸਿੰਗਲ ਬੈੱਡ ਹੁੰਦੇ ਨੇ। ਤੇ ਹਰ ਸਿੰਗਲ ਬੈੱਡ ਤਿੰਨ ਮੰਜ਼ਿਲਾ ਜਾ ਕਹੋ ਤਿਆਸਮਾ ਹੁੰਦਾ ਹੈ। ਭਾਵ ਬੈੱਡ ਉਪਰ ਬੈੱਡ ਤੇ ਉੱਤੇ ਫਿਰ ਬੈੱਡ। ਠੀਕ ਜਿਵੇਂ ਕਦੇ ਥਾਂ ਦੀ ਤੰਗੀ ਕਾਰਨ ਆਪਣੇ ਘਰਾਂ ਵਿੱਚ ਵੱਡੇ ਪਲੰਘ ਥੱਲੇ ਕਿਸੇ ਨਿੱਕੇ ਬੱਚੇ ਦੀ ਮੰਜੀ ਵਾੜ ਦਿੱਤੀ ਜਾਂਦੀ ਹੁੰਦੀ ਸੀ। ਵੈਸੇ ਹਰ ਕਮਰੇ ਵਿੱਚ ਇੱਕ ਛੋਟੀ ਫਰਿੱਜ ਹੁੰਦੀ ਹੈ। ਇੱਕ ਸੈਲਫ 'ਤੇ ਗੈਸ ਚੁੱਲੇ ਫਿੱਟ ਹੁੰਦੇ ਹਨ। ਇਸੇ ਤਰ੍ਹਾਂ ਕਈਆਂ ਕਮਰਿਆਂ ਵਿੱਚ ਵਸਦੇ ਪੰਜਾਬੀਆਂ ਲਈ ਇੱਕ ਸਾਂਝਾ ਟਾਇਲਟ-ਕਮ-ਬਾਥਰੂਮ ਹੁੰਦਾ ਹੈ। ਤੁਰਕੀ ਤੋਂ ਆਇਆਂ ਲਈ ਵੱਖਰਾ। ਅਜ਼ਾਦ ਹੋਈਆਂ ਰਸ਼ੀਅਨ ਸਟੇਟਾਂ ਲਈ ਵੱਖਰਾ। ਅਫ਼ਰੀਕੀ ਦੇਸ਼ਾਂ ਤੋਂ ਆਏ ਕਾਲਿਆਂ ਲਈ ਵੱਖਰਾ। ਧੰਨ ਨੇ ਇਹ ਸਰਕਾਰਾਂ ਜੋ ਛੋਟੀਆਂ ਮੁਲਕਾਂ ਦੀ ਧਰੇਗੜ ਨੂੰ ਬਣਦੀ ਛੱਤ ਤੇ ਗਰਦੀ ਰੋਟੀ ਦੇਈ ਜਾਂਦੀਆਂ ਹਨ।

ਬਾਕੀ ਮੈਂ ਤਾਏ ਕੋਲ ਮੁੜ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਢੋਲ ਦੂਰ ਦੇ ਹੀ ਚੰਗੇ ਲਗਦੇ ਹਨ। ਤਾਏ ਦੀ ਨਿੱਜੀ ਲਾਈਫ਼ ਬਹੁਤ ਚੰਗੀ ਨਹੀਂ ਆਖੀ ਜਾ ਸਕਦੀ। ਕਿਉਂਕਿ ਤਾਏ ਦੇ ਘਰੇਗੀ ਹਾਲਤ ਠੀਕ ਨਹੀਂ। ਤਾਏ ਤੇ ਤਾਈ ਦੀ ਬਹੁਤੀ ਬਣਦੀ ਨਹੀਂ। ਤਾਏ ਨੂੰ ਜੁਆਨ ਹੋ ਰਹੀਆਂ ਕੁੜੀਆਂ ਦਾ ਝੋਰਾ ਅੰਦਰੋ-ਅੰਦਰੀ ਖਾ ਰਿਹਾ ਏ। ਠੀਕ ਹੈ ਕਿ ਤਾਏ ਕੋਲ ਪੈਸਾ ਹੈ। ਆਪਣਾ ਘਰ ਹੈ। ਉਹ ਵੀ ਕਾਫੀ ਵੱਡਾ। ਘਰ ਦੇ ਸਾਹਮਣੇ ਇਕ ਸ਼ਾਨਦਾਰ ਪਾਰਕ ਹੈ। ਇਥੇ ਅੱਲੜ ਉਮਰ ਦੇ ਗੋਰੇ ਮੁੰਡੇ ਕੁੜੀਆਂ ਛੁੱਟੀ ਵਾਲੇ ਦਿਨ ਘੰਟਿਆਂ ਬੱਧੀ ਇਕ ਦੂਜੇ ਦੇ ਮੂੰਹ ਵਿਚ ਮੂੰਹ ਪਾਈ ਬਗਲਗੀਰ ਹੁੰਦੇ ਰਹਿੰਦੇ ਹਨ। ਸ਼ਾਇਦ ਤਾਏ ਨੂੰ ਇਸ ਸੱਭਿਆਚਾਰ ਦਾ ਪ੍ਰਭਾਵ ਆਪਣੀਆਂ ਬੱਚੀਆਂ 'ਤੇ ਲੁਕਵੇਂ ਰੂਪ ਵਿਚ ਪੈਂਦਾ ਨਜ਼ਰ ਆਉਂਦਾ ਹੋਵੇ। ਸ਼ਾਇਦ ਤਾਂ ਵੀ ਉਹ ਸਖ਼ਤ ਦਿਮਾਗੀ ਟੈਨਸ਼ਨ ਹੇਠ ਰਹਿੰਦਾ ਹੋਵੇ।

ਫਿਰ ਡੈਡ ਮੈਂ ਇਥੇ ਕੰਮ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਇਹਨੀਂ ਦਿਨੀਂ ਕਈ ਮੁੰਡੇ ਬੈਲਜ਼ੀਅਮ ਜਾ ਰਹੇ ਸਨ। ਉਥੇ ਸਤਰੂਦਨ ਸਾਈਡ ਖੇਤੀ ਦਾ ਕੰਮ ਕਾਫੀ ਹੈ। ਬੜੀਆ ਉੱਚੀਆਂ ਤਨਖਾਹਾਂ ਦੀਆਂ ਗੱਲਾਂ ਚੱਲ ਰਹੀਆਂ ਸਨ। ਦਰਅਸਲ ਬੰਦੇ ਇੱਧਰ ਉੱਧਰ ਕਰਨ ਵਾਲੇ ਏਜੰਟਾਂ ਨੇ ਪ੍ਰਚਾਰ ਕਾਫੀ ਕਰ ਛੱਡਿਆ ਸੀ। ਮੈਂ ਕੁਝ ਪੈਸੇ ਤਾਏ ਤੋਂ ਲੈ ਕੇ ਹੋਰ ਮੁੰਡਿਆਂ ਦੀ ਤਰ੍ਹਾਂ ਬਰੂਸਲ ਪਹੁੰਚ ਗਿਆ। ਇਹ ਬਰੂਸਲ (ਬਰਸਲਜ਼) ਦਰਅਸਲ ਬੈਲਜ਼ੀਅਮ ਦੀ ਹੀ ਰਾਜਧਾਨੀ ਨਹੀਂ ਸਗੋਂ ਯੂਰਪ ਦੀ ਰਾਜਧਾਨੀ ਅਖਵਾਉਂਦਾ ਹੈ। ਇਥੇ ਵੀ ਦੇਖਿਆ ਕਿ ਪੀਤੀ-ਸ਼ੱਤੇ ਦੇ ਦਫ਼ਤਰ (ਪੁਲਿਟੀਕਲ ਸਟੇਅ ਦੇਣ ਵਾਲਾ ਇਸ ਸ਼ਹਿਰ ਦਾ ਦਫ਼ਤਰ) ਖੁੱਲ੍ਹਣ ਤੋਂ ਪਹਿਲੇ ਹੀ ਬਾਹਰ ਲੰਮੀਆਂ-ਲੰਮੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਇਹਨਾਂ ਲਾਈਨਾਂ ਵਿਚ ਹਰ ਨਸਲ ਦੇ ਲੋਕ ਨਜ਼ਰ ਆ ਰਹੇ ਸਨ। ਮੇਰਾ ਦਿਲ ਫਿਰ ਇਹਨਾਂ ਯੂਰਪੀਨ ਸਰਕਾਰਾਂ ਦਾ ਧੰਨਵਾਦ ਕਰਨ ਲੱਗ ਪਿਆ ਕਿ ਇਹ ਖਾਹ-ਮਖਾਹ ਹੀ ਕਿੰਨਾ ਬੋਝ ਚੁੱਕੀ ਫਿਰ ਰਹੀਆਂ ਹਨ।

'ਨੋ-ਪਾਸਪੋਰਟ, ਨੋ-ਪੇਪਰ' ਵਾਲਿਆਂ 'ਚ ਜਦੋਂ ਮੈਂ ਅੰਦਰ ਗਿਆ ਤਾਂ ਉਹਨੀਂ ਮੁੱਢਲੀ ਪੁਛ-ਤਾਛ ਮਗਰੋਂ ਮੇਰੀ ਤਲਾਸ਼ੀ ਲਈ ਤਾਂ ਮੇਰੀ ਜੇਬ੍ਹ ਵਿੱਚੋਂ ਜਰਮਨ ਕੂਪਨ ਨਿਕਲ ਆਇਆ।



Sri Satguru Jagjit Singh Ji eLibrary NamdhariElibrary@gmail.com

ਬੱਸ ਫਿਰ ਕੀ ਸੀ। ਉਹਨੀਂ ਮੈਨੂੰ ਦੋ ਪੁਲੀਸ ਵਾਲਿਆਂ ਦੇ ਹਵਾਲੇ ਕਰ ਦਿੱਤਾ। ਉਹਨੀਂ ਮੈਨੂੰ ਮਾਰਿਆ ਤਾਂ ਨਹੀਂ, ਪਰ ਜ਼ਲੀਲ ਬਹੁਤ ਕੀਤਾ।

ਡੈਡ, ਇਹ ਪੁਲਿਸ ਸਾਡੀ ਪੁਲਿਸ ਨਾਲੋਂ ਲੱਖ ਦਰਜੇ ਮਨੁੱਖ ਦੀ ਕਦਰ ਵੱਧ ਕਰਦੀ ਹੈ। ਪਰ ਕਨਸਲ ਇਹਨਾਂ ਵਿਚ ਵੀ ਕੋਈ ਨਾ ਕੋਈ ਮਿਲ ਜਾਂਦੀ ਹੈ। ਉਹਨੀਂ ਸਾਲਿਆਂ ਜਿਥੇ ਮੈਨੂੰ ਡੱਕਿਆ ਉਹ ਕਮਰਾ ਠੰਡਾ ਵੀ ਸੀ ਤੇ ਭੈਣ-ਦੇਣਿਆਂ ਕਰ ਵੀ ਮੈਨੂੰ ਅਲਫ਼ ਨੰਗਾ ਦਿੱਤਾ। ਉਸ ਵਕਤ ਮੇਰੀ ਮਾਨਸਿਕ ਦਸ਼ਾ ਕੀ ਸੀ ਇਹ ਵ੍ਰਨਣ ਕਰਨਾ ਮੇਰੇ ਵੱਸ ਵਿਚ ਨਹੀਂ।

ਪਤਾ ਨਹੀਂ ਫਿਰ ਸਾਲਿਆਂ ਦੇ ਦਿਮਾਗ ਵਿਚ ਕੀ ਆਇਆ ਉਹਨੀਂ ਰਾਤੀਂ ਨੌਂ ਕੁ ਵਜੇ ਮੈਨੂੰ ਕੱਪੜੇ ਦੇ ਕੇ ਬਾਹਰ ਕੱਢ ਦਿੱਤਾ। ਮੁੜ ਜਰਮਨ ਪਹੁੰਚਣ ਲਈ ਆਖ ਦਿੱਤਾ।

ਪਰ ਹੁਣ ਨਵੀਂ ਸਮੱਸਿਆ ਪੈਦਾ ਹੋ ਗਈ। ਜਿਸ ਮੁੰਡੇ ਦੇ ਨਾਲ ਮੈਂ ਆਇਆ ਸੀ ਉਹ ਹੁਣ ਤੱਕ ਜਾ ਚੁੱਕਾ ਸੀ। ਉਸਨੂੰ ਮੇਰੇ ਫੜੇ ਜਾਣ ਬਾਰੇ ਪਤਾ ਲੱਗ ਚੁੱਕਾ ਸੀ ਤੇ ਉਹ ਸਮਝ ਗਿਆ ਹੋਣਾ ਕਿ ਪੁਲਿਸ ਮੈਨੂੰ ਛੱਡੇਗੀ ਨਹੀਂ। ਮੈਂ ਠਹਿਰਨਾ ਵੀ ਉਸੇ ਕੋਲ ਸੀ। ਉਸ ਦਾ ਪੱਕਾ ਟਿਕਾਣਾ ਵੀ ਮੈਨੂੰ ਯਾਦ ਨਹੀਂ ਸੀ। ਪੈਸੇ ਧੇਲੇ ਤੋਂ ਖਾਲੀ ਰਾਤ ਗਿਆਰਾਂ ਵਜੇ ਤੱਕ ਮੈਂ ਭੌਚਲਦਾ ਰਿਹਾ। ਇਕ ਮੀਂਹ ਪੈਣ ਲੱਗ ਪਿਆ। ਤੇਜ ਤੇ ਠੰਡੀ ਹਵਾ ਚੱਲ ਪਈ। ਓ-ਮੇਰਿਆ ਰੱਬਾ.......... ਮੈਂ ਰੋਣਹਾਕਾ ਹੋ ਗਿਆ। ਡੈਡ ਮੇਰਾ ਦਿਲ ਕਰੇ ਮੈਂ ਕੰਧਾਂ ਵਿਚ ਸਿਰ ਮਾਰ-ਮਾਰ ਮਰ ਜਾਵਾਂ। ........ਅਖੀਰ ਮੈਨੂੰ ਇਕ ਪੰਜਾਬੀ ਮਿਲਿਆ ਜੋ ਉਸ ਮੁੰਡੇ ਨੂੰ ਜਾਣਦਾ ਸੀ ਜਿਸ ਕੋਲ ਮੈਂ ਜਾਣਾ ਸੀ। ਵਿਚਾਰੇ ਦਾ ਭਲਾ ਹੋਵੇ। ਉਹ ਮੈਨੂੰ ਉਸ ਕੋਲ ਛੱਡ ਆਇਆ।

ਮਨੁੱਖ ਜਦੋਂ ਇਕ ਵਾਰੀ ਹੋਣੀ ਦੇ ਮੂੰਹੋਂ ਬਚ ਜਾਏ ਤਾਂ ਜਾਣੂ ਉਸਨੂੰ ਕਿਸਮਤ ਦਾ ਧਨੀ ਆਖ-ਆਖ ਮੁੜ ਖਤਰਾ ਸਹੇੜਨ ਜੋਗਾ ਕਰ ਦਿੰਦੇ ਹਨ। ਪਰ ਕਈ ਵਾਰ ਮੁੜ ਖਤਰੇ ਮੂੰਹ ਪੈ ਕੇ ਫਿਰ ਕਿਸਮਤ ਨੂੰ ਅਜ਼ਮਾਉਣ ਤੋਂ ਬਿਨਾਂ ਕੋਈ ਚਾਰਾ ਵੀ ਨਹੀਂ ਹੁੰਦਾ। ਸੋ ਹਫਤੇ ਕੁ ਮਗਰੋਂ ਮੈਂ ਥੋੜ੍ਹਾ ਜਿਹਾ ਹੁਲੀਆ ਬਦਲ, ਜਨਮ ਤਰੀਕ ਤੇ ਨੌਂ ਵੀ ਬਦਲਕੇ ਤੇ ਪੱਗ ਬੰਨ੍ਹ ਫਿਰ ਲਾਇਨ ਵਿੱਚ ਜਾ ਲੱਗਾ। ਇਸ ਵਾਰ ਉਹਨਾਂ ਤਿੰਨ ਮਹੀਨੇ ਦੀ ਤਰੀਕ ਪਾ ਦਿੱਤੀ। ਇਕ ਪੇਪਰ ਜਿਹਾ ਦੇ ਦਿੱਤਾ। ਫਿਰ ਮੈਂ ਕਿਰਾਏ ਦਾ ਕਮਰਾ ਸ਼ੇ ਕੀਤਾ। ਸ਼ੋਸ਼ਲ ਲਈ ਅਪਲਾਈ ਕੀਤਾ। ਦੋ ਕੁ ਮਹੀਨੇ ਮਗਰੋਂ ਉੱਨੀ ਹਜ਼ਾਰ ਇੰਡੀਅਨ ਰੁਪਿਆਂ ਦੇ ਬਰਾਬਰ ਪ੍ਰਤੀ ਮਹੀਨੇ ਦੀ ਸਰਕਾਰੀ ਸਹਾਇਤਾ ਮਿਲਣ ਲੱਗ ਪਈ। ਕੁਝ ਚੋਰੀ ਛਿਪੇ ਕੰਮ ਕੀਤਾ। ਕੁਝ ਹੌਸਲਾ ਹੋਇਆ। ਪਰ ਜਦੋਂ ਤਿੰਨ ਮਹੀਨੇ ਮਗਰੋਂ ਪੇਸ਼ ਹੋਇਆ ਤਾਂ ਧਗੜਿਆਂ ਕੰਟਰੀ ਆਊਟ ਦਾ ਪੰਜ਼ ਦਿਨਾਂ ਨੋਟਿਸ ਫੜਾ ਦਿੱਤਾ। ਫਿਰ ਵਕੀਲ ਕੀਤਾ। ਚਾਰ ਕੁ ਮਹੀਨੇ ਮਗਰੋਂ ਕੇਸ ਫਿਰ ਉੜ ਗਿਆ।

ਕੱਲ ਫਿਰ ਹੋ ਨਾਂ ਤੇ ਪੀਤੀ-ਸ਼ੱਤੋ ਜਾ ਪੇਸ਼ ਹੋਇਆ। ਮੁੰਡਿਆਂ ਦੇ ਕਹਿਣ ਮੁਤਾਬਕ ਮੈਂ ਆਪਣੇ ਉਂਗਲਾਂ ਦੇ ਪੋਟੇ ਤੱਤੇ ਤਵੇ ਤੇ ਕਈ ਦਿਨ ਸਾੜਦਾ ਰਿਹਾ। ਪਰ ਡੈਡ ਸੇਕ ਲਗਦਾ ਸੀ ਨਾ........ ਇਸ ਕਰਕੇ ਪੂਰੇ ਸੜ ਨਾ ਸਕੇ। ਸਿੱਟੇ ਵਜੋਂ ਜਦੋਂ ਉਹਨੀਂ ਫਿੰਗਰ ਪ੍ਰਿੰਟ ਲਏ ਤਾਂ ਫੜਿਆ ਗਿਆ। ਹੁਣ ਠਾਈ ਦਿਨਾਂ ਲਈ ਜੇਲ੍ਹ ਵਿਚ ਹਾਂ। ਇਥੇ ਇਸਨੂੰ ਠਾਈਆਂ ਲੱਗਨ ਕਹਿੰਦੇ ਹਨ। ਜੇਲ੍ਹ ਕਿਹੜੀ ਹੈ..... ਇਸ ਬਾਰੇ ਕੋਈ ਪਤਾ ਨਹੀਂ। ਹੁਣ ਤਾਈਂ ਪੰਜਾਬੀ ਇਕੱਲਾ ਹੀ ਹਾਂ..... ਘਾਨੇ ਜਹੇ ਵਥੇਰੇ ਨੇ।

ਅੱਜ ਇਕਾਂਤਵਾਸ ਵਿਚ ਅਤੀਤ ਦੇ ਸਾਰੇ ਜ਼ਖਮੀ ਚੀਸਾਂ ਉੱਠ ਖੜੋਤੀਆਂ ਨੇ। ਮਨ ਭਰ-ਭਰ ਤੜਪ ਰਿਹਾ ਏ।

ਉਦਾਂ ਡੈਡ ਤੂੰ ਫਿਕਰ ਨਾ ਕਰੀਂ। ਮੈਂ ਸੌਖਿਆਂ ਇਥੋਂ ਨਿਕਲਦਾ ਨਹੀਂ। ਤੇਰਾ ਸਾਰਾ ਕਰਜ਼ਾ ਉਤਾਰੂੰਗਾ। ਫਿਰਨੀ ਤੇ ਕੋਠੀ ਪਾਉਣ ਦੀ ਸੱਧਰ ਵੀ ਪੂਰੀ ਕਰਨੀ ਹੈ।

ਡੈਡ ਉਸ ਕੋਠੀ ਵਿਚ ਰਹਿ ਕੇ ਮੈਨੂੰ ਕੋਈ 'ਸੁਖ ਦੀ ਘੜੀ' ਨਸੀਬ ਹੋਏਗੀ ਕਿ ਨਹੀਂ ਜਾਂ ਬੀਤੇ ਵਿੱਚ ਮਿਲੇ ਜ਼ਖਮਾਂ ਦੀਆਂ ਚੀਸਾਂ ਤੋਂ ਉਮਰ ਭਰ ਖਹਿੜਾ ਛਡਾ ਸਕਾਂਗਾ ਕਿ ਨਹੀਂ...... ਇਸ ਬਾਰੇ ਤਾਂ ਕੁਝ ਮੈਂ ਆਖ ਨਹੀਂ ਸਕਦਾ......ਪਰ ਜਦੋਂ ਤੂੰ ਝੋਨੇ ਲਈ ਕੱਦੂ ਕਰਿਆ ਕਰਦਾ ਸੀ ਤੇ ਮੈਂ ਕੱਛਾ ਪਾਈ ਵੱਟਾਂ ਬੰਨੇ ਚੇਪਿਆ ਕਰਦਾ ਸੀ.... ਫਿਰ ਉਤੋਂ ਤਿੱਖੀ ਧੁੱਪ ਹੁੰਦੀ ਸੀ... ਫਿਰ ਮੰਮੀ ਤਾਂ ਨਿੱਕੀ ਰੋਟੀ ਲੈ ਕੇ ਆਉਂਦੀਆਂ ਹੁੰਦੀਆਂ ਸਨ... ਤੇ ਚਲਦੀ ਮੋਟਰ ਕੋਲ ਤੂਤ ਥੱਲੇ ਬੈਠਕੇ ਚਾਰੇ ਜੀਅ ਰੋਟੀ ਖਾਂਦੇ ਹੁੰਦੇ ਸੀ..... ਤਾਂ ਜਿਸ ਸਕੂਨ ਤੇ ਆਤਮਿਕ ਅਨੰਦ ਦੀ ਪ੍ਰਾਪਤੀ ਉਦੋਂ ਹੁੰਦੀ ਸੀ, ਉਸ ਵਰਗੀ ਸੁਖਦ ਘੜੀ ਸਾਰੀ ਜ਼ਿੰਦਗੀ ਹੀ ਸ਼ਾਇਦ ਨਸੀਬ ਨਾ ਹੋਵੇ। ਸ਼ਾਇਦ ਸਾਰੀ ਜ਼ਿੰਦਗੀ ਹੀ ਨਾ।

ਤੁਹਾਡਾ ਆਪਣਾ,
ਦਿਲਾਵਰ।

..... ਹਾਂ ਸੱਚ ਨਿੱਕੀ ਨੂੰ ਦੱਬ ਕੇ ਪੜ੍ਹਾਇਓ।

*—ਪਿੰਡ ਰਹਿਪਾ, ਡਾ. ਹਕੀਮਪੁਰ*
*ਨਵਾਂ ਸ਼ਹਿਰ (੧੪੪੫੦੭)*



Sri Satguru Jagjit Singh Ji eLibrary NamdhariElibrary@gmail.com

# ਜੁੱਗ ਪਲਟਾਊ ਸ਼ਬਦ 'ਸਿੰਘ' ਤੇ 'ਕੌਰ'

—ਡਾ. ਨਿਰਮਲ ਸਿੰਘ

ਸਮਾਜ ਦਾ ਇਨਸਾਨੀਅਤ ਦਾ ਇਤਿਹਾਸ ਇਕ ਨਿਰੰਤਰ ਵਹਾਓ ਹੈ ਤੇ ਇਹਦੇ ਵਿਚ ਖੜੋਤ ਕਦੀ ਨਹੀਂ ਆਉਂਦੀ। ਇਹ ਵਿਗਸਦਾ, ਮੌਲਦਾ ਰਹਿੰਦਾ ਏ ਤੇ ਵਿਕਾਸ ਦੀ ਰਫਤਾਰ ਸਮੁੰਦਰ ਦੀਆਂ ਲਹਿਰਾਂ ਜਾਂ ਪੌਣ ਦੇ ਰੁਮਕਣ ਵਾਂਗ ਲਗਾਤਾਰ ਇਕਸਾਰ ਨਹੀਂ ਰਹਿੰਦੀ। ਕਦੀ ਜਵਾਰਭਾਟੇ ਦੀਆਂ ਉੱਚੀਆਂ ਲਹਿਰਾਂ ਕੰਢਿਆਂ ਉੱਤੋਂ ਉਛਲ ਕੇ ਤਰਥੱਲੀ ਮਚਾਉਂਦੀਆਂ ਦਿਸਦੀਆਂ ਨੇ ਤੇ ਕਦੀ ਸਾਗਰ ਦਾ ਪਾਣੀ ਨਿੱਕੀਆਂ ਨਿੱਕੀਆਂ ਸੰਗੀਤਮਈ ਕਰਵਟਾਂ ਲੈਂਦਾ ਵਿਖਾਈ ਦੇਂਦਾ ਏ। ਜਦੋਂ ਹਨੇਰੀਆਂ ਤੇ ਤੂਫ਼ਾਨ ਆਉਂਦੇ ਨੇ ਤਾਂ ਬੋਦੇ ਜਰਜਰੇ ਹੋ ਚੁੱਕੇ ਕੰਧਾਂ-ਕੋਠੇ ਢਹਿ ਢੇਰੀ ਹੋ ਜਾਂਦੇ ਨੇ, ਔਧ ਪੁਗਾ ਚੁੱਕੇ ਰੁੱਖਾਂ ਦੀਆ ਜੜ੍ਹਾਂ ਉੱਪਰ ਵੱਲ ਹੋ ਜਾਂਦੀਆਂ ਨੇ ਤੇ ਅਜਿਹੀ ਉਥਲ ਪੁਥਲ ਹੁੰਦੀ ਏ ਕਿ ਕੁਝ ਅਰਸੇ ਲਈ ਅਸੀਂ ਭੌਂਚਲ 'ਚ ਪੈ ਜਾਂਦੇ ਹਾਂ। ਏਸ ਸਾਰੀ ਤੋੜ-ਭੰਨ, ਹੇਠਲੀ ਉੱਪਰ ਹੋਣ ਦੀ ਪ੍ਰਕਿਰਿਆ ਵਿਚ ਹਵਾ ਜਾਂ ਪਾਣੀ ਦਾ ਬੁਨਿਆਦੀ ਖਾਸਾ ਕਤਈ ਨਹੀਂ ਬਦਲਦਾ। ਸਮਾਜਿਕ ਵਰਤਾਰਿਆਂ ਵਿਚ ਅਜਿਹੇ ਬਦਲਾਓ ਨੂੰ ਸਿਆਣਿਆਂ ਨੇ 'ਇਨਕਲਾਬ' ਦਾ ਨਾਂ ਦਿੱਤਾ ਸੀ। ਪਰ ਇਨਕਲਾਬ ਦੇ ਅੰਨ੍ਹੇ ਪੈਰੋਕਾਰਾਂ ਤੇ ਸ਼ਰਧਾਲੂਆਂ ਨੇ ਇਹਦੇ ਅਰਥ ਆਪਣੀ ਸੋਚ ਤੇ ਸਹੂਲਤ ਮੁਤਾਬਕ ਕੱਢ ਕੇ ਉਲਟ ਇਨਕਲਾਬੀ ਕਿਰਦਾਰ ਨਿਭਾਇਆ ਹੈ। ਕਿਸੇ ਵੀ ਨਵੇਂ ਪੁੰਗਾਰੇ, ਫੁਟਾਲੇ ਜਾਂ ਸਿਰਜਣਾ ਦਾ ਕਿਆਸ ਪੁਰਾਣੀ ਨੀਂਹ, ਜੜ੍ਹ। ਧਰਤੀ, ਮਿੱਟੀ, ਪਾਣੀ ਤੇ ਹਵਾ, ਜਿਹੜੀ ਉੱਥੇ ਪਹਿਲਾਂ ਈ ਮੌਜੂਦ ਹੁੰਦੀ ਏ, ਤੋਂ ਬਗੈਰ ਸਿਰਫ ਖਿਆਲੀ ਪਲਾਓ ਈ ਨਹੀਂ, ਅਸੰਭਵ ਹੈ। ਕਿਸੇ ਨਵੇਂ ਮਨੁੱਖ ਦੀ ਸਿਰਜਣਾ, ਨਵੇਂ ਮਕਾਨ ਦੀ ਉਸਾਰੀ, ਨੀਹਾਂ ਤੋਂ ਬਗੈਰ ਹੋ ਈ ਨਹੀਂ ਸਕਦੀ। ਪਿਛਲੇ ਡੇਢ ਕੁ ਸਾਲ ਦਾ ਨੇੜਲਾ ਇਤਿਹਾਸ ਏਸ ਤੱਥ ਦੀ ਸ਼ਾਹਦੀ ਭਰਦਾ ਹੈ ਕਿ ਜਿਨ੍ਹਾਂ ਨੇ ਵੀ ਅਜਿਹੀ ਕਚਘਰੜ ਸੋਚ ਦਾ ਰਾਹ ਅਪਣਾਇਆ, ਉਹ ਮੂੰਹ ਭਾਰ ਡਿੱਗਿਆ।

ਪੰਜਾਬ ਦੀ ਹਿੰਦੁਸਤਾਨ ਦੀ, ਸਮੁੱਚੀ ਇਨਸਾਨੀਅਤ ਦੀ ਤਵਾਰੀਖ ਵਿਚ ਕੁਝ ਅਜਿਹੇ ਵਰਤਾਰੇ ਵਾਪਰੇ ਨੇ, ਮਹਾਨ ਘਟਨਾਵਾਂ ਘਟੀਆਂ ਨੇ, ਜਿਹੜੀਆਂ ਸਾਡੇ ਇਹਨਾਂ ਵਿਚਾਰਾਂ ਦੀ ਪੁਸ਼ਟੀ ਕਰਨ ਲਈ ਬਹੁਤ ਲਾਹੇਵੰਦ ਸਾਬਤ ਹੁੰਦੀਆਂ ਨੇ। ਗੁਰੂ ਨਾਨਕ ਦੇਵ ਜੀ ਦਾ 'ਮੂਲ ਮੰਤਰ' ਰਾਹੀਂ, ਸਿਰਫ ਸਾਡੇ ਦਿਸਦੇ ਸੰਸਾਰ ਜਾਂ ਧਰਤੀ ਨੂੰ ਹੀ ਨਹੀਂ ਕੁਲ ਕਾਇਨਾਤ ਨੂੰ ਪ੍ਰਭਾਸ਼ਿਤ ਕਰਨਾ, ਸ਼ਾਇਦ ਉਹਨਾਂ ਤੋਂ ਪਹਿਲਾਂ ਇਤਿਹਾਸ ਵਿਚ ਕਦੀ ਨਹੀਂ ਹੋ ਸਕਿਆ 'ਅਕਾਲ ਪੁਰਖ', ਉਹਦੇ ਸਰੂਪ, ਜਨਮ, ਮੌਤ ਜਾਂ ਸਥਾਨ ਬਾਬਤ ਏਨੇ ਥੋੜ੍ਹੇ ਸ਼ਬਦਾਂ ਵਿਚ ਸਪੱਸ਼ਟ ਵਿਆਖਿਆ ਦੀ ਮਿਸਾਲ ਲੱਭਣੀ ਮੁਸ਼ਕਲ ਹੈ। ਗੁਰਮਤ ਦੀ ਏਸੇ ਸੋਚ ਨੂੰ ਅਗਾਂਹ ਤੋਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਮੌਕੇ ਵਾਕਿਆ ਹੀ ਇਨਕਲਾਬੀ, ਜੁੱਗ ਪਲਟਾਊ ਕਾਰਜ ਨੇਪਰੇ ਚਾੜ੍ਹਿਆ। ਅੰਮ੍ਰਿਤ ਛਕਾਉਣ ਵੇਲੇ ਉਹਨਾਂ ਨੇ ਹਰ ਬੰਦੇ ਨੂੰ ਆਪਣੀ ਅਸਲ ਔਕਾਤ ਸਮਝਾ ਕੇ ਸਹੀ ਅਰਥਾਂ ਵਿਚ 'ਬੰਦਾ' ਬਣ ਕੇ ਜੀਣ ਦੀ ਰਾਹ 'ਤੇ ਤੋਰਿਆ। ਪਿਛਲੇ ਗੋਤਾਂ, ਜਾਤਾਂ, ਕਿੱਤੇ, ਨਸਲਾਂ, ਪਾੜਿਆਂ, ਵਿੱਥਾਂ, ਰੰਗਾਂ, ਰੂਪਾਂ ਨੂੰ ਕੇਵਲ ਦੋ ਅੱਖਰੇ ਇਕ ਸ਼ਬਦ 'ਸਿੰਘ' ਦੀ ਵਰਤੋਂ ਰਾਹੀਂ ਜੜ੍ਹੋਂ ਪੁੱਟ ਸੁੱਟਿਆ। ਬੀਬੀਆਂ ਭੈਣਾਂ 'ਕੌਰ' ਤੇ ਮਰਦਾਂ ਨੂੰ 'ਸਿੰਘ' ਬਣਾ ਕੇ ਅਜਿਹਾ ਇਤਿਹਾਸਕ ਇਨਕਲਾਬੀ ਕਾਰਨਾਮਾ ਕੀਤਾ, ਜਿਸ ਨੇ ਸਮੁੱਚੇ ਇਨਕਲਾਬਾਂ ਦੀ ਆਭਾ ਮਾਤ ਪਾ ਦਿੱਤੀ। ਜਿਹੜਾ ਕਾਰਜ ਹਜ਼ਾਰਾਂ ਵਰ੍ਹਿਆਂ ਵਿਚ ਧਰਮ ਪ੍ਰਚਾਰਕ, ਸਮਾਜ ਸੁਧਾਰਕ, ਮਹਾਨ ਲੇਖਕ, ਗੂੜ ਗਿਆਨੀ, ਵਿਦਵਾਨ ਫਲਸਫ਼ੀ, ਬਾਦਸ਼ਾਹ, ਸ਼ਹਿਨਸ਼ਾਹ ਆਪਣੀਆਂ ਲੇਖਣੀਆਂ, ਪ੍ਰਵਚਨਾਂ, ਕਾਇਦੇ-ਕਾਨੂੰਨਾਂ, ਜੰਗਾਂ, ਯੁੱਧਾਂ, ਬਹਿਸ-ਮੁਬਾਸਿਆਂ ਰਾਹੀਂ ਪੂਰਾ ਟਿੱਲ ਲਾਉਣ 'ਤੇ ਵੀ ਨਹੀਂ ਸਨ ਕਰ ਸਕੇ, ਗੁਰੂ ਗੋਬਿੰਦ ਸਿੰਘ ਨੇ ਸਿਰਫ ਢਾਈ ਅੱਖਰੇ ਦੋ ਸ਼ਬਦਾਂ 'ਸਿੰਘ' ਤੇ 'ਕੌਰ' ਨਾਵਾਂ ਨਾਲ ਪਛੇਤਰ ਲਾ ਕੇ ਵਿਖਾਇਆ।

ਏਥੇ ਵਿਚਾਰ ਨੁਕਤਾ ਇਹ ਵੇ ਪਈ ਗੁਰੂ ਸਾਹਿਬ ਨੇ ਇਹ ਸਾਰੇ 'ਸਿੰਘ ਤੇ ਕੌਰ' ਇੱਥੋਂ ਵਿਚਰਦੇ, ਹੀਣ ਭਾਵਨਾ ਦੇ ਸ਼ਿਕਾਰ, ਵਿਚਾਰੇ, ਗਰੀਬੜੇ, ਦੱਬੇ ਕੁਚਲੇ, ਲਿਤਾੜੇ ਹੋਏ ਇਨਸਾਨਾਂ 'ਚੋਂ ਹੀ ਸਿਰਜੇ। ਏਸ ਵਰਤਾਰੇ ਨੂੰ ਸਹੀ ਮਾਅਨਿਆਂ ਵਿਚ 'ਨਵੇਂ ਮਨੁੱਖ ਦੀ ਸਿਰਜਣਾ ਦਾ ਸਨਮਾਨ' ਯੋਗ ਨਾਂ ਦਿੱਤਾ ਜਾ ਸਕਦਾ ਏ। ਇਹ ਭਾਣਾ ਨਾ ਤਾਂ ਪਹਿਲੋਂ ਸਮੁੱਚੀ ਮਨੁੱਖੀ ਤਵਾਰੀਖ ਵਿਚ ਕਦੀ ਵਾਪਰਿਆ ਏ ਤੇ ਨਾ ਹੀ ਭਵਿੱਖ ਵਿਚ ਦੁਹਰਾਇਆ ਜਾ ਸਕਦਾ ਏ। ਕਿੱਡੀ ਕਮਾਲ ਦੀ ਕਰਾਮਾਤ ਏ ਕਿ ਇਹਨਾਂ ਦੋ ਸ਼ਬਦਾਂ ਨੇ ਮਨੁੱਖਾਂ ਦੀ ਕਾਇਆ ਈ ਪਲਟ ਦਿੱਤੀ। ਉਹਨਾਂ 'ਚੋਂ ਆਪਣੀ ਵਿਰਾਸਤ



Sri Satguru Jagjit Singh Ji eLibrary NamdhariElibrary@gmail.com

ਨੂੰ ਕਾਇਮ ਰੱਖਦਿਆਂ ਹੋਇਆਂ ਵੀ ਸਾਰੇ ਭੈੜਾਂ, ਐਬਾਂ, ਹੈਂਕੜ, ਹੰਕਾਰ ਹਉਮੈ ਦਾ ਮੁੱਢੋਂ-ਸੁੱਢੋਂ ਖਾਤਮਾ ਕਰ ਦਿੱਤਾ। ਪੁਰਾਣੀ ਕਬਾਇਲੀ ਫਿਰਕੇਵਾਰਾਨਾ ਸੋਚ ਦਾ ਫਤਵਾ ਈ ਵੱਢ ਦਿੱਤਾ।

ਏਸ ਤੋਂ ਐਨ ਉਲਟ, ਪਿਛਲੇ ਕੁਝ ਦਹਾਕਿਆਂ ਤੋਂ ਸਾਡੇ ਆਪਣੇ ਭਾਈਚਾਰੇ ਵਿਚ ਅਖਾਉਤੀ ਇਨਕਲਾਬੀ, ਅੱਗੇ ਵਧੂ ਤੇ ਵਿਗਿਆਨਕ ਸੋਚ ਦੇ ਅਸਰ ਕਾਰਨ, ਆਪਣੇ ਨਾਵਾਂ ਨਾਲੋਂ 'ਸਿੰਘ ਤੇ ਕੌਰ' ਸ਼ਬਦ ਲਾਹੁਣ ਦੀ, ਜਿਵੇਂ ਹੋੜ ਜਿਹੀ ਲੱਗ ਗਈ ਏ। ਇਸ ਵਰਤਾਰੇ ਵਿਚ ਮੋਹਰੀ ਕਿਰਦਾਰ ਸਾਡੇ ਬੁੱਧੀਜੀਵੀ ਵਰਗ ਦੇ ਖੱਬੇ ਪਾਸੀ ਵਿਚਾਰਧਾਰਾ ਵਾਲੇ ਸੱਜਣਾਂ ਨੇ ਤੇ ਦੂਜੇ ਪਾਸੇ ਫਿਰਕੂ ਸੋਚ ਰੱਖਣ ਵਾਲੇ ਜਨੂੰਨੀਆਂ ਨੇ। ਮਿਸਾਲ ਦੇ ਤੌਰ 'ਤੇ ਕਿਸੇ ਦਾ ਨਾਂ ਸੁਰਿੰਦਰ ਸਿੰਘ ਪੰਨੂੰ, ਰਾਜਿੰਦਰ ਸਿੰਘ ਸਿੱਧੂ ਜਾਂ ਹਰਿੰਦਰ ਸਿੰਘ ਗਿੱਲ ਹੈ ਤਾਂ ਉਹ ਸੱਜਣ ਆਪਣੇ ਆਪ ਪ੍ਰਗਤੀਵਾਦੀ, ਅੱਗੇ ਵਧੂ, ਖੱਬੇ ਪੱਖੀ, ਮਾਰਕਸਵਾਦੀ ਵਿਖਾਉਣ ਜਾਂ ਇਨਕਲਾਬੀ ਵਿਚਾਰਾਂ ਦਾ ਅਲੰਬਰਦਾਰ ਹੋਣ ਦਾ ਮੁਜ਼ਾਹਰਾ ਕਰਨ ਲਈ, ਸਭ ਤੋਂ ਪਹਿਲਾ ਵਾਰ 'ਸਿੰਘ' ਸ਼ਬਦ ਤੇ ਕਰਕੇ, ਸੁਰਿੰਦਰ ਪੰਨੂੰ, ਰਜਿੰਦਰ ਸਿੱਧੂ ਜਾਂ ਹਰਿੰਦਰ ਗਿੱਲ ਲਿਖ ਕੇ ਫੁੱਲਿਆ ਨਹੀਂ ਸਮਾਉਂਦਾ। ਉਹ ਸਮਝਦਾ ਹੈ ਕਿ ਉਹ ਧਾਰਮਿਕ ਬੰਧਨਾਂ, ਜਨੂੰਨ ਤੇ ਪੁਰਾਤਨਤਾ ਤੋਂ ਖਹਿੜਾ ਛੁਡਾ ਕੇ ਅਸਲ ਤੇ ਖਰਾ ਇਨਕਲਾਬੀ ਘੁਲਾਟੀਆ ਬਣ ਕੇ ਅੱਗੇ ਵਧੂ ਕਿਰਦਾਰ ਨਿਭਾ ਰਿਹਾ ਹੈ। ਬੀਬੀਆਂ ਵਿਚ ਆਪਣੇ ਨਾਂ ਨਾਲੋਂ 'ਕੌਰ' ਕੱਟਣ ਦਾ ਰੁਝਾਨ ਜ਼ਿਆਦਾਤਰ ਆਧੁਨਿਕਤਾ ਤੇ ਭਾਰਤੀਅਤਾ ਦੇ ਅਸਲ ਕਾਰਨ ਹੋਇਆ ਏ। ਉਹ ਕਮਲੀਆਂ ਨਵਜੋਤ ਕੌਰ ਸੇਖੋਂ, ਅਮ੍ਰਿਤ ਕੌਰ ਅਰੋੜਾ ਤੇ ਸਤਵੰਤ ਸਾਹਨੀ ਲਿਖ ਕੇ ਖੁਸ਼ਫਹਿਮੀ ਪਾਲ ਰਹੀਆਂ ਨੇ ਕਿ ਉਹਨਾਂ ਨੇ ਕੋਈ ਮਾਅਰਕਾ ਮਾਰ ਲਿਆ ਹੈ।

'ਸਿੰਘ' ਤੇ 'ਕੌਰ' ਦੋ ਸ਼ਬਦਾਂ ਦੀ ਕਰਾਮਾਤ ਕ੍ਰਿਸ਼ਮਾ ਤੇ ਇਹ ਸੀ ਕਿ ਇਹਨਾਂ ਸ਼ਬਦਾਂ ਦੀ ਵਰਤੋਂ ਨਾਲ ਤੁਸੀਂ ਪੁਰਾਤਨਪੰਥੀ, ਕਬਾਇਲੀ, ਫਿਰਕੂ, ਜਨੂੰਨੀ, ਤੰਗਨਜ਼ਰ ਸੋਚ ਤੋਂ ਖਹਿੜਾ ਛੁਡਵਾ ਕੇ ਅਸਲੀ ਤੇ ਖਰੇ, ਸਿਰਫ ਤੇ ਸਿਰਫ ਇਨਸਾਨ ਬਣਦੇ ਜਾਓ। ਪਰ ਹੁਣ ਤੁਸੀਂ ਇਹਨਾਂ ਇਨਕਲਾਬੀ, ਜੁੱਗ ਪਲਟਾਊ ਚਿੜੀਆਂ ਤੋਂ ਬਾਜ ਮਰਵਾਉਣ ਦੀ ਵਿਸ਼ੇਸ਼ਤਾ ਰੱਖਣ ਵਾਲੇ, ਅੱਗੇ ਵਧੂ ਸ਼ਬਦਾਂ ਨੂੰ ਵਰਤਣ ਤੋਂ ਹਿਚਕਚਾਉਂਦੇ ਹੋ, ਡਰਦੇ ਹੋ। ਦੂਜੇ ਪਾਸੇ ਦਕਿਆਨੂਸੀ ਕਬਾਇਲੀ, ਪਿਛਾਖੜੀ ਆਪਣੀਆਂ ਜਾਤਾਂ ਦੀ ਨੁਮਾਇਸ਼ ਲਾਉਣ ਵਾਲੇ ਸ਼ਬਦਾਂ ਨੂੰ ਆਪਣੇ ਨਾਵਾਂ ਨਾਲ ਚਿਪਕਾ ਕੇ ਪੰਨੂੰ, ਸੰਧੂ, ਗਿੱਲ, ਭੁੱਲਰ, ਮਾਨ, ਅਰੋੜੇ, ਸਾਹਨੀ ਬਣਕੇ ਪਤਾ ਨਹੀਂ ਕਿਹੜਾ ਸੁਨੇਹਾ ਦੇ ਰਹੇ ਹੋ? ਸਾਨੂੰ ਸਿੰਘ ਹੋਣ ਦਾ ਮਾਣ ਹੈ। ਸਾਨੂੰ ਸਾਡੇ ਮਹਾਨ ਇਨਕਲਾਬੀ ਗੁਰੂ ਨੇ ਗਿੱਦੜਾਂ ਤੋਂ ਸ਼ੇਰ ਬਣਾਇਆ ਏ। ਅਸੀਂ ਕਿਸੇ ਤੋਂ ਕਿਉਂ ਡਰੀਏ? ਅਸੀਂ ਤਾਂ ਭੈਅ ਮੁਕਤ, ਨਿਰਭਓ ਹੋ ਕੇ ਵਿਚਰਨਾ ਹੈ। ਜਾਤਾਂ-ਗੋਤਾਂ ਦੇ ਲਕਬ ਆਪਣੇ ਨਾਵਾਂ ਨਾਲੋਂ ਲਾਹੁਣੇ ਹੀ ਆਪਣੇ ਆਪ ਵਿਚ ਇਕ ਇਨਕਲਾਬੀ ਕਾਰਨਾਮਾ ਹੈ। ਅਸੀਂ ਇਨਕਲਾਬ ਦਾ ਰਾਹ ਛੱਡ ਕੇ ਪਿਛਾਖੜੀ ਸੋਚ ਕਿਉਂ ਅਪਣਾਈਏ? ਸਾਡੀਆਂ ਸਾਰੀਆਂ ਧੀਆਂ ਭੈਣਾਂ ਤਾਂ ਕੁਵੰਰਾਣੀਆਂ ਅਰਥਾਤ ਸ਼ਹਿਜ਼ਾਦੀਆਂ ਦੇ ਬਰਾਬਰ ਨੇ। ਉਹ ਫੇਰ ਕਿਉਂ ਹੀਣੀਆਂ, ਨਿਤਾਣਿਆਂ ਬਣ ਕੇ ਜੀਣ? ਉਹ ਸਿਰ ਉੱਚਾ ਚੁੱਕ ਕੇ ਜੀਣ ਦੀ ਜਾਚ ਛੱਡ ਕੇ ਵਿਚਾਰੀਆਂ, ਗਊਆਂ ਤੇ ਰਹਿਮ ਦੀਆਂ ਪਾਤਰ ਕਿਉਂ ਬਣਨ? ਅਸੀਂ ਸ਼ੇਰਾਂ ਤੋਂ ਗਿੱਦੜ ਕਿਉਂ ਬਣੀਏ? ਅਸੀਂ ਜ਼ਾਲਮ ਬਾਜ਼ਾਂ ਨਾਲ ਦਸਤਪੰਜਾ ਲੈਂਦੇ ਰਹੇ ਆਂ, ਕਿਉਂ ਜੋ ਅਸੀਂ ਚਿੜੀਆਂ ਨਹੀਂ ਰਹੇ। ਅਸੀਂ ਸ਼ੇਰ ਬਣ ਚੁੱਕੇ ਹਾਂ, ਅਸੀਂ ਆਪਣੀ ਵਿਰਾਸਤ ਕਿਉਂ ਗਵਾਈਏ? ਅੱਜ ਦੇ ਦੌਰ ਵਿਚ ਇਹ ਸਾਰੇ ਮਸਲੇ ਫੌਰੀ ਧਿਆਨ ਮੰਗਦੇ ਨੇ। ਅਖਬਾਰਾਂ, ਮੀਡੀਆ, ਸਾਹਿਤ, ਟੀ.ਵੀ. ਸਭ ਕੁਝ ਈ ਸਾਡੀ ਵਿਰਾਸਤ ਤੋਂ ਡਰਦਾ ਹੈ ਤੇ ਇਹੋ ਵਜ੍ਹਾ ਹੈ ਕਿ ਉਹ ਸਾਡੇ ਕੋਲੋਂ ਸ਼ਬਦ 'ਸਿੰਘ' ਤੇ 'ਕੌਰ' ਰੂਪੀ ਹਥਿਆਰ ਖੋਹ ਕੇ ਸਾਨੂੰ ਫੇਰ ਨਿਹੱਥੇ ਕਰ ਕੇ ਮਧੋਲਣਾ, ਮਸਲਣਾ ਚਾਹੁੰਦਾ ਹੈ। ਅਸੀਂ ਆਪਣੀ ਵਿਗਿਆਨਕ, ਅੱਗੇ ਵਧੂ, ਇਨਕਲਾਬੀ ਸੋਚ ਦਾ ਲੜ ਕਿਉਂ ਛੱਡੀਏ? ਇਸ ਦਾ ਅਰਥ ਇਹ ਵੀ ਨਹੀਂ ਕਿ ਅਸੀਂ ਹੈਂਕੜਬਾਜ਼, ਹਉਮੈਵਾਦੀ ਤੇ ਦਰੁਸਤਵਾਦ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਈਏ। ਸਾਨੂੰ ਜਿੱਥੇ ਨਿਡਰ ਜੀਵਨ ਜਾਚ ਦੀ ਗੁੜ੍ਹਤੀ ਮਿਲੀ ਏ ਉੱਥੇ ਕਿਸੇ ਨੂੰ ਡਰਾਉਣ, ਧਮਕਾਉਣ, ਧੌਂਸ ਜਮਾਉਣ ਤੋਂ ਵੀ ਸਖਤੀ ਨਾਲ ਰੋਕਿਆ ਗਿਆ ਏ। ਆਪਣੀ ਅਣਖ, ਇੱਜ਼ਤ ਆਬਰੂ ਸਾਂਭ ਕੇ ਰੱਖਦਿਆਂ ਅਸਾਂ ਸਮੁੱਚੀ ਕਾਇਨਾਤ ਨਾਲ ਇਕਸੁਰ ਹੋਕੇ ਜੀਣ ਦੀ ਜਾਚ 'ਸਿੰਘ' ਤੇ 'ਕੌਰ' ਬਣਨ ਤੋਂ ਬਾਅਦ ਈ ਸਿੱਖੀ ਏ। ਏਹੋ ਅੰਤ੍ਰੀਵੀ ਗੁਣ ਏ, ਜਿਸ ਸਾਡੀ ਹਸਤੀ ਨੂੰ ਕਦੀ ਵੀ ਮਿਟਣ ਨਹੀਂ ਦੇਣਾ।

*—ਮਾਲਵਾ ਹਸਪਤਾਲ (ਲਾਂਬੜਾ)*

**ਵਰਿਆਮ ਆਪ ਪੜ੍ਹੋ, ਅਤੇ ਹੋਰਨਾਂ ਨੂੰ ਪੜ੍ਹਨ ਦੀ ਸਲਾਹ ਦਿਓ**



Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

**High Class Gun Manufacturers**

**Single & Double Barrels**



# 12-Bore GUNS

**Free India Gun Manufacturers**

Prop. S. KARTAR SINGH (Jammu-Wale)

6, Industrial Estate, Ashok Nagar,
JAMMU CANTT-3
Ph. : 433810

*Sister Concern :*

M/S. KARTAR SINGH
ARMS & AMMUNITION DEALERS



Sri Satguru Jagjit Singh Ji eLibrary NamdhariElibrary@gmail.com

# ਵਿਚਾਰੇ ਮੱਛਰ

—ਲਖਵਿੰਦਰ ਸਿੰਘ ਬਾਜਵਾ

(ਦੋ ਮੱਛਰ ਆਪਸ ਵਿਚ ਗੱਲ ਬਾਤ ਕਰ ਰਹੇ ਹਨ)

ਸਥਾਨ—ਕਿਸੇ ਕਮਰੇ ਦੀ ਹਨੇਰੀ ਨੁਕਰ।

ਪਹਿਲਾ ਮੱਛਰ—ਯਾਰ ਕੀ ਗੱਲ ਹੈ ਬੜਾ ਮਾੜਾ ਜਿਹਾ ਹੁੰਦਾ ਜਾਨੈਂ। ਬੀਮਾਰ ਤਾਂ ਨਹੀਂ ਰਹਿੰਦਾ ਜਾਂ ਕੋਈ ਚਿੰਤਾ ਕਰਨੈਂ।

ਦੂਸਰਾ ਮੱਛਰ—ਨਹੀਂ ਯਾਰ ਇਹ ਗੱਲ ਤਾਂ ਨਹੀਂ ਪਰ ਅੱਜ ਕਲ੍ਹ ਪਹਿਲਾ ਵਾਲੀਆਂ ਖੁਰਾਕਾ ਕਿਥੋਂ।

ਪਹਿਲਾ ਮੱਛਰ—ਹਾਹੋ ਯਾਰ ਹੁਣ ਤਾਂ ਖੂਨ ਵੀ ਮਿਲਾਵਟ ਵਾਲਾ ਚੂਸਣਾ ਪੈਂਦੈ।

ਪਤਾ ਨਹੀਂ ਇਹ ਆਦਮੀ ਕੀ ਖੇਹ ਸਵਾਹ ਖਾਈ ਜਾ ਰਹੇ ਨੇ, ਨਾ ਖੂਨ ਦਾ ਸਵਾਦ ਰਿਹਾ ਏ ਤੇ ਨਾ ਰੰਗ।

ਦੂਸਰਾ ਮੱਛਰ—ਯਾਰ ਖੂਨ ਹੈ ਈ ਕੀਹਦੇ ਵਿਚ ਏ। ਦਸ-ਦਸ ਵਾਰ ਡੰਗ ਖੋਭਿਆਂ ਵੀ ਘੁੱਟ ਨਹੀਂ ਭਰਦਾ।

ਪਹਿਲਾ ਮੱਛਰ—ਗੱਲ ਤਾਂ ਤੇਰੀ ਠੀਕ ਏ, ਮੈਂ ਕੱਲ੍ਹ ਇਕ ਅਮਲੀ ਦਾ ਖੂਨ ਚੂਸ ਬੈਠਾ ਪਤਾ ਨਹੀਂ ਉਸ ਨੇ ਕੀ ਡੱਫਿਆ ਹੋਇਆ ਸੀ। ਮੈਨੂੰ ਤਾਂ ਸਾਰੀ ਰਾਤ ਸੁਧ ਬੁਧ ਹੀ ਕੋਈ ਨਾ ਰਹੀ।

ਦੂਸਰਾ ਮੱਛਰ—ਪਤਾ ਨਹੀਂ ਇਹ ਆਦਮੀ ਜ਼ਹਿਰ ਹੀ ਕਿਉਂ ਖਾਈ ਜਾ ਰਹੇ ਨੇ, ਮੈਂ ਡੰਗ ਮਾਰਿਆ ਤਾਂ ਤੜਪ ਕੇ ਉਠਿਆ। ਨਸ਼ੇ ਦੇ ਟੀਕੇ ਆਪ ਹੀ ਕਿੰਨੀ ਮੋਟੀ ਸੂਈ ਨਾਲ ਲਗਾਈ ਜਾ ਰਿਹਾ ਸੀ, ਪਰ ਸੀ ਨਹੀਂ ਸੀ ਕਰਦਾ।

ਪਹਿਲਾ ਮੱਛਰ—ਹਰ ਮਨੁੱਖ ਹੀ ਬੀਮਾਰ ਐ ਤੇ ਪਤਾ ਨਹੀਂ ਕਿੰਨੀਆਂ ਕੁ ਦਵਾਈਆਂ ਰੋਜ ਖਾ ਜਾਂਦੈ। ਮੇਰਾ ਤਾਂ ਸੰਘ ਹੀ ਖੁਸ਼ਕ ਹੋ ਗਿਐ।

ਦੂਸਰਾ ਮੱਛਰ—ਯਾਰ ਮੈਂ ਇਕ ਦਿਨ ਇਕ ਸੇਠ ਦਾ ਖੂਨ ਚੂਸ ਬੈਠਾ, ਉਹਦੇ ਖੂਨ ਵਿਚ ਕਲੋਰੋਸਟਰੋਲ ਸੀ। ਉਹਦੇ ਤੋਂ ਵੱਖਰਾ ਬੇਈਮਾਨੀ ਦਾ ਅੰਸ਼ ਹੀ ਏਨਾ ਸੀ ਕਿ ਮੇਰਾ ਜੀ ਵੀ ਬਲੈਕ ਕਰਨ ਨੂੰ ਕਰਨ ਲੱਗ ਪਿਆ।

ਪਹਿਲਾ ਮੱਛਰ—ਇਕ ਦਿਨ ਮੈਂ ਹਸਪਤਾਲ ਵਿਚ ਇਕ ਮਰੀਜ਼ ਦਾ ਖੂਨ ਚੂਸ ਬੈਠਾ। ਮੈਨੂੰ ਲੱਗੇ ਚੱਕਰ ਆਉਣ। ਮੈਂ ਐਟਰੋਪਿੰਨ ਦੇ ਟੀਕੇ ਦੇ ਖਾਲੀ ਐਮਪੁਲ ਚੋਂ ਜੋ ਉਸ ਦੀ ਮੰਜੀ ਕੋਲ ਪਏ ਸਨ ਉਹਨਾਂ ਵਿਚੋਂ ਇਕ ਬੂੰਦ ਚੂਸੀ ਤਾਂ ਜਾ ਕੇ ਕਿਤੇ ਬਚਾ ਹੋਇਆ। ਉਸ ਨੇ ਤਾਂ ਸ਼ਾਇਦ ਜ਼ਹਿਰ ਹੀ ਪੀ ਲਈ ਸੀ ਘਰੋਂ ਲੜਕੇ।

ਦੂਸਰਾ ਮੱਛਰ—ਆਹੋ ਯਾਰ ਇਹ ਲੜਦੇ ਵੀ ਬਹੁਤ ਨੇ। ਇਹਨਾਂ ਆਦਮੀਆਂ ਵਿਚ ਗੁੱਸਾ ਪਤਾ ਨਹੀਂ ਕਿਉਂ ਏਨਾ ਵਧ ਗਿਐ। ਰਾਤੀਂ ਮੈਂ ਆਪਣੀ ਭੁੱਖ ਮਿਟਾਉਣ ਲਈ ਇਕ ਬਿਸਤਰੇ ਤੇ ਗਿਆ, ਪਰ ਉਹ ਤਾਂ ਸਾਰੀ ਰਾਤ ਸੁੱਤੇ ਹੀ ਨਾ, ਲੜੀ ਹੀ ਗਏ।

ਪਹਿਲਾ ਮੱਛਰ—ਤੇ ਫੇਰ ਵੇਖੋ ਕਿਤੇ ਡੀ.ਡੀ.ਟੀ. ਤੇ ਬੀ.ਐਚ.ਸੀ. ਛਿੜਕਦੇ ਨੇ ਕਿ ਇਹਨਾਂ ਨੂੰ ਮਾਰ ਦਿਓ ਤੇ ਪ੍ਰਚਾਰ ਕਰਦੇ ਨੇ 'ਜੀਓ ਅਤੇ ਸਭ ਨੂੰ ਜੀਣ ਦਿਓ' ਇਹ ਝੂਠੇ ਵੀ ਬਹੁਤ ਨੇ।

ਦੂਸਰਾ ਮੱਛਰ—ਇਹ ਤੇ ਭਲਾ ਹੋਵੇ ਦਵਾਈਆਂ ਬਣਾਉਣ ਵਾਲਿਆਂ ਦਾ ਜਿਹੜੇ ਅਸਲੀ ਨਹੀਂ ਬਣਾਉਂਦੇ ਨਹੀਂ ਤਾਂ ਆਪਣੀ ਤਾਂ ਖੈਰ ਨਹੀਂ ਸੀ।

ਪਹਿਲਾ ਮੱਛਰ—ਸਾਨੂੰ ਕਹਿੰਦੇ ਨੇ ਬੀਮਾਰੀ ਫੈਲਾਂਦੇ ਹੋ, ਭਲਾ ਏਹਨਾਂ ਨੂੰ ਕੋਈ ਪੁੱਛੇ ਤੁਸੀਂ ਜਿਹੜੀਆਂ ਚੀਜ਼ਾਂ ਖਾਂਦੇ ਹੋ, ਉਹ ਬੀਮਾਰੀ ਨਹੀਂ ਫੈਲਾਦੀਆਂ? ਨਾਲ ਸਾਨੂੰ ਵੀ ਬੀਮਾਰ ਹੋਣਾ ਪੈਂਦੈ।

ਦੂਸਰਾ ਮੱਛਰ—ਹੋਰ ਕੀ ਰਾਤ ਨੂੰ ਅਧੀਆ ਲੈ ਕੇ ਪੀ ਲੈਣਗੇ, ਜਰਦੇ ਨਾਲ ਮੂੰਹ ਭਰ ਲੈਣਗੇ, ਬੀੜੀ ਤੇ ਬੀੜੀ ਫੂਕੀ ਜਾਣਗੇ। ਅੱਜ ਕਲ੍ਹ ਦੀ ਨੌਜਵਾਨ ਪੀੜ੍ਹੀ, ਏਹਨਾਂ ਤੋਂ ਤਾਂ ਰੱਬ ਹੀ ਬਚਾਵੇ। ਐਨੇ ਵੱਡੇ ਨਸ਼ੇ ਕਰਦੇ ਨੇ ਕਿ ਹੇ ਪ੍ਰਮਾਤਮਾ। ਆਇਉਡੈਕਸ ਚੋਟ ਤੇ ਲਾਉਣ ਲਈ ਬਣਾਈ ਹੈ। ਉਹਨੂੰ ਖਾਈ ਜਾਂਦੇ ਨੇ। ਸਮੈਕ, ਚਰਸ, ਗਾਂਜਾ, ਭੁਕੀ, ਬਰਾਊਨ ਸ਼ੂਗਰ ਤੇ ਪਤਾ ਨਹੀਂ ਹੋਰ ਕੀ ਕੀ ਨਸ਼ੇ, ਨਸ਼ੇ ਦੀ ਜ਼ਹਿਰ ਹੀ ਖਾਈ ਜਾ ਰਹੇ ਨੇ। ਦੁਧ ਘਿਓ ਤੇ ਖਾਲਸ ਚੀਜ਼ਾਂ ਤੋਂ ਤਾਂ ਇਹਨਾਂ ਨੂੰ ਨਫਰਤ ਐ। ਨਿਕੰਮਿਆਂ ਨੇ ਸਾਡੀ ਵੀ ਸਿਹਤ ਖਰਾਬ ਕੀਤੀ ਹੋਈ ਐ।

ਪਹਿਲਾ ਮੱਛਰ—ਗੱਲ ਤਾਂ ਤੇਰੀ ਸੋਲਾਂ ਆਨੇ ਐ।

ਦੂਸਰਾ ਮੱਛਰ—ਕਲ੍ਹ ਇਕ ਨੇ ਡਾਲਡੇ ਵਿਚ ਤਲੀਆਂ ਹੋਈਆਂ ਚੀਜ਼ਾਂ ਰੱਜ-ਰੱਜ ਕੇ ਖਾਧੀਆਂ ਹੋਈਆਂ ਸਨ। ਵੇਖ ਮੇਰਾ ਤਾਂ ਗਲਾ ਹੀ ਬੈਠ ਗਿਐ। ਘੂੰ-ਘੂੰ ਵੀ ਨਹੀਂ ਨਿਕਲਦੀ।

ਪਹਿਲਾ ਮੱਛਰ—ਡਾਲਡਾ ਕਿਹੜਾ ਖਾਲਸ ਮਿਲਦੈ।

ਦੂਸਰਾ ਮੱਛਰ—ਇਹਨਾਂ ਦੀ ਬੇਸ਼ਰਮੀ ਦੀ ਵੀ ਕੋਈ ਹਦ ਨਹੀਂ। ਏਸੇ ਕਰਕੇ ਏਡਜ਼ ਵਰਗੀਆਂ ਭਿਆਨਕ ਬੀਮਾਰੀਆਂ ਲਗਾਈ ਫਿਰਦੇ ਨੇ। ਪਿਛਲੇ ਸਾਲ ਗੰਦਾ ਖੂਨ ਚੂਸ ਕੇ ਆਪਣੇ ਤਕਰੀਬਨ ਦੋ ਢਾਈ ਸੌ ਮੱਛਰ ਏਡਜ਼ ਨਾਲ ਮਰ ਗਏ ਹਨ।

ਪਹਿਲਾ ਮੱਛਰ—ਜਦੋਂ ਮਨੁੱਖ ਹੀ ਮਨੁੱਖ ਦਾ ਵੈਰੀ ਹੈ ਤਾਂ ਆਪਣਾ ਕੌਣ ਸੋਚਦੈ।

ਦੂਸਰਾ ਮੱਛਰ—ਆਪਾਂ ਨੂੰ ਕੋਈ ਹੋਰ ਹੱਲ ਲੱਭਣਾ ਚਾਹੀਦੈ।

ਪਹਿਲਾ ਮੱਛਰ—ਇਹਨਾਂ ਨੂੰ ਹੁਣ ਕੌਣ ਸਮਝਾਵੇ।

ਦੋਵੇਂ— ਯਾਰ ਹੁਣ ਤੇ ਆਪਣਾ ਰੱਬ ਹੀ ਰਾਖਾ ਹੈ।

●



Sri Satguru Jagjit Singh Ji eLibrary NamdhariElibrary@gmail.com

# ਮਯਾਂਮਾਰ (ਬਰ੍ਹਮਾ) ਦੀ ਯਾਤਰਾ ਅਤੇ ਇਤਿਹਾਸਕ ਖੋਜ

(ਸਫਾ ੨੩ ਦੀ ਬਾਕੀ )

ਸ਼ਕਤੀ ਕੁਝ ਕਮਜ਼ੋਰ ਹੋਣ ਲੱਗੀ ਹੈ। ੧੯੯੪ ਵਿਚ ਜਦ ਜਸਵਿੰਦਰ ਸਿੰਘ ਆਇਆ ਤਾਂ ਇਸਨੂੰ ਮਿਲਿਆ ਉਸ ਨੇ ਊ ਪੂ ਰਾਹੀਂ ਤਿਆਰ ਕਰਵਾਏ ਜੈਟੀ ਦੇ ਨਕਸ਼ੇ ਮੰਗੇ ਉਹ ਭਾਲ ਥੱਕੇ ਪਰ ਮਿਲੇ ਨਹੀਂ। ਇਕ ਰਾਤ ਜਸਵਿੰਦਰ ਸਿੰਘ ਸਿਰ ਹੇਠ ਸੱਜੀ ਬਾਂਹ ਰੱਖ ਕੇ ਪਹਿਲੀ ਮੰਜ਼ਿਲ ਉੱਤੇ ਸੁੱਤਾ ਪਿਆ ਸੀ। ਉਸ ਨੂੰ ਲੱਗਾ ਕਿਸੇ ਪਿਛਲ ਰਾਤ ਸਵਾ ਕੁ ਦੋ ਵਜੇ ਬਾਂਹ ਹਿਲਾ ਕੇ ਦੋ ਵਾਰ ਜਗਾਇਆ ਹੈ। ਜਦ ਉਹ ਉਠਿਆ ਤਾਂ ਉਸ ਨੂੰ ਕਮਰੇ ਵਿਚੋਂ ਅਲੋਪ ਹੁੰਦਾ ਪਰਛਾਵਾਂ ਦਿਸਿਆ। ਉਸ ਨੇ ਊ ਪੂ ਨੂੰ ਪੁਛਿਆ, "ਤੁਸੀਂ ਜਗਾਇਆ ਸੀ," ਉਸ ਨੇ ਨਾਂਹ ਕਿਹਾ। ਹੇਠਾਂ ਆ ਕੇ ਵੇਖਿਆ ਨਕਸ਼ੇ ਮੇਜ਼ ਉਤੇ ਪਏ ਸਨ। ਊ ਪੂ ਹੁਰੀਂ ਵੀ ਹੈਰਾਨ, ਪਰ ਨਾਲ ਹੀ ਕਿਹਾ, 'ਸਾਂਹਿਬ ਜਿਸ ਕੇ ਕਾਮ ਸੇ ਆਏ ਹੋ ਵਹੀ ਸਭ ਕੁਝ ਕਰ ਰਿਹਾ ਹੈ।'

ਉਸ ਨਾਲ ਪੁਰਾਣੀ ਜੈਟੀ ਵੇਖਣ ਗਏ ਤੇ ਟੈਂਪੂ ਤੋਂ ਉਤਰ ਕੇ ਸਿਧੇ ਰਾਹ ਜਾਂਦਿਆਂ ਜਸਵਿੰਦਰ ਸਿੰਘ ਨੇ ਕਿਹਾ ਇਸ ਰਾਹੋਂ ਬੇੜੀ ਤੋਂ ਉਤਾਰ ਕੇ ਪੈਦਲ ਸ੍ਰੀ ਸਤਿਗੁਰੂ ਜੀ ਨੂੰ ਜੇਲ੍ਹ ਗਾਰਡਨ ਲੈ ਕੇ ਗਏ ਸਨ। ਆਹ ਪੌੜੀਆਂ ਚੜ੍ਹੇ ਸਨ। ਜੈਟੀ ਕੋਲ ਜਾ ਕੇ ਦੂਰ ਇਸ਼ਾਰਾ ਕਰਕੇ ਕਹਿਣ ਲੱਗੇ, ਔਹ ਦੂਰ ਲਾਈਟ ਹਾਊਸ ਹੈ, ਉਥੋਂ ਤੱਕ ਜਹਾਜ਼ ਆਉਂਦਾ ਸੀ। ਉਥੋਂ ਉਤਾਰ ਕੇ ਅੱਗੇ ਬੇੜੀ ਤੇ ਹੀ ਲਿਆਂਦਾ ਜਾਂਦਾ ਸੀ।

ਏਥੇ ਮਕਾਨ ਲੱਕੜ ਦੇ, ਲੱਕੜ ਦੀਆਂ ਹੀ ਛਤੀਰੀਆਂ ਉੱਤੇ ਬਣੇ ਦਿਸਦੇ ਸਨ, ਨੀਂਹਾਂ ਨਹੀਂ ਹਨ। ਕਈਆਂ ਹੇਠੋਂ ਲੱਕੜਾਂ ਗਲ ਗਈਆਂ ਹਨ। ਹੁਣ ਇਸ ਜੈਟੀ ਦਾ ਨਾਂ ਛੋਟਾ ਪੋਰਟ ਜੈਟੀ ਹੈ। ਏਥੋਂ ਸਮੁੰਦਰ ਦੇ ਰਸਤੇ ਕੋਈ ਸਵਾਰੀ ੧੪ ਘੰਟਿਆਂ ਵਿਚ, ਕੋਈ ੨੪ ਘੰਟਿਆਂ ਵਿਚ ਯਾਂਗੋਂ ਪੁਜਦੀ ਹੈ। ਵੱਡੇ ਦਫ਼ਤਰ ਤੋਂ ਮਨਜ਼ੂਰੀ ਲਏ ਬਿਨਾਂ ਉਸ ਵਿਚ ਕਿਸੇ ਵਿਦੇਸ਼ੀ ਨਾਗਰਿਕ ਨੂੰ ਨਹੀਂ ਲੈ ਜਾਂਦੇ।

ਜੈਟੀ ਲਾਗੇ ਹੀ ਉਹ ਤਿਰਾਹਾ ਹੈ ਜਿਥੇ ੧੯੩੩ ਵਿਚ ਸਤਿਗੁਰੂ ਪ੍ਰਤਾਪ ਸਿੰਘ ਪਧਾਰੇ ਸਨ। ਲੋਕਾਂ ਇਕ ਥੜੇ ਵੱਲ ਇਸ਼ਾਰਾ ਕਰਕੇ ਦਸਿਆ ਸੀ, ਇਸ ਥੜੇ ਉੱਤੇ ਪੰਜਾਬੀ ਬਾਬਾ ਜੀ ਭਜਨ ਕਰਦੇ ਹੁੰਦੇ ਸਨ। ਨੇੜੇ ਖੂਹ ਸੀ, ਵੀਹ ਕੁ ਫੁੱਟ ਡੂੰਘਾ ਉਸ ਦਾ ਪਾਣੀ ਸੀ। ਪਰ ਉਸ ਵਿਚ ਸੀਮਿੰਟ ਦੇ ਪਾਈਪਾਂ ਦੀ ਉਸਾਰੀ ਸੀ। ਥੜ੍ਹੇ ਵਾਲੀ ਥਾਂ ਤਿੰਨ ਸ਼ੇਰਾਂ ਵਾਲਾ ਇੰਡੀਪੈਂਡੈਂਸ ਮਾਨੂਮੈਂਟ ਹੈ, ਤਿਕੋਨ। ਹੋਰ ਵੀ ਲਾਗੇ ਪੱਕੀਆਂ ਇਟਾਂ ਦੇ ਖੂਹ ਹਨ, ਸਮੁੰਦਰ ਵਿਚ ਰਲਿਆ ਦਰਿਆ ਏਥੋਂ ਅਧਾ ਕੁ ਫਰਲਾਂਗ ਹੈ। ਏਥੋਂ ਜੇਲ੍ਹ ਨੇੜੇ ਸੀ ਜੋ ੭੦-੮੦ ਕੈਦੀਆਂ ਲਈ ਸੀ। ਨਾਲ ਜੇਲ੍ਹ ਗਾਰਡਨ ਵਾਲੀ ਥਾਂ ਅਤੇ ਨੇੜੇ ਹੀ ਉੱਚੇ ਥਾਂ ਮਿਲਟਰੀ ਹਸਪਤਾਲ, ਜਿਥੇ ਬਿਮਾਰ ਕੈਦੀਆਂ ਦਾ ਵੀ ਇਲਾਜ ਹੁੰਦਾ ਸੀ।

ਅੱਜ ਸਰਕਾਰੀ ਮੀਟਿੰਗ਼ ਲਈ ਕੋਈ ਤਾਲਮੇਲ ਕਾਇਮ ਨਹੀਂ ਸੀ ਹੋਇਆ। ਦੁਰੈ ਰਾਜ ਹੁਰਾਂ, ਮੋਟਰ ਸਾਈਕਲ ਉਤੇ ਮਗਰ ਮਗਰ ਫਿਰਦੇ ਇੰਟੈਲੀਜੈਂਸ ਦੇ ਬੰਦੇ ਨੂੰ ਆਪਣਾ ਤੇ ਸਾਡਾ ਪ੍ਰੀਚੈ ਦਿਤਾ ਤੇ ਮੀਟਿੰਗ ਲਈ ਮਦਦ ਕਰਨ ਲਈ ਕਿਹਾ। ਉਸ ਨੇ ਆਪਣੇ ਅਫਸਰਾਂ ਨਾਲ ਗੱਲ ਕਰਕੇ ਰਾਤੀਂ ੧੦ ਵਜੇ ਫੋਨ ਤੇ ਦਸਿਆ ਕਿ ਅਗਲੇ ਦਿਨ ਮੀਟਿੰਗਾਂ ਹੋਣਗੀਆਂ।

੧੬ ਜੂਨ ਨੂੰ ਦੁਰੈ ਰਾਜ ਦਾ ੫੧ਵਾਂ ਜਨਮ ਦਿਨ ਸੀ। ਸਾਡੇ ਨਾਲ ਰਹਿਕੇ ਉਹ ਸ੍ਰੀ ਸਤਿਗੁਰੂ ਜੀ ਦੀ ਮਰਯਾਦਾ, ਸ਼ਾਨਾਂ-ਮਤੇ ਇਤਿਹਾਸ ਨੂੰ ਸੁਣਕੇ ਪ੍ਰਭਾਵਿਤ ਹੋ ਚੁੱਕਾ ਸੀ। ਸੋ ਉਸ ਦੇ ਕਹਿਣ ਉਤੇ ਸੁਰਿੰਦਰ ਸਿੰਘ ਨਾਮਧਾਰੀ ਨੇ ਉਸਨੂੰ ਭਜਨ ਦਿਤਾ (ਦੀਕਸ਼ਾ)। "ਮਯਾਂਮਾਰ ਮੇਂ ਮੈਂ ਪਹਿਲਾ ਕੂਕਾ ਨਾਮਧਾਰੀ ਹੂੰ।" ਉਸ ਨੇ ਕਿਹਾ। ਉਸ ਨੂੰ ਜਨਮ ਦਿਨ ਦੀਆਂ ਵਧਾਈਆਂ ਦਿਤੀਆਂ ਗਈਆਂ। ਮਾਲਾ ਫੇਰਨ ਦੀ ਜਾਚ ਦੱਸੀ ਗਈ।

ਏਥੇ ਵੀ ਮੋਹਲੇਧਾਰ ਮੀਂਹ ਇੰਜ ਪੈਂਦਾ ਹੈ ਜਿਵੇਂ ਰਾਜਧਾਨੀ ਐਕਸਪ੍ਰੈਸ ਦੀ ਲੰਘਦੀ ਦੀ ਆਵਾਜ਼।

ਦੁਪਹਿਰੇ, ਕਿਉਂਕਿ ਕਾਰ ਇਕੋ ਕੀਤੀ ਸੀ ਸੋ ਜੀਤ, ਮੈਨੂੰ ਤੇ ਲਾਂਗਰੀ ਨੂੰ ਛੱਡ ਕੇ ਬਾਕੀ ਕਮਾਂਡੈਂਟ ਨੂੰ ਮਿਲਣ ਗਏ, ਪਰ ਉਸ ਦੇ ਰੁਝੇਵੇਂ ਕਾਰਨ ਬੇਰੰਗ ਵਾਪਸ ਮੁੜੇ।

ਅਗਲੇ ਦਿਨ ਆਰਾਮ ਨਾਲ ਤਿਆਰ ਹੋਏ। ਹਰਬੰਸ ਨੂੰ ਏਥੇ ਪਹਿਲਾਂ ਉਠਣਾ ਪੈਂਦਾ ਸੀ। ਕਿਉਂਕਿ ਬਿਜਲੀ ਸ਼ਾਮੀਂ ੬ ਵਜੇ ਤੋਂ ਸਵੇਰੇ ਛੇ ਵਜੇ ਤੱਕ ਆਉਂਦੀ ਸੀ ਤੇ ਪ੍ਰਸ਼ਾਦਾ ਪਾਣੀ ਬਿਜਲੀ ਤੇ ਹੀ ਬਣਦਾ ਸੀ।

ਅਗਲੇ ਦਿਨ ਉਕਤ ਟੀਮ ਹੀ ਕਮਾਂਡੈਂਟ ਨੂੰ ਮਿਲਣ ਗਈ ਉਸ ਨਾਲ ਗੱਲ ਨਾ ਹੋਈ ਤਾਂ ਚੇਅਰਮੈਨ ਟਾਊਨਸ਼ਿਪ ਪੀਸ ਐਂਡ ਡਿਵੈਲਪਮੈਂਟ ਕਮੇਟੀ ਨੂੰ ਮਿਲੇ। ਉਸ ਦੀ ਮਦਦ ਨਾਲ ੧੯੦੮, ੧੯੧੧, ੧੯੨੧ ਤੇ ੧੯੩੨ ਦੇ ਨਕਸ਼ੇ ਪ੍ਰਾਪਤ ਕਰਨੇ ਚਾਹੇ, ਦੁਰੈ ਰਾਜ ਹੁਰਾਂ ਗਿਟਮਿਟ ਕਰਕੇ



Sri Satguru Jagjit Singh Ji eLibrary NamdhariElibrary@gmail.com

ਰਿਕਾਰਡ ਰੱਖਣ ਵਾਲਿਆਂ ਤੋਂ ਮਿਹਨਤ ਕਰਵਾ ਕੇ ਨਕਸ਼ੇ ਲੈ ਲਏ। ਮਰਗੋਈ ਟਾਊਨ ਸਰਵੇ ਵਾਲਿਆਂ ੧੯੧੧ ਤੇ ੧੯੨੧ ਦੇ ਨਕਸ਼ੇ ਤਸਦੀਕ ਕਰਕੇ ਦਿੱਤੇ।

ਸਮੇਂ ਦੀ ਵਰਤੋਂ ਕਰਨ ਲਈ ਪੈਗੋਡੇ ਵਲੋਂ ਹੁੰਦੇ ਪੁਰਾਣੀ ਜੇਲ ਵਾਲੀ ਤਾਂ ਬਣੇ ਥਾਣੇ ਪੁਜੇ। ਕਾਰ ਗੇੜਾ ਲਾ ਕੇ ਸਾਨੂੰ ਵੀ ਟਿਕਾਣੇ ਤੋਂ ਲੈ ਗਈ ਸੀ। ਉਥੇ ਚੱਕਰ ਲਾਉਣ ਸਮੇਂ ਪੁਲਿਸ ਅਧਿਕਾਰੀ ਸਾਂ ਲਵਿਨ ਸਾਡੇ ਨਾਲ ਨਾਲ ਰਿਹਾ। ਪੁਰਾਣੀ ਜੇਲ ਦੇ ਖੰਡਰ ਵੇਖੇ ਗਏ। ਚਾਰ ਦੀਵਾਰੀ ਦੀ ਏਥੋਂ ਦੀ ਇੱਟ ਟਾਈਲਾਂ ਵਰਗੀ ਪਤਲੀ ਸੀ। ਇੱਕ ਬੁੱਢਾ ਪੁਰਾਣਾ ਲੰਮਾ ਟੇਢਾ ਰੁੱਖ ਵੀ ਆਪਣੀ ਉਮਰ ਦਾ ਅੰਦਾਜ਼ਾ ਲਾਉਣ ਲਈ ਕਹਿ ਰਿਹਾ ਸੀ। ਅਸਾਂ ਉਸ ਥਾਂ ਦਾ ਅੰਦਾਜ਼ਾ ਲਾ ਲਿਆ ਜਿਥੇ ਜੇਲ੍ਹ ਦੇ ਨਾਲ, ਜੇਲ੍ਹ ਗਾਰਡਨ ਵਿਚ ੩੦ ਫੁਟ ਲੰਮੇ, ੧੫ ਫੁਟ ਚੌੜੇ ਛੱਤੇ ਥਾਂ ਵਿਚ ਸ੍ਰੀ ਸਤਿਗੁਰੂ ਜੀ ਨੂੰ ੧੮੮੦ ਤੋਂ ਰਖਿਆ ਗਿਆ ਸੀ। ਏਥੇ ਅਜੇ ਵੀ ਪੁਲਿਸ ਵਾਲਿਆਂ ਦੇ ਖੋਖਿਆਂ ਵਰਗੇ ਲੱਕੜ ਦੇ, ਧਰਤੀ ਤੋਂ ਉਚੇ ਬਣਾਏ ਘਰ ਹਨ। ਜੇਲ੍ਹ ਦਾ ਰਕਬਾ ੨.੬੫ ਏਕੜ ਹੈ। ਏਥੇ ੧੯੧੦ ਈ. ਤੱਕ ਜੇਲ੍ਹ ਰਹੀ ਪਰ ਉਸ ਉਮਰ ਦਾ ਕੌਣ ਮਿਲਣਾ ਸੀ ਜੋ ਜਾਣਕਾਰੀ ਦੇਂਦਾ। ਹਸਪਤਾਲ ਦੀ ਥਾਂ, ਪਲਾਨਿੰਗ ਵਿਭਾਗ ਦਾ ਦਫਤਰ ਹੈ। ਇਕ ਵਾਰ ਸੜ ਗਿਆ ਸੀ।

ਜੈਟੀ ਤੋਂ ਮੋਟਰ ਬੋਟ ਰਾਹੀਂ ਪਾਣੀ ਨੂੰ ਲਤਾੜਦੇ ਇਕ ਲੇਟਿਆ ਮਹਾਤਮਾ ਬੁੱਧ ਦਾ ਸੁਨਹਿਰੀ ਬੁੱਤ ਵੇਖਿਆ—੧੪੪ ਫੁੱਟ ਲੰਮਾ ੬੫ ਫੁੱਟ ਉੱਚਾ, ਪਰ ਯਾਗੋਂ ਦਾ ਬੁੱਤ ਵੇਖਣ ਵਾਲੇ ਨੂੰ ਇਹ ਪ੍ਰਭਾਵਿਤ ਨਹੀਂ ਕਰਦਾ। ਬੇੜੀ ਉੱਤੇ ਛੋਟਾ ਇੰਜਣ ਲੱਗਾ ਸੀ। ਜਿਸ ਅੱਗੇ ਲੱਗਾ ਪੱਖਾ ਚੱਪੂ ਦਾ ਕੰਮ ਕਰਦਾ ਸੀ।

ਵਾਪਸ ਆ ਕੇ ਇਕੋ ਗੱਡੀ ਹੋਣ ਕਰਕੇ ਦੋ ਕਿਸ਼ਤਾਂ ਵਿਚ ਊ ਪੂ ਹੁਰਾਂ ਘਰ ਪੁਜੇ। ਉਥੇ ਇਕ ਹੋਰ ਬਜ਼ੁਰਗ ਬੈਠਾ ਸੀ, ਗੱਲਾਂਬਾਤਾਂ ਲਈ। ਊ ਪੂ ਹੁਰਾਂ ਦਾ ਜ਼ਗਵਾ ਸੜਕ ਤੇ ਦਫ਼ਤਰ ਸੜਕ ਦੇ ਕੋਨੇ ਉਤੇ ਹੈ। ਮਹੱਲੇ ਦਾ ਨਾਂ ਚੱ ਚੰ ਕੁਆਟਰ ਹੈ। ਉਹਨਾਂ ਨਾਲ ਜਸਵਿੰਦਰ ਸਿੰਘ ਦੀ ਸਾਂਝ ਉਹਨਾਂ ਦੇ ਯਾਂਗੋਂ ਵਸਦੇ ਭਰਾ ਲਾਲ ਚੰਦ ਦੀ ਮਾਰਫਤ ਹੋਈ। ਏਥੇ ਇਕ ਬੋਧੀ ਭਿਕਸ਼ੂ ਨੂੰ ਸੱਦਿਆ ਗਿਆ ਸੀ ਜੋ ੧੯੩੧ ਈ. ਵਿਚ ਪੁਲਿਸ ਵਿਚ ਰਿਹਾ ਸੀ ਪਰ ਉਹ ਸਾਡੀ ਜਾਣਕਾਰੀ ਵਿਚ ਮਹੱਵਤਪੂਰਨ ਵਾਧਾ ਨਾ ਕਰ ਸਕੇ। ਊ ਪੂ ਨੂੰ ਸਤਿਕਾਰ ਨਾਲ ਮਿਲਕੇ ਟਿਕਾਣੇ ਲਾਜ ਪੁਜੇ।

ਕੁਝ ਯਾਦ ਆਉਣ ਉਤੇ ਅਗਲੇ ਦਿਨ ਸੁਰਿੰਦਰ ਸਿੰਘ-ਅਜੀਤ ਸਿੰਘ ਦੀ ਜੋੜੀ ਊ ਪੂ ਤੇ ਜੈ ਕਿਸ਼ਨ ਨੂੰ ਮਿਲਣ ਗਏ। ਉਹਨਾਂ ਆ ਕੇ ਦੱਸਿਆ ਜੈ ਕਿਸ਼ਨ ਘਰ ਆਏ ਇਕ ਵਿਅਕਤੀ ਮਾਰੀਆ ਨੇ ਦਸਿਆ ਕਿ ਉਸ ਦੀ ਪਤਨੀ ਮਾਸ ਮੱਛੀ ਨਹੀਂ ਖਾਂਦੀ, ਭਗਤੀ ਕਰਦੀ ਹੈ। ਉਸ ਨੂੰ ਤੁਹਾਡੇ ਵਰਗੇ ਬਾਣੇ ਦੇ ਵਿਅਕਤੀ ਦੇ ਸੁਪਨ ਦਰਸ਼ਨ ਹੁੰਦੇ ਹਨ। ਜਦ ਉਹਨਾਂ ਦੇ ਘਰ, ਹੋਰ ਜਾਣਕਾਰੀ ਲੈਣ ਲਈ ਗਏ ਤਾਂ ਉਸ ਬੀਬੀ ਨੇ ਕਿਹਾ ਹਾਂ ਹਾਂ, ਇਹਨਾਂ ਵਰਗੇ ਚਿਟੇ ਕਪੜਿਆਂ ਵਾਲੇ ਚਿਟੀ ਲੰਮੀ ਦਾੜ੍ਹੀ ਵਾਲੇ ਸਿਹਤਮੰਦ ਲੰਮੇ ਕੱਦ ਦੇ ਬਜ਼ੁਰਗ ਦੇ ਦਰਸ਼ਨ ਹੁੰਦੇ ਹਨ। ਉਸੇ ਬੀਬੀ ਸੁਭਾ ਲਕਸ਼ਮੀ ਨੇ ਦੱਸਿਆ ਮੇਰੇ ਗੁਰੂ ਭਿਕਸ਼ੂ ਤੇ ਨੇੜੇ ਦੇ ਹੋਰ ਭਗਤੀ ਕਰਨ ਵਾਲੇ ਪਿੰਡ ਦੇ ਲੋਕਾਂ ਨੂੰ ਵੀ ਸੁਪਨੇ ਵਿਚ ਦਰਸ਼ਨ ਹੁੰਦੇ ਹਨ। ਉਹ ਬੀਬੀ ਸਾਈਂ ਬਾਬਾ ਦੀ ਸ਼ਰਧਾਲੂ ਹੈ। ਇਕ ਵਾਰ ਦਰਸ਼ਨ ਕਰਕੇ ਉਹ ਭਿਕਸ਼ੂ ਸਮਝ ਕੇ ਬਿਖਿਆ ਦੇਣ ਗਈ ਤਾਂ ਉਹਨਾਂ ਸਾਈਂ ਬਾਬਾ ਦਾ ਰੂਪ ਧਾਰ ਲਿਆ। ਬੀਬੀ ੪੦-੪੫ ਸਾਲਾਂ ਦੀ ਤੈਲਗੂ ਭਾਸ਼ੀ ਹੈ, ਆਂਧਰਾ ਪ੍ਰਦੇਸਣ। ਭਲਾ ਇੰਜ ਦਰਸ਼ਨ ਦੇਣ ਵਾਲੇ ਸਤਿਗੁਰੂ ਰਾਮ ਸਿੰਘ ਤੋਂ ਬਿਨਾ ਕੌਣ ਹੋ ਸਕਦੇ ਹਨ।

ਅੱਜ ਹਵਾਈ ਜਹਾਜ਼ ਤੇ ਚੜ੍ਹਨਾ ਸੀ, ਸੋ ਸਮਾਨ ਸੰਭਾਲ ਕੇ ਹਵਾਈ ਅੱਡੇ ਪੁੱਜੇ। ਬੋਰਡਿੰਗ ਪਾਸ ਤੇ ਲਿਖਿਆ ਸੀ ਮਯਾਂਮਾਰ ਆਓ-੧੯੯੬। ਵੇਟਿੰਗ ਰੂਪ ਵਿਚ ਦੋ ਥਾਈਂ ਚੈਕਿੰਗ ਕਰਵਾ ਕੇ ਬੈਂਚਾਂ ਤੇ ਬੈਠੇ ਜਹਾਜ਼ ਉਡੀਕਣ ਲਗੇ। ਜਹਾਜ਼ ਆਉਣ ਉਤੇ ਸਕੂਲ ਦੀ ਘੰਟੀ ਵਾਂਗ ਘੰਟੀ ਵੱਜੀ। ਜਹਾਜ਼ ਉਤਰਿਆ, ਉਸ ਵਿਚ ਹੀ ਬਣੀ ਪੌੜੀ ਖੁੱਲ੍ਹੀ ਜੋ ਧਰਤੀ ਨਾਲ ਲਗ ਗਈ। ਆਈਆਂ ਸਵਾਰੀਆਂ ਉਤਾਰ ਕੇ ਸਾਨੂੰ ਚੜ੍ਹਾ ਕੇ ੮੫ ਸੀਟਾਂ ਵਾਲਾ ਮਯਾਂਮਾਰ ਏਅਰਵੇਜ਼ ਦਾ ਜਹਾਜ਼ ੫ ਵਜੇ ਯਾਂਗੋਂ ਪੁਜਾ ਤੇ ਅਸੀਂ ਟਿਕਾਣੇ ਲੱਗੇ।

ਅੱਜ ਸਾਨੂੰ ਆਪਣੀ ਸਿਆਣਪ ਤੇ ਮਾਲਕਾਂ ਦੇ ਫਿਕਰ ਦਾ ਅਹਿਸਾਸ ਹੋਇਆ। ਅਸੀਂ ਬੈਂਕਾਕ ਤੋਂ ਤੁਰਨ ਲਗਿਆ ਸ੍ਰੀ ਸਤਿਗੁਰੂ ਜੀ ਦੇ ਨਿਜੀ ਸੇਵਕ ਰਛਪਾਲ ਸਿੰਘ ਹੁਰਾਂ ਨੂੰ ਸੁਰਜੀਤ ਸਿੰਘ ਜੀਤ ਹੁਰਾਂ ਦਾ ਮੋਬਾਇਲ ਫੋਨ ਦਾ ਨੰਬਰ ਦੇ ਆਏ ਸਾਂ। ਪਰ ਉਹ ਫੋਨ ਮਯਾਂਮਾਰ ਵਿਚ, ਤਕਨੀਕੀ ਕਾਰਨਾਂ ਕਰਕੇ, ਕੰਮ ਨਹੀਂ ਸੀ ਕਰਦਾ ਅਤੇ ਅਸਾਂ ਬੈਂਕਾਕ ਕਿਸੇ ਨੂੰ ਵੀ ਆਪਣੇ ਹੋਟਲ ਦਾ ਟੈਲੀਫੋਨ ਨੰਬਰ ਨਹੀਂ ਸੀ ਦੱਸਿਆ। ਸੋ ਸਾਡੇ ਨਾਲ ਸੰਪਰਕ ਕਰਨ ਦਾ ਕਿਸੇ ਕੋਲ ਕੋਈ ਸਾਧਨ ਨਹੀਂ। ਫਿਰ ਵੀ ਬੈਂਕਾਕ ਤੋਂ ਫੋਨ ਆ ਗਿਆ।



Sri Satguru Jagjit Singh Ji eLibrary NamdhariElibrary@gmail.com

ਸਾਨੂੰ ਦਸਿਆ ਗਿਆ ਸਤਿਗੁਰੂ ਸੱਚੇ ਪਾਤਸ਼ਾਹ ਜੀ ਸਾਡੇ ਰਾਹੀਂ ਕੀਤੇ ਜਾ ਰਹੇ ਕੰਮ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਉਤਸੁਕ ਸਨ। ਆਪ ਜੀ ਨੇ ਅਮਰੀਕਾ ਤੋਂ ਬੈਂਕਾਕ ਫੋਨ ਕਰਕੇ ਸਾਡੀ ਉਹਨਾਂ ਆਪ ਜੀ ਨਾਲ ਗੱਲ ਕਰਾਉਣ ਦਾ ਹੁਕਮ ਕੀਤਾ ਸੀ।

ਬੈਂਕਾਕ ਸੰਤ ਹਰਪਾਲ ਸਿੰਘ ਹੁਰਾਂ ਕੋਲ ਯਾਂਗੋਂ ਗੁਰਦੁਆਰੇ ਦੇ ਸਾਬਕਾ ਪ੍ਰਧਾਨ ਸਿਡਨੀ ਸਿੰਘ ਹੁਰਾਂ ਦੇ ਘਰ ਦਾ ਫੋਨ ਨੰਬਰ ਹੈ ਸੀ। ਉਹਨਾਂ ਨੇ ਉਹਨਾਂ ਨੂੰ ਫੋਨ ਕਰਕੇ, ਸਾਨੂੰ ਭਾਲਣ ਲਈ ਕਿਹਾ। ਸਿਡਨੀ ਸਿੰਘ ਹੁਰਾਂ ਡਾ. ਇੰਦਰਜੀਤ ਕੌਰ ਨੂੰ ਪੁਛਿਆ। ਡਾਕਟਰ ਸਾਹਿਬ ਨੂੰ ਪਤਾ ਸੀ ਕਿ ਅਸੀਂ ਮਨੋਚਾ ਹੁਰਾਂ ਕੋਲ ਠਹਿਰੇ ਹਾਂ ਜੋ ਉਹਨਾਂ ਦੀ ਭਰਜਾਈ ਦਾ ਭਰਾ ਹੈ। ਸੋ ਇੰਜ ਸਾਡਾ ਫੋਨ ਨੰਬਰ ਮਨੋਚਾ-ਡਾਕਟਰ ਇੰਦਰਜੀਤ ਕੌਰ-ਸਿਡਨੀ ਸਿੰਘ ਰਾਹੀਂ ਹਰਪਾਲ ਸਿੰਘ ਹੁਰਾਂ ਕੋਲੋਂ, ਸੱਚੇ ਪਾਤਸ਼ਾਹ ਤੱਕ ਪੁਹੰਚਿਆ। ਅਮਰੀਕਾ ਤੋਂ ਸਿਧੀ ਗੱਲ ਵੀ ਤਕਨੀਕੀ ਖ਼ਰਾਬੀ ਕਾਰਨ ਨਾ ਹੋ ਸਕੀ। ਸੋ ਬੈਂਕਾਕ ਤੋਂ ਇਕ ਬੀਬੀ ਨੇ ਕਾਨਫਰੰਸ ਕਰਾਈ। ਸੱਚੇ ਪਾਤਸ਼ਾਹ ਜੀ ਨੂੰ ਅੱਜ ਤੱਕ ਦੀ ਕਾਰਵਾਈ ਦੀ ਰੂਪ ਰੇਖਾ ਅਰਜ਼ ਕੀਤੀ ਗਈ। ਹੋਈ ਭੁਲ ਦੀ ਖਿਮਾ ਮੰਗੀ ਗਈ ਤੇ ਸਫਲਤਾ ਲਈ ਬਖ਼ਸ਼ਿਸ਼ ਲਈ ਅਰਜ਼ ਕੀਤੀ ਗਈ। ਆਪ ਜੀ ਨੇ ਬਚਨ ਕੀਤਾ, "ਸਵੇਰੇ ਨਿਤਨੇਮ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਕਾਮਯਾਬੀ ਲਈ ਅਰਦਾਸ ਕਰੋ।" ਅਗਲੇ ਦਿਨ ਤੋਂ ਇੰਜ ਹੀ ਹੋਇਆ।

੧੯ ਜੂਨ ਸੋਮਵਾਰ ਦੂਤਾਵਾਸ ਵਲੋਂ ਹੋ ਕੇ, ਸ੍ਰੀਮਤੀ ਤੋਮਰ ਦੀ ਅਗਵਾਈ ਹੇਠ ਉਪਗ੍ਰਹਿ ਮੰਤਰੀ ਬ੍ਰਿਗੇਡੀਅਰ ਜਨਰਲ (ਤੂ ਰਾ ਮਿਆਂ ਮੌਂ) ਨਾਲ ਮੀਟਿੰਗ ਲਈ ਉਸ ਦੇ ਦਫ਼ਤਰ ਪੁੱਜੇ। ਉਹਨਾਂ ਸਾਡੇ ਪ੍ਰਤੀ ਆਪਣੀ ਧਾਰਮਿਕ ਭਾਵਨਾ ਵਿਅਕਤ ਕੀਤੀ, ਮਯਾਂਮਾਰ ਦੇ ਸਾਡੇ ਲਈ ਇਤਿਹਾਸਿਕ ਮਹੱਤਵ ਨੂੰ ਮੰਨਿਆ ਤੇ ਦਸਤਾਵੇਜ਼ੀ ਸਬੂਤ ਸਾਂਝੇ ਕੀਤੇ।

ਉਹਨਾਂ ਸਾਡੇ ਮਯਾਂਮਾਰ ਆਉਣ ਦਾ ਧੰਨਵਾਦ ਕੀਤਾ ਤੇ ਕਿਹਾ ਉਹਨਾਂ ਨੂੰ ਮਾਣ ਹੈ। ਜਿਸ ਤਰ੍ਹਾਂ ਭਾਰਤ ਭੂਮੀ ਤੋਂ ਸੁਤੰਤਰਤਾ ਸੰਗਰਾਮ ਲੜਿਆ ਗਿਆ ਉਸ ਦਾ ਉਹਨਾਂ ਨੂੰ ਗਰਵ ਹੈ। ਵਿਦੇਸ਼ ਮੰਤਰਾਲੇ ਨੇ ਸਾਨੂੰ ਸਹਿਯੋਗ ਦਿੱਤਾ ਸੀ। ਸ੍ਰੀ ਮਿਆਂ ਅਨੁਸਾਰ ਭਾਰਤ ਤੇ ਬਰ੍ਹਮਾ ਵਿਚ ਅੰਗਰੇਜ਼ ਸਾਮਰਾਜ ਦਾ ਬੋਲ-ਬਾਲਾ ਸੀ। ਸੋ ਉਹ ਇਕ ਦੇਸ਼ ਦੇ ਕ੍ਰਾਂਤੀਕਾਰੀ ਦੂਜੇ ਵਿਚ ਤੇ ਦੂਜੇ ਦੇ ਪਹਿਲੇ ਵਿਚ ਲੈ ਕੇ ਆਉਂਦੇ ਸਨ। ਪਰ ਮੰਤਰੀ ਨੇ ਮਜ਼ਬੂਰੀ ਪ੍ਰਗਟ ਕਰਦਿਆਂ ਕਿਹਾ ਕਿ ਉਹਨਾਂ ਕੋਲ ੧੯੩੭ ਤੋਂ ਪਹਿਲਾਂ ਦੇ ਰਿਕਾਰਡ ਘੱਟ ਮਿਲਦੇ ਹਨ। ਸ਼ਾਇਦ ਭਾਰਤ ਵਿਚ ਵਧ ਹੋਣ।

ਉਹਨਾਂ ਕਿਹਾ ਮੈਨੂੰ ਪਤਾ ਹੈ ਗੁਰੂ ਰਾਮ ਸਿੰਘ ਕ੍ਰਾਂਤੀਕਾਰੀ ਸਨ। ਉਹ ਸਾਡੇ ਸਭਨਾਂ ਦੀ ਅਜ਼ਾਦੀ ਲਈ ਲੜੇ। ਉਹਨਾਂ ਦਾ ਸਾਡੇ ਦਿਲਾਂ ਵਿਚ ਸਤਿਕਾਰ ਹੈ। ਅੰਗਰੇਜ਼ ਉਹਨਾਂ ਨੂੰ ਏਥੇ ਲੈ ਆਏ ਜਲਾਵਤਨ ਕਰਕੇ। ਸਾਡੇ ਬੋਧੀਆਂ ਨੇ ਉਦੋਂ ਵੀ ਜਿੰਨੀ ਹੋ ਸਕੀ ਉਹਨਾਂ ਦੀ ਮਦਦ ਕੀਤੀ। ਉਹਨਾਂ ਨੇ ਸਾਡੇ ਰਾਜੇ ਥਿਬੂ ਦੀ ਮਦਦ ਕੀਤੀ। ਇਹ ਸਹਾਇਤਾ ਅੰਗਰੇਜ਼ਾਂ ਨੂੰ ਖਟਕਦੀ ਸੀ। ਉਹ ਏਥੇ ਚੜ੍ਹਾਈ ਕਰ ਗਏ ਜਾਂ ਨਹੀਂ ਅਸੀਂ ਪੱਕਾ ਨਹੀਂ ਕਹਿ ਸਕਦੇ। ਸਾਡੇ ਅਧਿਐਨ ਤੋਂ ਪਤਾ ਲੱਗਾ ਕਿ ਅੰਗਰੇਜ਼ਾਂ ਨੇ ਉਲਟ ਲਿਖਿਆ ਹੈ। ਜੋ ਅਸੀਂ ਅੱਖਾਂ ਨਾਲ ਵੇਖਿਆ ਉਸ ਤੋਂ ਵੀ ਉਲਟ ਲਿਖਿਆ। ਅਸੀਂ ਗੁਰੂ ਰਾਮ ਸਿੰਘ ਦਾ ਉਦੋਂ ਤੋਂ ਆਦਰ ਕਰਦੇ ਹਾਂ। ਅਸੀਂ ਤੁਹਾਨੂੰ ਹਰ ਮਦਦ ਦੇਣ ਲਈ ਤਿਆਰ ਹਾਂ। ਉਂਜ ਅੰਗਰੇਜ਼ਾਂ ਨੇ ਸਾਡਾ ਰਿਕਾਰਡ ਤਬਾਹ ਕਰ ਦਿੱਤਾ ਹੈ।"

ਇੰਜ ਲਗਦਾ ਸੀ ਜਿਵੇਂ ਉਹਨਾਂ ਨੂੰ ਸਤਿਗੁਰੂ ਜੀ ਬਾਰੇ ਤੇ ਸਾਡੀਆਂ ਪਿਛਲੇ ਦਿਨੀਂ ਹੋਈਆਂ ਮੀਟਿੰਗਾਂ ਦੀ ਰਿਪੋਰਟ ਪਹੁੰਚ ਚੁੱਕੀ ਸੀ। ਅਸਾਂ ਵੀ ਅੱਜ ਤੱਕ ਮਿਲੀ ਸਹਾਇਤਾ, ਮਯਾਂਮਾਰ ਅਧਿਕਾਰੀਆਂ ਦੇ ਸਹਿਯੋਗੀ ਨਜ਼ਰੀਏ ਦਾ ਧੰਨਵਾਦ ਕੀਤਾ। ਅਸਾਂ ਕੁਝ ਹੋਰ ਤਸਵੀਰਾਂ ਤੇ ਦਸਤਾਵੇਜ਼ਾਂ ਤੇ ਤਸਵੀਰਾਂ ਦੀ ਆਸ ਕੀਤੀ। ਉਹਨਾਂ ਅਧਿਕਾਰੀਆਂ ਨੂੰ ਖੋਜ ਪੜਤਾਲ ਕਰਨ ਲਈ ਕਿਹਾ। ਸਾਡੀ ਗੱਲ ਬਾਤ ਦਾ ਮਯਾਂਮਾਰ ਤੋਂ ਹਿੰਦੀ ਤੇ ਹਿੰਦੀ ਤੋਂ ਮਯਾਂਮਾਰ ਵਿਚ ਅਨੁਵਾਦ ਕਰਨ ਲਈ ਦੁਰੈ ਰਾਜ ਨੇ ਕੁਸ਼ਲ ਦੁਭਾਸ਼ੀਏ ਵਾਂਗ ਕਾਰਜ ਕੀਤਾ।

ਉਥੋਂ ਉਠ ਕੇ ਰਾਜਦੂਤ ਨੂੰ ਮਿਲਕੇ ਮੀਟਿੰਗਾਂ ਦਾ ਵੇਰਵਾ ਦਿੱਤਾ। ਸਾਡੀ ਸ੍ਰੀ ਸਤਿਗੁਰੂ ਜੀ ਨੂੰ ਰਖੇ ਜਾਣ ਵਾਲੀ ਥਾਂ ਖ਼ਰੀਦ ਲੈਣ ਦੀ ਭਾਵਨਾ ਨੂੰ ਸਮਝ ਕੇ ਉਹਨਾਂ ਕਿਹਾ ਕਿ ਧਾਰਮਿਕ ਥਾਂ ਬਣਾਉਣ ਦੀ ਥਾਂ ਲੋਕ ਭਲਾਈ ਲਈ ਕੋਈ ਥਾਂ ਬਣਾਉਣ ਦੀ ਗੱਲ ਤੋਰੀ ਜਾ ਸਕਦੀ ਹੈ।

ਪਿਛਲੇ ਪਹਿਰ ਯੂਨੀਵਰਸਿਟੀ ਇਤਿਹਾਸਿਕ ਖੋਜ ਸੈਂਟਰ ਯਾਗੋਂ ਯੂਨੀਵਰਸਿਟੀ ਵਿਚ ਵਿਦਵਾਨਾਂ ਦੀ ਇਕੱਤਰਤਾ ਸੀ। ਜਾਂਦਿਆਂ ਰਾਹ ਵਿਚ ਚੌਕ ਵਿਚ ਲੱਗਾ ਸੁਨਹਿਰੀ ਭਾਹ ਮਾਰਦਾ ਊ ਵਿਸਾਰਾ ਦਾ ਬੁਤ ਲਗਾ ਵੇਖਿਆ, ਇਹ ਮਹਾਂ ਪੁਰਸ਼ ਅੰਗਰੇਜ਼


Sri Satguru Jagjit Singh Ji eLibrary NamdhariElibrary@gmail.com

ਰਾਜ ਵਿਰੁੱਧ ਮਰਨ ਵਰਤ ਰਖ ਕੇ ਸ਼ਹੀਦ ਹੋ ਗਿਆ ਸੀ।

ਸੈਂਟਰ ਦੀ ਬੈਠਕ ਡਿਪਟੀ ਡਾਇਰੈਕਟਰ ਜਨਰਲ ਊ ਤੇਂਈ ਹਲੈਂ ਦੀ ਅਗਵਾਈ ਹੇਠ ਹੋਈ। ਇਸ ਵਿਚ ਡਾਇਰੈਕਟਰ ਊ ਮਿਆ ਹਾਂ ਇਤਿਹਾਸ ਵਿਭਾਗ਼ ਦੇ ਪ੍ਰੋਫੈਸਰ ਊ ਚੱ ਵਿਨ ਆਦਿ ਵਿਦਵਾਨ ਤੇ ਖੋਜੀ ਹਾਜ਼ਰ ਸਨ।

ਦੋਹਾਂ ਦੇਸਾਂ ਦੇ ਆਜ਼ਾਦੀ ਦੇ ਇਤਿਹਾਸ ਉਤੇ ਚਰਚਾ ਹੋਈ। ਸਾਡੇ ਵਲੋਂ ਸਤਿਗੁਰੂ ਰਾਮ ਸਿੰਘ ਦੇ ਸਿਖਿਆ ਸਿਧਾਂਤ ਬਾਰੇ ਤਾਰਾ ਸਿੰਘ ਅਨਜਾਣ, ਸਮਾਜਕ ਪੱਖ ਬਾਰੇ ਸੁਰਜੀਤ ਸਿੰਘ ਜੀਤ ਅਤੇ ਰਾਜਨੀਤਕ ਪੱਖ ਬਾਰੇ ਜਸਵਿੰਦਰ ਸਿੰਘ ਨੇ ਚਰਚਾ ਵਿਚ ਹਿੱਸਾ ਲਿਆ। ਇਹ ਵੀ ਗੱਲ ਸਾਹਮਣੇ ਆਈ ਕਿ ਕੁਝ ਰਿਕਾਰਡ ਪੀਨਾਂਗ (ਮਲਾਏਸ਼ੀਆ) ਜਾਂ ਪੋਰਟ ਬਲੇਅਰ ਭਾਰਤ ਵਿਚ ਹੋ ਸਕਦਾ ਹੈ। ਅਸਾਂ ਪੇਸ਼ਕਸ਼ ਕੀਤੀ ਕਿ ਮਯਾਂਮਾਰ ਸੁਤੰਤਰਤਾ ਅੰਦੋਲਨ ਬਾਰੇ ਕੋਈ ਦਸਤਾਵੇਜ਼ ਭਾਰਤ ਵਿਚੋਂ ਜਾਂ ਯੂ.ਕੇ. ਵਿਚੋਂ ਚਾਹੀਦਾ ਹੋਵੇ ਤਾਂ ਸਾਡੇ ਖੋਜੀ ਵਿਦਵਾਨ ਮਦਦ ਕਰ ਸਕਦੇ ਹਨ। ਉਹਨਾਂ ਇਸ ਪੇਸ਼ਕਸ਼ ਨੂੰ ਖੁਸ਼ੀ ਖੁਸ਼ੀ ਪ੍ਰਵਾਨ ਕੀਤਾ ਅਤੇ ਸਾਡੇ ਪਤੇ ਨੋਟ ਕੀਤੇ।

ਰਾਤੀਂ ਉਕਤ ਤਿਨੇ ਚਰਚਾ ਕਰਨ ਵਾਲੇ ਸ. ਤੇਜਾ ਸਿੰਘ ਅਤੇ ਸ. ਸਿਡਨੀ ਸਿੰਘ ਨੇ ਪਰਵਾਰ ਨੂੰ ਮਿਲਕੇ ਖੁਸ਼ੀਆਂ ਤੇ ਸਤਿਕਾਰ ਵਧਾ ਕੇ ਪਰਤੇ। ਸ. ਤੇਜਾ ਸਿੰਘ ਦੇ ਲੜਕੇ ਵੱਸਦੇ ਮੀਂਹ ਵਿਚ ਸਾਨੂੰ ਵਾਪਸ ਛੱਡਣ ਆਏ।

੨੦ ਜੂਨ ਮੰਗਲਵਾਰ ਸਵੇਰੇ ਆਪਣੀ ਸਵਾਰੀ ਉਤੇ ਮੌਲਮੀਨ ਦੇ ਰਾਹ ਪਏ। ੩੦੦ ਕੁ ਕਿਲੋਮੀਟਰ ਦੇ ਸਫ਼ਰ ਵਿਚ, ੧੨ ਕੁ ਥਾਈਂ ਚੁੰਗੀ ਭਰਨੀ ਪਈ। ਉਹ ਵੀ ਕਈ ਥਾਂਈਂ ਭਾਰਤ ਦੇ ਦੋ ਕੁ ਰੁਪਏ ਦੇ ਬਰਾਬਰ ਸੀ। ਰਾਹ ਵਿਚ ਵੱਡੇ ਸ਼ਹਿਰ ਆਏ। ਮੌਲਮੀਨ ਪੁੱਜ ਕੇ ਪਹਿਲਾਂ ਸੁਰਿੰਦਰ ਸਿੰਘ ਨੂੰ ਮਿਲੇ। ਉਹ ਸ੍ਰੀ ਭੈਣੀ ਸਾਹਿਬ ਹੋ ਆਇਆ ਸੀ। ਭਜਨ ਉਸਨੂੰ ਪੰਡਤ ਗੋਪਾਲ ਸਿੰਘ ਹੁਰਾਂ ਦਿੱਤਾ ਸੀ। ਉਹ ਐਮ.ਐਸ.ਸੀ. ਹੈ, ਪਰ ਆਪਣੀ ਦੁਕਾਨ ਕਰਦਾ ਹੈ। ਉਹ ਸਤਿਗੁਰੂ ਰਾਮ ਸਿੰਘ ਜੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਬੰਧੀ ਲੇਖ ਲਿਖ ਕੇ ਮਯਾਂਮਾਰ ਭਾਸ਼ਾ ਵਿਚ ਛਪਵਾ ਚੁੱਕਾ ਹੈ। ਉਸ ਨੇ ਸਸਤੇ ਤੇ ਵਧੀਆ ਹੋਟਲ ਵਿਚ ਸਾਡੀ ਰਿਹਾਇਸ਼ ਦਾ ਪ੍ਰਬੰਧ ਕੀਤਾ। ਹੋਟਲ ਦਾ ਨਾਂ ਵੀ ਸਾਹਮਣੇ ਵਗਦੇ ਦਰਿਆ ਦੇ ਨਾਂ ਉਤੇ ਤਾਨ ਲਵਿਨ ਹੋਟਲ ਹੈ।

ਉਸ ਨੇ ਦੱਸਿਆ ਇਹ ਮਯਾਂਮਾਰ ਦਾ ਯਾਗੋਂ, ਮਾਂਡਲੇ ਤੋਂ ਬਾਅਦ ਤੀਜਾ ਵੱਡਾ ਸ਼ਹਿਰ ਹੈ। ਇਥੋਂ ਦੀ ਆਬਾਦੀ ੩ ਕੁ ਲੱਖ ਹੈ। ਏਥੇ ਬਿਜਲੀ ਦੀ ਸਮੱਸਿਆ ਹੈ। ਮਹੀਨੇ ਵਿਚ ਤਿੰਨ ਦਿਨ ਬਿਜਲੀ ਆਉਂਦੀ ਹੈ। ਉਸ ਦੇ ਘਰ ਅਗੇ ਸੜਕੋਂ ਪਾਰ ਵਗਦੇ ਦਰਿਆ ਕੰਢੇ ਜੈਟੀਆਂ ਹਨ। ਪਾਣੀ ਦੀ ਡੂੰਘਾਈ ਇਕ ਮੀਲ ਦੱਸੀ ਜਾਂਦੀ ਹੈ। ਏਥੋਂ ਦਾ ਰੇਲਵੇ ਸਟੇਸ਼ਨ ਸਾਹਮਣੇ ਟਾਪੂ ਉਤੇ ਹੈ ਜਿਥੋਂ ਸਟੀਮਰਾਂ ਰਾਹੀਂ ਸਮਾਨ ਲੈ ਕੇ ਸਵਾਰੀਆਂ ਏਥੇ ਪੁਜਦੀਆਂ ਹਨ।

ਸਾਨੂੰ ਉਥੇ ਦਾ ਅਧੀ ਪੌਣੀ ਸਦੀ ਪੁਰਾਣਾ ਗੁਰਦੁਆਰਾ ਵਿਖਾਇਆ ਗਿਆ ਜੋ ਪੰਜਾਬੀਆਂ ਦੇ ੩ ਪਰਿਵਾਰ ਹੋਣ ਕਰਕੇ ਸ਼ਾਨਦਾਰ ਨਹੀਂ ਸੀ ਕਿਹਾ। ਸਾਹਮਣੇ ਕਾਂ-ਟਾਪੂ ਹੈ। ਸਟੇਸ਼ਨ ਤੇ ਕਾਂ ਟਾਪੂ ਨੂੰ ਜੋੜਨ ਲਈ ਸਮੁੰਦਰ ਵਿਚ ਡਿਗਦੇ ਸਮੁੰਦਰ ਵਰਗੇ ਚੌੜੇ ਦਰਿਆ ਉਤੇ ਪੁਲ ਬਣਾਉਣ ਦੀ ਯੋਜਨਾ ਹੈ। ਅਸੀਂ ਲਿਫਟ ਰਾਹੀਂ ਚੜ੍ਹ ਕੇ (ਚੈਕ ਥਲਾਂ) ਬੋਧੀ ਮਠ ਵੇਖਿਆ ਜਿਸ ਵਿਚ ਸਥਾਪਤ ਵੱਡੀਆਂ ਛੋਟੀਆਂ ਮਹਾਤਮਾ ਬੁੱਧ ਦੀਆਂ ਮੂਰਤੀਆਂ ਉਤੇ ਪ੍ਰਭਾਵਸ਼ਾਲੀ ਰੋਸ਼ਨੀ ਕਰਨ ਲਈ ਸੌ ਚੈਟ ਦਿੱਤੇ ਗਏ।

ਦੁਰੈ ਰਾਜ ਨੇ ਮਿਹਨਤ ਕਰਕੇ ਅਗਲੇ ਦਿਨ ਸਵੇਰੇ ਡਾਇਰੈਕਟਰ ਜੇਲ੍ਹ ਨੂੰ ਮਿਲਣ ਦਾ ਸਮਾਂ ਲਿਆ।

ਡਾਇਰੈਕਟਰ ਜੇਲ੍ਹ, ਮੌਲਮੀਨ ਦਾ ਜੰਮਪਲ ਤੇ ਸ਼ਾਕਾਹਾਰੀ ਹੈ। ਮੀਟਿੰਗ ਸੁਹਿਰਦਤਾ ਪੂਰਨ ਵਾਤਾਵਰਨ ਵਿਚ ਹੋਈ। ਉਸ ਨੇ ਅਫਸੋਸ ਨਾਲ ਕਿਹਾ ਕਿ ਉਸ ਕੋਲ ਪੁਰਾਣਾ ਕੋਈ ਰਿਕਾਰਡ ਨਹੀਂ ਹੈ। ਅਸੀਂ ਜਦੋਂ ਸੁਰਜੀਤ ਸਿੰਘ ਜੀਤ ਦਾ ਇੰਗਲੈਂਡ ਤੋਂ ਲਿਆਂਦਾ ਪੁਰਾਣੀ ਜੇਲ੍ਹ ਦਾ ੧੮੮੫ ਦਾ ਨਕਸ਼ਾ ਵਿਖਾਇਆ ਤਾਂ ਉਹ ਤੇ ਉਸ ਦੇ ਸਾਥੀ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੂੰ ਦੱਸਿਆ ਗਿਆ ਕਿ ਏਥੇ ਸਤਿਗੁਰੂ ਰਾਮ ਸਿੰਘ ਜੀ ਦੇ ਤਿੰਨ ਸੂਬੇ ਚੌਟਾਨ ਆਊਟ ਪੋਸਟ ਜੇਲ੍ਹ ਵਿਚ ਰੱਖੇ ਗਏ ਸਨ। ਉਹ ਸੂਬੇ ਲੱਖਾ ਸਿੰਘ, ਜਵਾਹਰ ਸਿੰਘ, ਬਰ੍ਹਮਾ ਸਿੰਘ ਸਨ। ਉਸ ਜੇਲ ਬਾਰੇ ਦੱਸੇ ਤਾਂ ਉਸ ਨੇ ਉਸ ਜੇਲ੍ਹ ਨੂੰ ਨਾ ਜਾਣਦਾ ਹੋਣ ਦੀ ਮਜਬੂਰੀ ਦੱਸੀ। ਪਰ ਇਕ ਹੋਰ ਸ਼ਹਿਰ ਅਧਿਕਾਰੀ ਕੋਲੋਂ ਉਹ ਥਾਂ ਲੱਭਣ ਦੀ ਇਜਾਜ਼ਤ ਲੈ ਦਿੱਤੀ। ਨਾਲ ਹੀ ਨਾਜ਼ਕ ਥਾਵਾਂ ਦੀ ਫੋਟੋ ਖਿਚਣ ਦੀ ਮਨਾਹੀ ਕੀਤੀ।

ਨਵੀਂ ਜੇਲ੍ਹ ੧੯੦੯ ਵਿਚ ਬਣੀ ਸੀ। ਡਾਇਰੈਕਟਰ ਨੇ ਹੋਰ ਅਫਸਰਾਂ ਨਾਲ ਸਾਡਾ ਪੁਰਾਣੀ ਜੇਲ੍ਹ ਦਾ ਚੱਕਰ ਲੁਆਇਆ ਤੇ ਉਸ ਉਚਾਈ ਉਤੇ ਲੈ ਗਏ ਜਿਥੇ ੧੮੮੫ ਵਿਚ ਤਸਵੀਰ ਲਾਹੀ ਗਈ। ਉਸ ਨੇ ਦਰਿਆਓਂ ਪਾਰ ਟਾਪੂ ਦੀਆਂ ਉੱਚੀਆਂ ਨੀਵੀਆਂ ਚੋਟੀਆਂ ਨਾਲ ਨਕਸ਼ਾ ਮੇਲਿਆ। ਅੱਜ ਜੀਤ ਹੁਰਾਂ ਦੀ ਮਿਹਨਤ ਦੀ ਕਦਰਦਾਨੀ ਦਾ ਦਿਨ ਸੀ। ਏਥੇ ਹੀ ਸਾਨੂੰ ਰਾਜਾ ਥਿਬੂ ਦੀ ਚੌਥੀ ਲੜਕੀ ਦਾ ਮਕਬਰਾ ਵਿਖਾਇਆ ਗਿਆ।



Sri Satguru Jagjit Singh Ji eLibrary NamdhariElibrary@gmail.com

ਚੌਂਟਾਨ ਜੇਲ੍ਹ ਜਾਣ ਲਈ ਅਸਾਂ ਸੁਰਿੰਦਰ ਸਿੰਘ ਦਾ ਸਾਥ ਮੰਗਿਆ ਤਾਂ ਉਹਨਾਂ ਕਿਹਾ ਕਿ ਇੰਟੈਲੀਜੈਂਸ ਵਾਲੇ ਖ਼ਾਸ ਪੁੱਛ ਪੜਤਾਲ ਕਰ ਰਹੇ ਹਨ ਸੋ ਅਸੀਂ ਆਪੇ ਚਲੇ ਜਾਈਏ। ਅਸੀਂ ਪੁਛਦੇ ਪੁਛਾਉਂਦੇ ਸਥਾਨਕ ਰੇਲਵੇ ਸਟੇਸ਼ਨ ਤੇ ਨੇਵੀ ਦੇ ਇਲਾਕੇ ਕੋਲੋਂ ਲੰਘ ਕੇ ਇਕ ਦੋ ਸਥਾਨਕ ਬੰਦਿਆਂ ਨੂੰ ਨਾਲ ਲੈ ਕੇ ੮੫-੯੦ ਸਾਲ ਦੀ ਔਰਤ ਦੇ ਦਸਣ ਮੁਤਾਬਕ ਇਕ ਹਨੂੰਮਾਨ ਮੰਦਰ ਵਿਚ ਪੁਜੇ, ਜਿਥੋਂ ੭੦ ਸਾਲ ਦਾ ਪੁਜਾਰੀ ਨਰਾਇਣ ਦਤ ਸਪੁੱਤਰ ਰਾਮ ਅਵਧ, ਫੈਜਾਬਾਦ ਯੂ.ਪੀ. ਦਾ ਸੀ। ਮੰਦਿਰ ਸੌ ਸਾਲ ਪੁਰਾਣਾ ਸੀ, ਪਰ ਦੱਖਣੀ ਭਾਰਤ ਦੀ ਹਿੰਦੂ ਵਸੋਂ ਦੇ ਹਨੂੰਮਾਨ ਭਗਤ ਹੋਣ ਕਰਕੇ ਉਸਦਾ ਗੁਜ਼ਾਰਾ ਔਖਾ ਹੁੰਦਾ ਸੀ। ਉਸ ਨੂੰ ਨਾਲ ਲੈ ਕੇ, ਲਾਈਨਾਂ ਪਾਰ ਕਰਕੇ ਉਸ ਥਾਂ ਗਏ ਜਿਥੇ ਮੌਨੈਸਟਰੀ ਸੀ ਜਿਸ ਦਾ ਨਾਂ ਹੀ ਜੇਲ੍ਹ ਮੌਨੈਸਟਰੀ ਸੀ। ਇਹ ਬੋਧੀ ਮਠ ਸੀ ਜਿਥੇ ਪੜ੍ਹਾਇਆ ਵੀ ਜਾਂਦਾ ਸੀ। ਇਸ ਦਾ ਸਥਾਨਕ ਨਾਂ ਖੇਮਾ ਤੀਵਾਂ ਚੌਂ ਹੈ। ਅਸੀਂ ਓਥੇ ਮੂਪੌਨ, ਤਾਏਕੋਨ ਤੇ ਚੌਂਤਾਨ ਪਿੰਡ ਲੰਘ ਕੇ ਪੁਜੇ ਸਾਂ। ਬੋਧੀ ਭਿਕਸ਼ੂ ਨੇ ਇਸ ਦਾ ਜੇਲ੍ਹ ਹੋਣਾ ਤਸਦੀਕ ਕੀਤਾ ਤੇ ਸਾਨੂੰ ਪੁਰਾਣਾ ਤਲਾ ਤੇ ਪੂਰਿਆ ਹੋਇਆ ਖੂਹ ਵਖਾਏ ਗਏ। ਇਕ ਨੱਬੇ ਕੁ ਵਰ੍ਹਿਆਂ ਦੇ ਬਰ੍ਹਮੀ ਬਜ਼ੁਰਗ ਨੇ ਵੀ ਤਸਦੀਕ ਕੀਤਾ ਕਿ ਉਸ ਦੇ ਸੁਣੇ ਮੁਤਾਬਕ ਏਥੇ ਕੈਦਖਾਨਾ ਸੀ। ਉਸ ਵਿਚ ਸਾਡੇ ਵਰਗੇ (ਨਾਮਧਾਰੀ) ਕਪੜਿਆਂ ਵਾਲੇ ਕੈਦੀ ਰੱਖੇ ਗਏ ਹਨ। ਇਕ ਹੋਰ ਵਿਅਕਤੀ ਨੂੰ ਇਹ ਪੁਛਣ ਲਈ ਸੱਦਿਆ ਗਿਆ ਕਿ ਉਹ ਕਿਤੇ ਸੂਬਾ ਲੱਖਾ ਸਿੰਘ, ਜਿਸ ਨੇ ਓਧਰ ਵਿਆਹ ਕਰਵਾ ਲਿਆ ਸੀ, ਦਾ ਦੋਹਤਰਾ ਤਾਂ ਨਹੀਂ, ਉਸ ਕਿਸੇ ਪੰਜਾਬੀ ਸਿੱਖ ਦੇ ਆਪਣਾ ਨਾਨਾ ਹੋਣ ਬਾਰੇ ਤਾਂ ਦਬੀ ਜ਼ੁਬਾਨ ਆਖਦਾ ਸੀ ਪਰ ਕੋਈ ਹੋਰ ਹੀ ਲਗਦਾ ਸੀ।

ਅਜੀਤ ਸਿੰਘ ਨੂੰ ਇਹ ਥਾਂ ਭਾਲਣਾ, ਸਤਿਗੁਰੂ ਦੀ ਕਰਾਮਾਤ ਲਗਦੀ ਸੀ ਜਿਸ ਨੇ ਢੋ ਢੁਕਾਇਆ ਸੀ।

ਅਸੀਂ ਥਾਂ ਲੱਭ ਕੇ ਖੁਸ਼ੀ ਖੁਸ਼ੀ ਵਾਪਸ ਆ ਰਹੇ ਸਾਂ ਕਿ ਨੇਵੀ ਦੇ ਦੋ ਕਾਰਕੁਨ ਪੁਛ ਪੜਤਾਲ ਕਰਨ ਲੱਗੇ। ਪਰ ਦੁਰੈ ਰਾਜ ਨੇ ਵੇਲਾ ਸੰਭਾਲ ਕੇ ਉਹਨਾਂ ਦੀ ਤਸੱਲੀ ਕਰਵਾ ਦਿੱਤੀ। ਅਸੀਂ ਹੋਟਲ ਦਾ ਹਿਸਾਬ ਕਿਤਾਬ ਕਰ ਕੇ ਸੁਰਿੰਦਰ ਸਿੰਘ ਨੂੰ ਸਭਹਨ ਕੇ ਸਿਰਮੌਰ ਦੇ ਕੇ, ਤਿੰਨ ਕੁ ਵਜੇ ਸ਼ਹਿਰ ਛੱਡਿਆ ਅਤੇ ਰਾਤੀਂ ੧੧ ਕੁ ਵਜੇ ਯਾਂਗੋ ਟਿਕਾਣੇ ਪੁਜੇ। ਸਾਨੂੰ ਦਸਿਆ ਗਿਆ ਕਿ ਸਾਡੀ ਉਪ ਗ੍ਰਹਿ-ਮੰਤਰੀ ਨਾਲ ਮੀਟਿੰਗ ਦੀ ਖ਼ਬਰ ਅਖਬਾਰ ਵਿਚ ਛਪੀ ਹੈ ਤੇ ਟੀ.ਵੀ ਤੇ ਵੀ ਆਈ ਹੈ।

ਅਗਲੇ ਦਿਨ ਹਰਬੰਸ ਸਿੰਘ ਦਾ ਥਾਈਲੈਂਡ ਦਾ ਵੀਜ਼ਾ ਲੁਆ ਕੇ ਸ੍ਰੀਮਤੀ ਤੋਮਰ ਨੂੰ ਤੇ ਆਰਕਾਈਵਜ਼ ਵਿਚ ਸ. ਨਾਹਰ ਸਿੰਘ ਦੀ ਦਸਤਾਵੇਜ਼ ਵਾਲੀ ਪੁਸਤਕ ਦੇ ਕੇ ਫਿਰ ਤੁਰ ਕੇ ਵਾਪਸ ਆ ਪਲਸੇਟੇ ਮਾਰੇ।

੨੩ ਜੂਨ ਸ਼ੁਕਰਵਾਰ ਸਰਕਾਰੀ ਤੌਰ ਤੇ ਵਿਦਾਈ ਤੇ ਧੰਨਵਾਦ ਦਾ ਦਿਨ ਸੀ ਕਿਉਂਕਿ ੨੪ ਜੂਨ ਨੂੰ ਬੈਂਕਾਕ ਦੀਆਂ ਸੀਟਾਂ ਬੁੱਕ ਸਨ। ਅੱਜ ਦੀ ਮਹੱਤਵਪੂਰਨ ਬੈਠਕ ਅਨੁਸਾਰ ਡਾਇਰੈਕਟਰ ਜਨਰਲ ਰਾਜੀਨਤਕ ਵਿਭਾਗ, ਵਿਦੇਸ਼ ਮੰਤਰਾਲਾ ਯਾਂਗੋਂ, ਮਯਾਂਮਾਰ ਊ ਨਿਊਂ ਮੌਂ ਸ਼ੇਯੇ ਨੂੰ ਮਿਲੇ। ਸ੍ਰੀ ਮਤੀ ਤੋਮਰ ਨੇ ਬੜੇ ਸੁਚੱਜੇ, ਢੁਕਵੇਂ, ਭਾਵਪੂਰਤ ਤੇ ਸੀਮਤ ਸ਼ਬਦਾਂ ਵਿਚ ਸਾਡੀ ਸਫਲ ਯਾਤਰਾ ਦਾ ਨਿਚੋੜ ਕੱਢਿਆ ਕਿ ਸੁਹਿਰਦਤਾ ਤੇ ਅਪਣੱਤ ਭਰੇ ਵਾਤਾਵਰਨ ਵਿਚ ਇਕੱਤਰਤਾਵਾਂ ਹੋਈਆਂ ਹਨ, ਨਕਸ਼ੇ ਮਿਲੇ ਹਨ, ਥਾਵਾਂ ਭਾਲ ਲਈਆਂ ਗਈਆਂ ਹਨ। ਟੀਮ ਤਹਿ ਦਿਲੋਂ ਮਯਾਂਮਾਰ ਸਰਕਾਰ ਦੇ ਪੂਰਨ ਸਹਿਯੋਗ ਤੇ ਸਹਾਇਤਾ ਲਈ ਧੰਨਵਾਦੀ ਹੈ।

ਇਹੀ ਅਪਣਤ ਭਰੀ ਬੈਠਕ ਰਾਜਦੂਤ ਸ੍ਰੀ ਸਿਆਮ ਸਰਨ ਨਾਲ ਵੀ ਹੋਈ। ਉਹਨਾਂ ਨੂੰ ਬੇਨਤੀ ਕੀਤੀ ਗਈ ਕਿ ਜਿਵੇਂ ਪਹਿਲਾਂ ਉਚੇਚੀ ਦਿਲਚਸਪੀ ਲੈ ਕੇ ਮਯਾਂਮਾਰ ਸਰਕਾਰ ਨਾਲ ਸੰਵਾਦ ਰਚਾਇਆ ਹੈ ਅਗੇ ਲਈ ਵੀ ਇਹ ਭਾਵਨਾ ਬਣੀ ਰਹੇ। ਉਹਨਾਂ ਭਾਵਨਾ ਬਰਕਰਾਰ ਰਹਿਣ ਤੇ ਵਿਦੇਸ਼ ਮੰਤਰਾਲੇ ਭਾਰਤ ਵਲੋਂ ਜੋ ਵੀ ਕਿਹਾ ਜਾਏਗਾ ਉਸ ਅਨੁਸਾਰ ਕੰਮ ਕਰਨ ਦਾ ਭਰੋਸਾ ਦਿਵਾਇਆ। ਦੂਤਾਵਾਸ ਤੋਂ ਆਪਣੀਆ ਆਰਕਾਈਵ ਵਾਲੀਆਂ ਫਾਈਲਾਂ ਸੰਭਾਲ ਕੇ ਡੇਰੇ ਪੁਜੇ। ਹਰ ਮੀਟਿੰਗ ਜਾਂ ਮਿਲਣੀ ਸਮੇਂ ਸੁਰਿੰਦਰ ਸਿੰਘ ਨਾਮਧਾਰੀ ਨੇ ਮਾਲਾ ਪਾਉਣ, ਪੁਸਤਕਾਂ ਆਦਿ ਦੇਣ ਅਤੇ ਉਹਨਾਂ ਨਾਲ ਗੱਲਬਾਤ ਕਰਨ ਦੀ ਵਾਗਡੋਰ ਅਜੀਤ ਸਿੰਘ ਨਾਮਧਾਰੀ ਨੇ ਸੰਭਾਲੀ ਰੱਖੀ। ਕੋਸ਼ਿਸ਼ ਕੀਤੀ ਗਈ ਕਿ ਹਰ ਮਿਲਣੀ ਦੀ ਫੋਟੋ ਖਿਚਵਾਈ ਜਾਏ।

ਦੁਰੈ ਰਾਜ ਨੇ ਸਿਮਰਨ ਦੀ ਸ਼ਕਤੀ ਦੱਸੀ। ਭਾਰਤ ਬੈਠੇ ਉਸਦੇ ਮਿਤਰਾਂ ਵਰਗੇ ਪੁਰਾਣੇ ਅਫ਼ਸਰ ਨੂੰ ਉਸ ਨੇ ਉਸ ਦੀ ਲੋੜ ਅਨੁਸਾਰ ਡੇਓ ਫਰਿਜ ਦਾ ਕੰਪਰੈਸ਼ਰ ਭੇਜਣਾ ਸੀ, ਪਰ ਕੋਈ ਸਾਧਨ ਨਹੀਂ ਸੀ ਬਣ ਰਿਹਾ। ਕੰਪਨੀ ਜਿਥੋਂ ਫਰਿਜ ਖਰੀਦਿਆ ਸੀ, ਨੇ ਕਿਹਾ ਸੀ ਪੁਰਾਣਾ ਦੇ ਕੇ ਨਵਾਂ ਲੈ ਜਾਓ। ਉਹਨਾਂ ਦਾ ਮੇਨ ਆਫਿਸ ਯਾਂਗੋਂ ਤੋਂ ਪੰਜਾਹ ਮੀਲ ਦੂਰ ਸੀ। ਕਿਸੇ ਹੋਰ ਕੰਪਨੀ ਦਾ ਫਿਟ ਨਹੀਂ ਸੀ ਆਉਂਦਾ। ਪੁਰਾਣਾ ਕੰਪਰੈਸ਼ਰ ਭਾਰਤੋਂ ਮੰਗਵਾਉਣਾ ਮਹਿੰਗਾ ਪੈਣਾ ਸੀ।


Sri Satguru Jagjit Singh Ji eLibrary NamdhariElibrary@gmail.com

ਦਾੜ੍ਹੀ ਨਾਲੋਂ ਮੁੱਛਾਂ ਵਧ ਜਾਣੀਆਂ ਸਨ। ਉਹ ਪ੍ਰੇਸ਼ਾਨ ਸੀ। ਉਸ ਨੇ ਇਕ ਰਾਤ, ਇਕਾਗਰ ਚਿੱਤ ਹੋਕੇ ਸਿਮਰਨ ਕੀਤਾ ਤੇ ਮੰਗ ਮੰਗੀ ਕਿ ਕਿਰਪਾ ਹੋਵੇ ਮੁਸ਼ਕਲ ਹੱਲ ਹੋਵੇ। ਉਸ ਨੇ ਕੰਪਨੀ ਨੂੰ ਫਿਰ ਟੈਲੀਫੋਨ ਉਤੇ ਬੇਨਤੀ ਕੀਤੀ। ਕੰਪਨੀ ਨੇ ਕੰਪਰੈਸ਼ਰ ਭੇਜਣ ਦੀ ਹਾਮੀ ਹੀ ਨਹੀਂ ਭਰੀ, ਸਗੋਂ ਉਹ ਬਿਨਾਂ ਪੈਸੇ ਲਿਆਂ ਯਾਂਗੋਂ ਦੇ ਦਫਤਰ ਭੇਜ ਦਿੱਤਾ ਤੇ ਕਿਹਾ ਉਸ ਦਫਤਰ ਸੰਪਰਕ ਕਰੋ। ਉਹ ਪੁਛਣ ਗਿਆ ਤਾਂ ਉਹਨਾਂ ਨੇ ਬਿਲ ਅਨੁਸਾਰ ਕੀਮਤ ਲੈ ਕੇ ਉਸ ਨੂੰ ਦੇ ਦਿੱਤਾ। ਉਸ ਦੀ ਖੁਸ਼ੀ ਦਾ ਪਾਰਾਵਾਰ ਨਹੀਂ ਸੀ ਕਿਉਂਕਿ ਉਹ ਹੁਣ ਇਕ ਮਿੱਤਰ ਦੇ ਕੰਮ ਆ ਸਕਦਾ ਸੀ। ਉਹ ਮੰਨਦਾ ਹੈ ਇਹ ਸਿਮਰਨ ਕਰਕੇ ਹੀ ਹੋਇਆ ਹੈ।

ਅਸੀਂ ਬਜ਼ਾਰ ਗਏ, ਸ. ਤਜਾ ਸਿੰਘ ਹੁਰਾਂ ਨਾਲ ਵਸਦੇ ਮੀਂਹ ਵਿਚ ਜਾ ਕੇ ਕੁਝ ਚੀਜ਼ਾਂ ਖਰੀਦੀਆਂ।

੨੪ ਜੂਨ ਨੂੰ ਬੰਗਲੇ ਤੇ ਪੁਰਾਣੀ ਜੇਲ੍ਹ ਵਾਲੀ ਥਾਂ ਇਕ ਵਾਰ ਫੇਰ ਤੱਕਣ ਗਏ। ਦੂਰੈ ਰਾਜ ਘਰ ਝਟ ਕੁ ਬੈਠੇ, ਦੁਰਗਾ ਮੰਦਰ, ਮੱਥਾ ਟੇਕਿਆ। ਯਾਂਗੋਂ ਨਦੀ ਉਤੇ ਬਣੇ ੨.੩ ਕਿਲੋਮੀਟਰ ਲੰਮਾ ਪੁਲ ਪਾਰ ਕੀਤਾ ਤੇ ਵਾਪਸ ਆਏ। ਪੁਲ ਉਤੇ ਚੜ੍ਹਨ ਤੇ ਉਤਰਨ ਵੇਲੇ ਦੋਹੀਂ ਪਾਸੀਂ ਮਸੂਲ ਲਿਆ ਗਿਆ। ਵਾਪਸ ਆਏ ਤਾਂ ਚਾਰ ਵਾਰ ਚੁੰਗੀ ਭਰੀ।

ਭੀਮ ਸੈਨ ਮਨੋਚਾ ਨਾਲ ਨਿਘੀ ਮਿਲਣੀ ਕਰ ਹਵਾਈ ਅੱਡੇ ਨੂੰ ਤੁਰੇ। ਉਥੋਂ ਹੀ ਕੁਝ ਅੱਗੇ ੧੯੩੮-੪੫ ਵਿਚ ਸ਼ਹੀਦ ਹੋਣ ਵਾਲੇ ਸਿਪਾਹੀਆਂ ਦਾ ਯੁਧ ਯਾਦਗਾਰ ਸੀ। ਇਸ ਥਾਂ ਉਤੇ ਸਸਕਾਰੇ ਗਏ, ਦੂਜੀ ਵਿਸ਼ਵ ਜੰਗ ਦੇ ਸ਼ਹੀਦ ਅਫਸਰਾਂ ਤੇ ਸਿਪਾਹੀਆਂ ਦੇ ਨਾਵਾਂ ਦੇ ਕਾਲੇ ਪੱਥਰ ਲੱਗੇ ਹੋਏ ਸਨ। ਵੱਖ ਵੱਖ ਤਰ੍ਹਾਂ ਦੇ ਫੁਲ ਬੂਟੇ ਸਨ। ਅੰਦਰ ਪੰਜਾਬੀ ਵਿਚ ਵੀ ਇਬਾਰਤ ਲਿਖੀ ਹੋਈ ਸੀ। ਬਾਹਰ ਵੱਡੇ ਪੱਥਰ ਉਤੇ ਉਕਰਿਆ ਹੋਇਆ ਸੀ—ਉਹਨਾਂ ਦੇ ਨਾਂ ਜੋ ਲੰਮੇ ਸਮੇਂ ਤੱਕ ਯਾਦ ਰਹਿਣ ਵਾਤਾਵਰਨ ਸ਼ਾਂਤ ਸੀ।

ਅਸੀਂ ਭੱਜ ਨੱਸ ਕਰਕੇ ੩.੩੫ ਉੱਤੇ ਹਵਾਈ ਅੱਡੇ ਪਹੁੰਚੇ। ਦੂਰੈ ਰਾਜ ਹੁਰਾਂ ਕਰਕੇ ਸਾਮਾਨ ਤੁਲਵਾਉਣ ਬੋਰਡਿੰਗ ਪਾਸ ਲੈਣ ਵਿਚ ਦੇਰ ਨਾ ਲੱਗੀ। ਉਸ ਦੇ ਜਹਾਜ਼ ਵਿਚ ਸਾਡੇ ਖਾਣ ਲਈ 'ਕੇਵਲ ਫਰੂਟ' ਲਿਖਵਾਉਣ ਦਾ ਲਾਭ ਹਵਾਈ ਜਹਾਜ਼ ਵਿਚ ਮਿਲਿਆ, ਅਸੀਂ ਹਵਾਈ ਜਹਾਜ਼ ਵੱਲ ਵਧੇ ਤਾਂ ਬਾਹਰ ਬਰਸਾਤ ਮੋਹਲੇਧਾਰ ਸੀ, ਅੰਦਰੋਂ ਪਿਆਰ ਨਾਲ ਭਿੱਜੇ ਸਾਂ, ਤੇ ਉਸ ਦੀਆਂ ਅੱਖਾਂ ਵਿਚ ਨਮੀ ਸੀ, ਸਭ ਗੰਭੀਰ ਸਨ। ਉਸ ਨਾਲ ਹੱਥ ਮਿਲਾ, ਪਿਆਰ ਗਲਵਕੜੀ ਵਿਚ ਘੁੱਟ, ਯਾਦਾਂ ਦੀ ਪਟਾਰੀ ਵਿਚ ਦੋ ਹਫਤੇ ਸਮੇਟ ਆਪਣੀਆਂ ਸੀਟਾਂ ਮੱਲ ਬੈਠੇ।

ਧਿਆਨ ਕਰਿਆਂ ਮਯਾਂਮਾਰ ਦੇ ਜੀਵਨ ਬਾਰੇ ਯਾਦ ਆਇਆ:—

— ਇਥੇ ਸਰਕਾਰ ਦੇ ਨੇਮਾਂ ਦਾ ਪਾਲਣ ਕਰਨ ਵਾਲੇ ਨੂੰ ਕੋਈ ਔਖ ਨਹੀਂ।
— ਅਫਸਰਾਂ ਹੀ ਨਹੀਂ ਵਜ਼ੀਰਾਂ ਨੇ ਵੀ ਸਾਨੂੰ ਮਾਣ ਸਤਿਕਾਰ ਦਿੱਤਾ।
— ਇਹ ਬਹੁਤਾ ਅਮੀਰ ਦੇਸ਼ ਤਾਂ ਨਹੀਂ ਪਰ ਕਿਤੇ ਮੰਗਤੇ ਨਹੀਂ ਦਿਸੇ।
— ਇਥੋਂ ਦੇ ਵਪਾਰੀਆਂ ਦਸਿਆ ਕਿਤੇ ਰਾਹਜਨੀ ਜਾਂ ਚੋਰੀ ਨਹੀਂ। ਭਾਵੇਂ ਲੱਖਾ ਚੈਟ ਪੋਲੀਥੀਨ ਦੇ ਬੈਗਾਂ ਵਿਚ ਲੈ ਕੇ ਲਗੇ ਫਿਰੋ।
— ਆਬਾਦੀ ਘੱਟ ਹੈ, ਪੜ੍ਹਾਈ ਵੀ ਬਹੁਤੀ ਨਹੀਂ ਹੈ, ਪਰ ਅਨਪੜ੍ਹਤਾ ਨਹੀਂ ਹੈ।
— ਵਾਹੀਕਾਰ ਨੂੰ ਸਰਕਾਰ ਲੋੜ ਅਨੁਸਾਰ ਵਾਹੁਣ ਲਈ ਜ਼ਮੀਨ ਦੇ ਦੇਂਦੀ ਹੈ। ਗ਼ੈਰਕਾਸ਼ਤਕਾਰ ਜ਼ਮੀਨ ਨਹੀਂ ਰੱਖ ਸਕਦੇ।

ਪਤਾ ਨਹੀਂ ਸੋਚਦਿਆਂ ਕਦੋਂ ਘੰਟੇ ਕੁ ਦਾ ਸਫਰ ਮੁੱਕਾ, ਤੇ ਬੈਂਕਾਕ ਆ ਗਿਆ। ਉਤੇ ਉੱਤਰਦਿਆਂ ਵੀਜ਼ੇ ਲੁਆ ਕੇ ਸਮਾਨ ਸੰਭਾਲਕੇ ਦੀਦਾਰ ਸਿੰਘ-ਹਰਮੀਤ ਸਿੰਘ (ਰਾਜਾ ਸੇਠੀ) ਦੀਆਂ ਗੱਡੀਆਂ ਵਿਚ ਬੈਠ ਕੇ ਸੂਬਾ ਗਿਆਨਣ ਦੇ ਘਰ ਆ ਸਤਿ ਸ੍ਰੀ ਅਕਾਲ ਬੁਲਾਈ।

*—ਤਾਰਾ ਸਿੰਘ ਅਨਜਾਣ*

*ਸੰਪਾਦਕ 'ਸਤਿਜੁਗ', ਦਿੱਲੀ*

ਵਰਿਆਮ ਲਈ ਸ਼ੁਭ ਇੱਛਾਵਾਂ :
**ਸ. ਅਜੀਤ ਸਿੰਘ ਨਾਮਧਾਰੀ**
**ਨਾਮਧਾਰੀ ਬ੍ਰਦਰਜ**
ਡਾਲਟਨਗੰਜ (ਬਿਹਾਰ)
**Namdhari Brothers**
Dalton Ganj (Bihar)
Prop. S. Ajit Singh Namdhari



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

***BBL Foods Pvt. LTD.***

*Santosh nagar (X) Roads, Hyderabad-500 059 India*

Ph.:— +91-40-4530680, 82,84

Fax:— +91-40-4530475

*E-mail: amber @hd1. vsnl. net. in*

**Balvinder Pal Singh**
*Manging Director*

**Lakhbir Singh Muchhal** *Director*

**Bakhshish Singh Muchhal** *Director*





Sri Satguru Jagjit Singh Ji eLibrary NamdhariElibrary@gmail.com

## ਅਨਮੋਲ ਬਚਨ

❒ ਸਭ ਪ੍ਰਕਾਰ ਦੀਆਂ ਸ਼ੁਧੀਆਂ ਵਿਚੋਂ ਧਨ ਦੀ ਸ਼ੁੱਧੀ ਸ੍ਰੇਸ਼ਟ ਮੰਨੀ ਜਾਂਦੀ ਹੈ।

ਭਾਵ—ਜੋ ਧਰਮ ਪੂਰਬਕ ਧਨ ਕਮਾਉਂਦਾ ਹੈ ਉਹ ਸ਼ੁੱਧ ਹੈ ਜੋ ਮਿੱਟੀ ਅਤੇ ਪਾਣੀ ਨਾਲ ਸ਼ੁਧ ਹੈ, ਉਹ ਅਸਲ ਵਿਚ ਸ਼ੁੱਧ ਨਹੀਂ, ਸਗੋਂ ਇਮਾਨਦਾਰੀ ਨਾਲ ਧਨ ਕਮਾਉਣ ਵਾਲਾ ਹੀ ਸ਼ੁੱਧ ਮੰਨਿਆ ਜਾਂਦਾ ਹੈ।

*—ਮਨੂ, 'ਮਨੂ ਸਿਮ੍ਰਿਤੀ'*

❒ ਜੋ ਆਦਮੀ ਕਿਸੇ ਦੇ ਦਿਲ ਵਿਚ ਵਸ ਗਿਆ ਹੋਵੇ
ਉਹ ਦੂਰ ਰਹਿੰਦਿਆਂ ਵੀ ਦੂਰ ਨਹੀਂ
ਪਰ ਜੋ ਦਿਲਾਂ 'ਚ ਨਹੀਂ
ਉਹ ਨੇੜੇ ਰਹਿੰਦਿਆਂ ਵੀ ਦੂਰ ਹੈ

*—ਚਾਣਕਯ, 'ਚਾਣਕਯ ਨੀਤੀ'*

❒ ਦੁਨੀਆ ਵਿਚ ਗਊ ਬਣਨ ਨਾਲ ਕੰਮ ਨਹੀਂ ਚਲਦਾ। ਜਿਤਨਾ ਡਰੋ, ਉਤਨਾ ਹੀ ਲੋਕ ਡਰਾਉਂਦੇ ਹਨ।

*—ਪ੍ਰੇਮ ਚੰਦ*

❒ ਇਕ ਮੂਰਖ ਵਿਅਕਤੀ ਧਨ ਕਮਾ ਸਕਦਾ ਹੈ ਪ੍ਰੰਤੂ ਇਸਨੂੰ ਖਰਚ ਕੇਵਲ ਇਕ ਸਿਆਣਾ ਮਨੁੱਖ ਹੀ ਕਰ ਸਕਦਾ ਹੈ।

*—ਫਰਾਂਸੀਸੀ ਕਹਾਵਤ*

❒ ਪ੍ਰਸਿੱਧ ਹੋਣ ਦੀ ਬਜਾਏ ਇਮਾਨਦਾਰ ਹੋਣਾ ਜ਼ਿਆਦਾ ਚੰਗਾ ਹੈ।

*—ਥਿਓਡੋਰ ਰੂਜ਼ਵੈਲਟ*

❒ ਜਦੋਂ ਅਸਲੀ ਬਦਲਾ ਲੈਂਦੇ ਹਾਂ ਤਾਂ ਆਪਣੇ ਦੁਸ਼ਮਣ ਦੇ ਬਰਾਬਰ ਆ ਜਾਂਦੇ ਹਾਂ, ਪਰ ਜਦੋਂ ਅਸੀਂ ਬਦਲੇ ਦੀ ਭਾਵਨਾ ਤੋਂ ਉਪਰ ਉਠ ਜਾਂਦੇ ਹਾਂ ਤਾਂ ਆਪਣੇ ਵਿਰੋਧੀ ਨਾਲੋਂ ਵੱਡੇ ਹੋ ਜਾਂਦੇ ਹਾਂ।

*—ਫਰਾਂਸਿਸ ਬੇਕਨ*

## ਪ੍ਰਤੀਕਿਰਿਆ

ਅਖੀਰ ਮਜ਼ਬੂਰ ਕਰ ਹੀ ਦਿੱਤਾ, ਸਾਨੂੰ ਚਿੱਠੀ ਪਾਉਣ ਲਈ, ਤੁਹਾਡੇ 'ਸੁਰਿੰਦਰ ਸੁਮਨ ਨੂੰ ਯਾਦ ਕਰਦਿਆਂ' ਲਿਖਣ ਨੇ। ਤੁਸਾਂ ਲਿਖਿਆ, 'ਕਿਸੇ ਦੱਸਿਆ ਸੁਮਨ ਮਰ ਗਿਆ।' ਭਲਾ, ਐਹੋ ਜਿਹੀਆਂ ਸ਼ਖਸੀਅਤਾਂ ਕਦੇ ਮਰਦੀਆਂ ਨੇ? ਇਹ ਤਾਂ ਫੇਰ ਆਪਣੇ ਪਿੱਛੇ ਅਨੇਕਾਂ ਯਾਦਾਂ ਦੇ ਨਾਲ-ਨਾਲ ਰਿਕਾਰਡਡ ਕੈਸੇਟਸ ਛੱਡ ਗਏ ਨੇ। ਨਾਲੇ, ਹੁਣ ਤੁਸਾਂ ਇਹਨੂੰ ਕਿੱਥੇ ਮਰਨ ਦੇਣਾ ਹੈ? ਕਿਉਂਕਿ ਇਹਨਾਂ ਬਾਰੇ ਤੁਸਾਂ ਸੱਚ ਹੀ ਏਨਾ ਲਿਖ ਛੱਡਿਆ ਹੈ ਕਿ ਇਹ ਮਰ ਹੀ ਨਹੀਂ ਸਕਦੇ।

ਕਹਿੰਦੇ ਨੇ ਜੀ—ਸੱਚ ਅਮਰ ਹੁੰਦਾ ਹੈ।

ਜਦੋਂ ਬਿਮਾਰੀ ਤੋਂ ਪਹਿਲਾਂ ਇਸ ਅੱਸੂ ਦੇ ਮੇਲੇ ਤੇ ਸੁਮਨ ਜੀ ਆਏ ਸੀ ਤਾਂ ਸਾਨੂੰ ਕਾਫੀ ਦਿਨ ਤੇ ਖੁੱਲ੍ਹਾ ਸਮਾਂ ਉਹਨਾਂ ਕੋਲ ਬੈਠਣ ਦਾ ਮੌਕਾ ਮਿਲਿਆ। ਜੋ ਕੁਝ ਤੁਸਾਂ ਲਿਖਿਆ ਏਹੋ ਜਿਹਾ ਬਹੁਤ ਕੁਝ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਵਿਚ ਉਹਨਾਂ ਨਾਲ ਵਾਪਰਦਾ। ਇਕ ਦਿਨ ਨਾਮਧਾਰੀ ਇਤਿਹਾਸਕ ਗੀਤਾਂ ਸੰਬੰਧੀ ਗੱਲ ਚੱਲੀ ਤਾਂ ਉਹ ਪੰਜਾਬੀ ਗੀਤਾਂ ਦੇ ਡਿੱਗਦੇ ਸਤਰ ਤੋਂ ਕਾਫੀ ਚਿੰਤਤ ਜਾਪੇ ਤੇ ਉਹਨਾਂ ਸਾਨੂੰ ਕਿਹਾ, "ਤੁਸੀਂ ਮੈਨੂੰ ਨਾਮਧਾਰੀ ਇਤਿਹਾਸਕ ਗੀਤਾਂ ਤੇ ਗ਼ਜ਼ਲਾਂ ਦੀਆਂ ਕਿਤਾਬਾਂ ਭੇਜਿਓ, ਮੈਂ ਅਗਲੇ ਅੱਸੂ ਦੇ ਮੇਲੇ ਤੋਂ ਪਹਿਲਾਂ ਇਸ ਸੰਬੰਧੀ ਕੈਸੇਟਸ ਰਿਲੀਜ਼ ਕਰਵਾਉਣੀਆਂ ਹਨ।" ਸਾਨੂੰ ਅਫ਼ਸੋਸ ਹੈ ਕਿ ਅਸੀਂ ਇੱਕ ਚੰਗੇ ਸੰਗੀਤਕਾਰ ਦੀਆਂ ਧੁਨਾਂ ਦੀ ਗੂੰਜ ਸੁਨਣ ਤੋਂ ਵਾਂਝੇ ਰਹਿ ਗਏ ਹਾਂ। ਉਹਨੂੰ ਕੀ ਪਤਾ ਸੀ? ਅਗਲਾ ਮੇਲਾ ਕਿਤੇ ਹੋਰ ਵੇਖਣਾ ਹੈ। ਉਸ ਦੀ ਇਹ ਇੱਛਾ ਵੀ ਦੂਸਰੇ ਵਿਆਹ ਵਾਂਗ ਪੂਰੀ ਨਾ ਹੋ ਸਕੀ।

ਆਪ ਜੀ ਨੇ 'ਵਰਿਆਮ' ਵਿਚ ਸੰਗੀਤ ਨੂੰ ਵਿਸ਼ੇਸ਼ ਥਾਂ ਦਿੱਤੀ ਹੋਈ ਹੈ। ਵੈਸੇ ਤਾਂ ਕਿਸੇ ਵੀ ਮੈਗਜ਼ੀਨ ਜਾਂ ਅਖ਼ਬਾਰ ਵਿਚ ਕਿਸੇ ਨਾਮਧਾਰੀ ਵਿਸ਼ੇ ਜਾਂ ਕਿਸੇ ਪ੍ਰੋਗਰਾਮ ਦੀ ਰਿਪੋਰਟ ਵਿਚ ਕੀਰਤਨ ਦੇ ਨਾਮ ਤੇ ਤਾਂ ਸੰਗੀਤ ਸੰਬੰਧੀ ਪੜ੍ਹਨ ਨੂੰ ਮਿਲ ਹੀ ਜਾਂਦਾ ਹੈ। ਪਰ ਵਰਿਆਮ ਵਿਚ ਇਸ ਤੋਂ ਬਿਨਾਂ ਵੀ ਸੰਗੀਤ ਦੀ ਵੱਖਰੀ ਥਾਂ ਹੈ।

ਇਸ ਵਾਰ ਸ੍ਰੀ ਵਰਿੰਦਰ ਕੁਮਾਰ ਜੀ ਦੁਆਰਾ 'ਗੌਰੀਪੁਰ ਘਰਾਣੇ ਦਾ ਸੰਖੇਪ ਇਤਿਹਾਸ' ਪੜ੍ਹਿਆ, ਜੋ ਕਿ ੧੦+੨ ਤੋਂ


Sri Satguru Jagjit Singh Ji eLibrary NamdhariElibrary@gmail.com

ਲੈ ਕੇ ਐਮ.ਏ.ਤੱਕ ਦੇ ਸੰਗੀਤ ਵਿਦਿਆਰਥੀਆਂ ਲਈ ਸਿੱਖਿਆ ਭਰਪੂਰ ਹੈ।

ਇਸ ਤੋਂ ਬਿਨਾਂ ਆਪ ਜੀ ਨੇ ਸੁਰਿੰਦਰ ਸੁਮਨ ਬਾਰੇ ਜੋ ਲਿਖਿਆ, ਇਸ ਦੀ ਸਾਹਿਤਕ ਮਹੱਤਤਾ ਤਾਂ ਹੈ ਈ, ਫਿਰ ਵੀ ਇੱਕ ਸੰਗੀਤਕਾਰ ਦਾ ਜੀਵਨ ਲਿਖ ਕੇ ਫਿਰ ਤੋਂ 'ਵਰਿਆਮ' ਨੂੰ ਸੰਗੀਤ ਨਾਲ ਹੀ ਜੋੜਿਆ।

ਆਸ ਹੈ ਕਿ ਅੱਗੇ ਤੋਂ ਵੀ ਅਜਿਹੀ ਮਨੋਰੰਜਕ ਤੇ ਗਿਆਨ ਵਰਧਕ ਸਮੱਗਰੀ ਪੜ੍ਹਨ ਨੂੰ ਮਿਲਦੀ ਰਹੇਗੀ। ਵੈਸੇ ਜੇ ਨਾ ਵੀ ਆਖੀਏ ਤਾਂ ਵੀ ਤੁਸੀਂ ਸੰਗੀਤ ਸੰਬੰਧੀ ਛਾਪਣੋਂ ਰੁਕ ਨਹੀਂ ਸਕਦੇ। ਕਿਉਂ ਕਿ ਸਾਨੂੰ ਪਤਾ ਹੈ ਕਿ ਤੁਹਾਨੂੰ ਸੰਗੀਤ ਦੀ ਸ਼ਿਕਾਇਤ ਹੈ।

ਜੇ ਡਾਕਟਰ ਅਜਮੇਰ ਸਿੰਘ ਪੰਜ ਦਿਨ ਲਈ ਕਲੀਨਿਕ ਬੰਦ ਕਰਕੇ ਸੰਗੀਤ ਸੰਮੇਲਨ ਤੇ ਜੰਮੂ ਜਾ ਸਕਦੇ ਹਨ ਤਾਂ ਤੁਸੀਂ ਕਿਵੇਂ ਲਿਖਣੋਂ ਰੁਕ ਸਕਦੇ ਹੋ? ਤੁਹਾਡਾ ਤੇ ਭਲਾ ਕੰਮ ਹੀ ਲਿਖਣਾ ਹੈ।

*—ਗੁਰਦਿੱਤ ਸਿੰਘ, ਕੁਲਬੀਰ ਸਿੰਘ*

*ਸ੍ਰੀ ਭੈਣੀ ਸਾਹਿਬ*

---

ਜੁਲਾਈ ਵਰਿਆਮ ਅੰਕ ਪ੍ਰਾਪਤ ਹੋਇਆ। ਜਿਸ ਵਿਚ ਇਕ ਮਾੜੀ ਖ਼ਬਰ ਸੀ। ਸੁਰਿੰਦਰ ਸਿੰਘ ਸੁਮਨ ਮਰ ਗਿਆ ਏ। ਹਾਏ ਵਿਚਾਰਾ, ਇਤਨਾ ਗੁਣਵਾਨ ਉਸਦੀ ਆਵਾਜ਼ ਪੱਥਰ ਚੀਰ ਸਕਦੀ ਸੀ। ਜਿਨ੍ਹਾਂ ਦੇ ਦਿਲ ਕਦੀ ਨਹੀਂ ਧੜਕਦੇ ਉਹ ਵੀ ਆਵਾਜ਼ ਨੂੰ ਸੁਣ ਕੇ ਧੜਕਨਾ ਸ਼ੁਰੂ ਹੋ ਜਾਂਦੇ ਸਨ। ਇੰਨਾ ਗੁਣਵਾਨ.... ਪਰ ਵਿਚਾਰੇ ਦੀ ਕਿਸਮਤ। ਭੋਲੇਪਨ ਦੀ ਬਿਮਾਰੀ ਉਸਨੂੰ ਦੁਨੀਆਂ ਵਿਚ ਮਾਰ ਪਵਾਉਂਦੀ ਰਹੀ। ਜਿਸ ਤਰ੍ਹਾਂ ਹਰ ਕੋਈ ਇਨਸਾਨ ਪ੍ਰਮਾਤਮਾ ਵਲੋਂ ਦਿੱਤੀ ਦਾਤ ਲੈ ਕੇ ਆਉਂਦਾ ਏ ਉਸਦੇ ਹੁਕਮ ਨਾਲ ਇਸ ਦੁਨੀਆਂ ਵਿਚ ਵਿਚਰਕੇ ਤੁਰ ਜਾਂਦਾ ਏ, ਉਸੇ ਤਰ੍ਹਾਂ ਸੁਮਨ ਵੀ ਚਲਾ ਗਿਆ। ਜਿਥੇ ਅਸਾਂ ਸਭਨਾਂ ਨੇ ਜਾਣਾ ਏ। ਪਰ ਧਿਆਨ ਰਹੇ ਕਿ ਗੁਣ ਦੀ ਪ੍ਰਾਪਤੀ ਵਾਸਤੇ ਦੂਜੇ ਇਨਸਾਨ ਦੀ ਕਦਰ ਕਰਨੀ ਮਾਨਵ ਦਾ ਫ਼ਰਜ਼ ਬਣਦਾ ਏ। ਜਿਵੇਂ ਰਾਵਣ ਭਾਵੇਂ ਰਾਮ ਨਾਲ ਕਦੀ ਵੀ ਨਹੀਂ ਸੀ ਸਹਿਮਤ, ਪਰ ਜਦ ਰਾਵਣ ਮਰਨ ਲੱਗਿਆ ਤਾਂ ਸ੍ਰੀ ਰਾਮ ਨੇ ਲਕਸ਼ਮਣ ਨੂੰ ਆਖਿਆ ਸੀ—ਜਾਹ ਇਸ ਦੇ ਆਖਰੀ ਟਾਈਮ ਤੇ ਇਸ ਕੋਲੋਂ ਕੋਈ ਚੰਗੀ ਗੱਲ ਸਿੱਖ ਆ, ਕੋਈ ਗੁਣ ਲੈ ਆ। ਲਕਸ਼ਮਣ ਜਦ ਗਏ ਤਾਂ ਜਾ ਕੇ ਸਿਰਹਾਣੇ ਖੜ੍ਹੇ ਹੋ ਗਏ। ਅੱਗੋਂ ਰਾਵਣ ਬੋਲਿਆ ਹੀ ਨਾ। ਫਿਰ ਰਾਮ ਜੀ ਦੇ ਕਹਿਣ ਤੇ ਜਾਕੇ ਰਾਵਣ ਦੇ ਪੈਰਾਂ ਵੱਲ ਖੜ੍ਹੇ ਤਾਂ ਰਾਵਣ ਨੇ ਆਖਿਆ "ਅੱਜ ਦਾ ਕੰਮ ਕਦੀ ਕੱਲ੍ਹ ਤੇ ਨਾ ਛੱਡੋ" (ਭਾਵ ਗੁਣਵਾਨ ਵਿਅਕਤੀ ਨਾਲ ਉਸਦੇ ਗੁਣਾਂ ਨੂੰ ਕਦੀ ਨਾ ਦਫਨਾਓ)। ਸਾਡੇ ਵਿਚੋਂ ਅਨਗਿਣਤ ਗੁਣਵਾਨ ਲੋਕੀਂ ਚਲੇ ਜਾ ਰਹੇ ਨੇ। ਅਸੀਂ ਆਪਣੇ ਅਹੰਕਾਰਵਸ ਆਪਣੇ ਆਪ ਨੂੰ ਸਿਆਣਪਵਸ ਕਿਸੇ ਅੱਗੇ ਨੀਵਾਂ ਹੋ ਕੇ ਗੁਣ ਲੈਣ ਤੋਂ ਅਸਮਰਥ ਹਾਂ। ਪਤਾ ਨਹੀਂ ਕਿੰਨੇ ਸੁਮਨ ਗੁਮਨਾਮੀ ਦੇ ਅੰਧੇਰੇ ਵਿਚ ਜੀਵਨ ਬਿਤਾ ਕੇ ਮਰ ਜਾਂਦੇ ਹਨ। ਬਸ......।

---

ਅਗਸਤ ਅੰਕ ਵਿਚ ਫਿਰ ਇਕ ਹੀਰਾ ਪੰਥ ਹੱਥੋਂ ਚਲੇ ਜਾਣ ਦੀ ਖ਼ਬਰ ਪੜ੍ਹ ਕੇ ਮਨ ਇਹ ਸੋਚਣ ਵਾਸਤੇ ਮਜ਼ਬੂਰ ਹੋ ਗਿਆ ਕਿ ਲਾਲ ਗੁਆਚ ਜਾਣੇ ਬਹੁਤ ਵੱਡੀ ਦੁੱਖ ਦੀ ਗੱਲ ਹੁੰਦੀ ਏ, ਪਰ ਅੱਗੋਂ ਫਿਰ ਕੋਈ ਹੀਰਾ ਗੁਰਚੈਨ ਸਿੰਘ ਵਰਗਾ ਤਿਆਰ ਹੋ ਜਾਵੇ ਤਾਂ ਆਦਮੀ ਹੁਕਮ ਰਜ਼ਾਈ ਚਲਣਾ ਮੰਨ ਜਾਂਦੇ ਏ ਸੌਖਾ ਈ, ਭਾਵੇਂ ਰਜ਼ਾ ਤਾਂ ਸਾਨੂੰ ਮੰਨਣੀ ਈ ਪੈਂਦੀ ਏ। ਪਰ ਗੁਰਚੈਨ ਸਿੰਘ ਹੁਰਾਂ ਰਜ਼ਾ ਦਾ ਅਚਾਨਕ ਚਲੇ ਜਾਣਾ ਬਹੁਤ ਈ ਵੱਡੀ ਘਟਨਾ ਲੱਗ ਰਹੀ ਏ। ਉਹਨਾਂ ਦੀ ਜੀਵਨੀ ਪੜ੍ਹ ਕੇ ਬੰਦੇ ਨੂੰ ਸੁਚੱਜਾ ਬਣਨ ਵਾਸਤੇ ਪ੍ਰੇਰਨਾ ਮਿਲਦੀ ਏ। ਕਾਸ਼! ਅਸੀਂ ਸਭ ਉਹੀਓ ਜਹੇ ਬਣ ਸਕੀਏ ਗੁਰੂ ਚਰਨਾਂ ਦੇ ਭੌਰੇ। ਦੁਨੀਆਂ ਵਿਚ ਆਏ ਸਭ ਨੇ ਜਾਣਾ ਏ, ਪਰ ਨੇਕ ਕਮਾਈ ਕਰਕੇ ਜਾਣ ਵਾਲੇ ਵਿਰਲੇ ਹਨ। ਸੋ ਅਸੀਂ ਗੁਰਚੈਨ ਸਿੰਘ ਜੀ ਦੇ ਅਚਾਨਕ ਜਾਣ ਤੇ ਉਹਨਾਂ ਦੇ ਪਰਿਵਾਰ ਨਾਲ ਦਿਲੋਂ ਆਪਣੀ ਹਮਦਰਦੀ ਪ੍ਰਗਟ ਕਰਦੇ ਹਾਂ।

ਅਗਸਤ ਅੰਕ ਵਿਚ ਕ੍ਰਿਸ਼ਨ ਲਾਲ ਪ੍ਰਵਾਨਾ ਹੁਰਾਂ ਦਾ ਲਿਖਿਆ "ਪਰ ਪਿੰਡ ਓਹੀ ਏ" ਬਹੁਤ ਚੰਗਾ ਲੱਗਾ ਏ। ਪਿੰਡ ਨੂੰ ਕਿਵੇਂ ਚਿਤਿਵਿਆ ਪਹਿਲਾਂ ਦਾ ਤੇ ਹੁਣ ਦਾ ਪਿੰਡ, ਕਿਯਾ ਬਾਤਾਂ! ਰਤਨ ਸਿੰਘ ਹੁਰਾਂ ਦਾ ਮੈਨੂੰ ਅਜੇ ਵੀ ਯਾਦ ਏ, ਬਹੁਤ ਵਧੀਆ ਸੀ। ਰਤਨ ਸਿੰਘ ਰਤੀ ਹੁਰਾਂ ਦੇ ਦੋਹੇ ਵੀ ਬਹੁਤ ਵਧੀਆ ਸਨ। ਬਾਕੀ ਵਰਿਆਮ ਅੰਕ ਅਜੇ ਪੜ੍ਹਨਾ ਏ ਪਰ ਚਿੱਠੀ ਇਸ ਵਾਰੀ ਜਲਦੀ ਪਾ ਦਿੱਤੀ ਏ।

*—ਸਿੰਦਰ ਕੌਰ, ਦਿਲੀ*


Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

**OPP. INDUSTRIAL ESTATE,
JAMMU CANTT.**



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਬਜ਼ਾਰ ਨਾਲੋਂ ਸਸਤਾਂ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

(ਟਿੰਬਰ ਮਰਚੈਂਟਸ)

**Dalip Singh Puran Singh Saggu**
*(Timber Merchants)*
ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

**JANTA**
**HYDRAULIC PRESSES**



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

**ਹਜ਼ੂਰ ਸਿੰਘ ਐਂਡ ਸਨਜ਼**

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*



Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

**Registered No. PB/1017/2000** **MONTHLY WARIAM** Ladowali Road, Jalandhar-144 001
Registered with the Registrar of News Papers for India No. 26453/75 **SEP-2000**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI-110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, [illegible]

Sri Satguru Jagjit Singh Ji eLibrary NamdhariElibrary@gmail.com